@Qpatrika
@qaumipatrika punjabi
instagram.com/ qaumipatrika
Largest Circulated
C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Tuesday, 12 May 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 12 ਮਈ 2026, 29 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 187, qpatrika@gmail.com ਫੋਨ : 9971359517 www.qaumipatrika.org

## ਯਮੁਨੋਤਰੀ ਮਾਰਗ 'ਤੇ ਦਿਲ ਦਾ ਦੌਰਾ ਪੈਣ ਨਾਲ ਬਜ਼ੁਰਗ ਤੀਰਥ ਯਾਤਰੀ ਦੀ ਮੌਤ

ਉੱਤਰਕਾਸ਼ੀ 11 ਮਈ। ਉੱਤਰਾਖੰਡ ਦੇ ਉਤਰਕਾਸ਼ੀ ਜ਼ਿਲ੍ਹੇ 'ਚ ਯਮੁਨੋਤਰੀ ਯਾਤਰਾ ਮਾਰਗ 'ਤੇ ਦਿਲ ਦਾ ਦੌਰਾ ਪੈਣ ਨਾਲ ਤਾਮਿਲਨਾਡੂ ਦੇ ਇਕ ਬਜ਼ੁਰਗ ਤੀਰਥ ਯਾਤਰੀ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਅਨੁਸਾਰ, ਮ੍ਰਿਤਕ ਦੀ ਪਛਾਣ ਸ਼ੰਭੂ ਕੇਵਲ (82) ਵਜੋਂ ਹੋਈ ਹੈ। ਉਹ ਸ਼ਨੀਵਾਰ ਨੂੰ ਯਮੁਨੋਤਰੀ ਧਾਮ ਤੋਂ ਦਰਸ਼ਨ ਕਰ ਕੇ ਵਾਪਸ ਪਰਤ ਰਹੇ ਸਨ, ਉਦੋਂ ਕੈਂਚੀ ਖੇਤਰ ਕੋਲ ਉਨ੍ਹਾਂ ਨੇ ਛਾਤੀ 'ਚ ਦਰਦ ਅਤੇ ਬੇਚੈਨੀ ਦੀ ਸ਼ਿਕਾਇਤ ਕੀਤੀ। ਇਸ ਤੋਂ ਬਾਅਦ ਉਹ ਯਾਤਰਾ ਮਾਰਗ 'ਤੇ ਹੀ ਡਿੱਗ ਗਏ। ਪੁਲਸ ਅਤੇ ਬਚਾਅ ਦਲ ਦੇ ਕਰਮਚਾਰੀਆਂ ਨੇ ਉਨ੍ਹਾਂ ਨੂੰ ਮੁੱਢਲੇ ਇਲਾਜ ਤੋਂ ਬਾਅਦ ਜਾਨਕੀ ਚੱਟੀ ਸਿਹਤ ਕੇਂਦਰ ਪਹੁੰਚਾਇਆ। ਅਧਿਕਾਰੀਆਂ ਨੇ ਦੱਸਿਆ ਕਿ ਸਿਹਤ ਕੇਂਦਰ 'ਚ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸਿਹਤ ਕੇਂਦਰ ਦੇ ਇੰਚਾਰਜ ਡਾ.ਅਖਿਲ ਰਾਣਾ ਨੇ ਦੱਸਿਆ ਕਿ ਤੀਰਥ ਯਾਤਰੀ ਨੂੰ ਯਮੁਨੋਤਰੀ ਧਾਮ ਤੋਂ ਵਾਪਸੀ ਦੌਰਾਨ ਦਿਲ ਦਾ ਦੌਰਾ ਪਿਆ ਸੀ।

## ਯੋਗੇਂਦਰ ਉਪਾਧਿਆਏ ਨੇ ਕੇਂਦਰੀ ਮੰਤਰੀ ਨੂੰ ਲਿਖ'ਤੀ ਚਿੱਠੀ

ਨੈਸ਼ਨਲ ਡੈਸਕ 11 ਮਈ। ਉੱਤਰ ਪ੍ਰਦੇਸ਼ ਦੇ ਸਿੱਖਿਆ ਮੰਤਰੀ ਯੋਗਿੰਦਰ ਉਪਾਧਿਆਏ ਨੇ ਨਰਸਰੀ ਦੀਆਂ ਮਸ਼ਹੂਰ ਅੰਗਰੇਜ਼ੀ ਕਵਿਤਾਵਾਂ ਨੂੰ ਲੈ ਕੇ ਇੱਕ ਨਵਾਂ ਵਿਵਾਦ ਛੇੜ ਦਿੱਤਾ ਹੈ। ਮੰਤਰੀ ਨੇ ਦਾਅਵਾ ਕੀਤਾ ਹੈ ਕਿ ਇਹ ਕਵਿਤਾਵਾਂ ਬੱਚਿਆਂ ਦੇਦਿਮਾਗ 'ਤੇ ਬੁਰਾ ਅਸਰ ਪਾ ਰਹੀਆਂ ਹਨ ਅਤੇ ਇਨ੍ਹਾਂ ਨੂੰ ਸਿਲੇਬਸ 'ਚੋਂ ਤੁਰੰਤ ਹਟਾ ਦੇਣਾ ਚਾਹੀਦਾ ਹੈ। ਮੰਤਰੀ ਉਪਾਧਿਆਏ ਨੇ ਮੁੱਖ ਤੌਰ 'ਤੇ ਦੋ ਕਵਿਤਾਵਾਂ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ 'ਜੌਨੀ ਜੌਨੀ ਯੈੱਸ ਪਾਪਾ' ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਝੂਠ ਬੋਲਣਾ ਅਤੇ ਚੋਰੀ-ਛਿਪੇ ਮਿੱਠਾ ਖਾਣਾ ਸਿਖਾਉਂਦੀ ਹੈ। ਉਨ੍ਹਾਂ ਕਿਹਾ



ਕਿ ਇਹ ਸੰਸਕਾਰਾਂ ਦੇ ਵਿਰੁੱਧ ਹੈ, ਜਦਕਿ ਇਕ ਹੋਰ ਕਵਿਤਾ 'ਰੇਨ ਰੇਨ ਗੋ ਅਵੇ' ਬਾਰੇ ਉਨ੍ਹਾਂ ਦਾ ਤਰਕ ਹੈ ਕਿ ਇਹ ਬੱਚਿਆਂ ਨੂੰ ਸਵਾਰਥੀ ਬਣਾਉਂਦੀ ਹੈ। ਜਦੋਂ ਬੱਚਾ ਕਹਿੰਦਾ ਹੈ ਕਿ ਰੇਨ-ਰੇਨ ਗੋ ਅਵੇ, ਫੈਮਿਲੀ ਵਾਂਟਸ ਟੂ ਪਲੇ, ਤਾਂ ਇਹ ਭਾਰਤੀ ਪਰੰਪਰਾ ਦੇ ਉਲਟ ਹੈ, ਕਿਉਂਕਿ ਮੀਂਹ ਕਿਸਾਨਾਂ ਅਤੇ ਕੁਦਰਤ ਲਈ ਬੇਹੱਦ ਜ਼ਰੂਰੀ ਹੈ। ਯੋਗਿੰਦਰ ਉਪਾਧਿਆਏ ਨੇ ਐਲਾਨ ਕੀਤਾ ਹੈ ਕਿ ਉਹ ਇਨ੍ਹਾਂ ਕਵਿਤਾਵਾਂ ਨੂੰ ਸਕੂਲੀ ਸਿਲੇਬਸ ਵਿੱਚੋਂ ਹਟਾਉਣ ਲਈ ਕੇਂਦਰੀ ਸਿੱਖਿਆ ਮੰਤਰੀ ਨੂੰ ਰਸਮੀ ਪੱਤਰ ਲਿਖਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪੱਛਮੀ ਸੱਭਿਆਚਾਰ ਦੀਆਂ ਇਹ ਕਵਿਤਾਵਾਂ ਭਾਰਤੀ ਕਦਰਾਂ-ਕੀਮਤਾਂ ਨੂੰ ਖ਼ਤਮ ਕਰ ਰਹੀਆਂ ਹਨ। ਮੰਤਰੀ ਨੇ ਅਧਿਆਪਕਾਂ ਅਤੇ ਸਿਲੇਬਸ ਬਣਾਉਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਕਵਿਤਾਵਾਂ ਅਤੇ ਕਹਾਣੀਆਂ ਤਿਆਰ ਕਰਨ ਜੋ ਬੱਚਿਆਂ ਵਿੱਚ ਦੇਸ਼ ਭਗਤੀ, ਸੱਚਾਈ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ। ਹਾਲਾਂਕਿ ਵਿਰੋਧੀ ਪਾਰਟੀਆਂ ਨੇ ਮੰਤਰੀ ਦੇ ਇਸ ਕਦਮ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਸੂਬਾ ਪੇਪਰ ਲੀਕ, ਬੇਰੁਜ਼ਗਾਰੀ ਅਤੇ ਮਹਿੰਗਾਈ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਤਾਂ ਮੰਤਰੀ ਨਰਸਰੀ ਦੀਆਂ ਕਵਿਤਾਵਾਂ ਨੂੰ ਮੁੱਦਾ ਬਣਾ ਕੇ ਲੋਕਾਂ ਦਾ ਧਿਆਨ ਭਟਕਾ ਰਹੇ ਹਨ।

## ਚਾਰਧਾਮ ਜਾਣ ਵਾਲੇ ਸ਼ਰਧਾਲੂ ਸਾਵਧਾਨ !

ਦੇਹਰਾਦੂਨ 11 ਮਈ। ਮੌਸਮ ਵਿਭਾਗ ਨੇ 12 ਅਤੇ 13 ਮਈ ਨੂੰ ਉੱਤਰਾਖੰਡ ਦੇ ਵੱਖ-ਵੱਖ ਹਿੱਸਿਆਂ, ਖਾਸ ਕਰਕੇ ਪਹਾੜੀ ਖੇਤਰਾਂ ਵਿੱਚ ਮੀਂਹ ਅਤੇ ਪ੍ਰਤੀਕੂਲ ਮੌਸਮ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ ਆਰੇਂਜ ਅਲਰਟ ਜਾਰੀ ਕੀਤਾ ਹੈ। ਇਸ ਦਾ ਨੋਟਿਸ ਲੈਂਦੇ ਹੋਏ ਗੜ੍ਹਵਾਲ ਦੇ ਕਮਿਸ਼ਨਰ ਵਿਨੇ ਸ਼ੰਕਰ ਪਾਂਡੇ ਨੇ ਚਾਰਧਾਮ ਯਾਤਰਾ 'ਤੇ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਮੌਸਮ ਦੀ ਤਾਜ਼ਾ ਜਾਣਕਾਰੀ ਪ੍ਰਾਪਤ ਕਰਨ ਅਤੇ ਪੂਰੀ ਸਾਵਧਾਨੀ ਨਾਲ ਆਪਣੀ ਯਾਤਰਾ ਨੂੰ ਯੋਜਨਾਬੰਦ ਬਣਾਉਣ। ਕਮਿਸ਼ਨਰ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਮੌਸਮ ਦੇ ਹਾਲਾਤ ਨੂੰ ਦੇਖਦੇ ਹੋਏ 12 ਅਤੇ 13 ਮਈ ਲਈ ਆਪਣੀ ਯਾਤਰਾ ਯੋਜਨਾ ਬਣਾਉਂਦੇ ਸਮੇਂ ਵਾਧੂ ਸਾਵਧਾਨੀ ਵਰਤਣ। ਜੇਕਰ ਸੰਭਵ ਹੋਵੇ, ਤਾਂ ਮੌਸਮ ਆਮ ਹੋਣ ਤੋਂ ਬਾਅਦ ਯਾਤਰਾ ਕਰਨਾ ਵਧੇਰੇ ਸੁਵਿਧਾਜਨਕ ਹੋਵੇਗਾ।

# ਦੇਸ਼ ਦੇ ਅਕਸ ਨੂੰ ਢਾਹ ਲਾ ਰਹੀਆਂ ਨੇ 'ਤੁਸ਼ਟੀਕਰਨ' ਵਾਲੀਆਂ ਸ਼ਕਤੀਆਂ: ਪੀਐਮ ਮੋਦੀ ਦਾ ਵੱਡਾ ਖੁਲਾਸਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਸੋਮਨਾਥ 11 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਸੋਮਨਾਥ ਮੰਦਰ ਵਿੱਚ ਮਹਾ ਪੂਜਾ ਅਤੇ ਹੋਰ ਰਸਮਾਂ ਨਿਭਾਈਆਂ। ਇਹ ਰਸਮ ਸੋਮਨਾਥ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ ਕੀਤੀ ਗਈ ਸੀ, ਜੋ ਕਿ ਮੁਰੰਮਤ ਕੀਤੇ ਗਏ ਮੰਦਰ ਦੇ ਉਦਘਾਟਨ ਦੀ 75ਵੀਂ ਵਰ੍ਹੇਗੰਢ ਦੀ ਯਾਦ ਵਿੱਚ ਆਯੋਜਿਤ ਕੀਤੀ ਗਈ ਸੀ। ਪ੍ਰਧਾਨ ਮੰਤਰੀ ਰੋਡ ਸ਼ੋਅ ਤੋਂ ਬਾਅਦ ਭਗਵਾਨ ਸ਼ਿਵ ਨੂੰ ਸਮਰਪਿਤ ਇਸ ਮੰਦਰ ਵਿੱਚ ਦਾਖਲ ਹੋਏ ਅਤੇ ਵੈਦਿਕ ਮੰਤਰਾਂ ਦੇ ਜਾਪ ਵਿਚਕਾਰ ਮਹਾ ਪੂਜਾ ਕੀਤੀ ਅਤੇ ਸ਼ਿਵਲਿੰਗ 'ਤੇ ਜਲ ਚੜ੍ਹਾਇਆ। ਇਸ ਮੌਕੇ ਪੀਐੱਮ ਮੋਦੀ ਨੇ ਕੁੰਭਭਿਸ਼ੇਕਮ ਵੀ ਦੇਖਿਆ, ਜਿਸ ਵਿੱਚ ਦੇਸ਼ ਭਰ ਦੇ ਪ੍ਰਮੁੱਖ ਤੀਰਥ ਸਥਾਨਾਂ ਤੋਂ ਇਕੱਠੇ ਕੀਤੇ ਗਏ ਪਵਿੱਤਰ ਜਲ ਨੂੰ ਕ੍ਰੇਨ ਦੀ ਵਰਤੋਂ ਕਰਕੇ ਮੰਦਰ ਦੇ ਸਿਖਰ 'ਤੇ ਛਿੜਕਿਆ ਗਿਆ। ਪ੍ਰਧਾਨ ਮੰਤਰੀ ਨੇ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਅਤੇ ਉਪ ਮੁੱਖ ਮੰਤਰੀ ਹਰਸ਼ ਸੰਘਵੀ ਨਾਲ ਮੰਦਰ ਦੇ ਉੱਪਰ ਭਾਰਤੀ ਹਵਾਈ ਸੈਨਾ ਦੀ ਸੂਰਿਆਕਿਰਨ ਐਰੋਬੈਟਿਕ ਟੀਮ ਦੁਆਰਾ ਕੀਤੇ ਗਏ ਹਵਾਈ ਪ੍ਰਦਰਸ਼ਨ ਨੂੰ ਦੇਖਿਆ। ਸਵਦੇਸ਼ੀ 'ਧੂੰਏਂ ਦੇ ਪੌਡ' ਦੀ ਵਰਤੋਂ ਕਰਦੇ ਸੂਰਿਆਕਿਰਨ ਟੀਮ ਦੇ ਜਹਾਜ਼ ਨੇ ਭਗਵਾ, ਚਿੱਟਾ ਅਤੇ ਹਰਾ ਧੂੰਆਂ ਛੱਡਿਆ, ਜਿਸ ਨਾਲ ਅਸਮਾਨ ਵਿੱਚ ਤਿਰੰਗੇ ਦਾ ਪੈਟਰਨ ਬਣਿਆ। ਪ੍ਰਧਾਨ ਮੰਤਰੀ ਨੇ ਸਦਭਾਵਨਾ ਮੈਦਾਨ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਕਿਹਾ ਕਿ ਦੇਸ਼ ਦੀਆਂ ਕੁਝ ਤਾਕਤਾਂ ਰਾਸ਼ਟਰੀ ਸਵੈਮਾਣ ਨਾਲੋਂ ਤੁਸ਼ਟੀਕਰਨ ਦੀ ਰਾਜਨੀਤੀ ਨੂੰ ਤਰਜੀਹ ਦਿੰਦੀਆਂ ਰਹਿੰਦੀਆਂ ਹਨ। ਅਯੁੱਧਿਆ ਵਿੱਚ ਰਾਮ ਮੰਦਰ ਦੇ ਨਿਰਮਾਣ ਵਿਰੁੱਧ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਵੀ ਇਸੇ ਤਰ੍ਹਾਂ ਦੀ ਮਾਨਸਿਕਤਾ ਸਪੱਸ਼ਟ ਸੀ। ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ 11 ਮਈ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਦਿਨ



ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਦਾਰ ਵੱਲਭਭਾਈ ਪਟੇਲ ਅਤੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਨੇ ਸੋਮਨਾਥ ਮੰਦਰ ਦੇ ਮੁੜ ਨਿਰਮਾਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਸਨ ਪਰ ਉਨ੍ਹਾਂ ਨੂੰ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੁਨੀਆ ਦੀ ਕੋਈ ਵੀ ਤਾਕਤ ਭਾਰਤ ਨੂੰ ਆਪਣੇ ਅਧੀਨ ਨਹੀਂ ਕਰ ਸਕਦੀ ਜਾਂ ਦਬਾਅ ਅੱਗੇ ਝੁਕਣ ਲਈ ਮਜਬੂਰ (1998 ਵਿੱਚ) ਭਾਰਤ ਨੇ ਪ੍ਰਮਾਣੂ ਪ੍ਰੀਖਣ ਕੀਤੇ ਸਨ। ਪ੍ਰਧਾਨ ਮੰਤਰੀ ਨੇ ਕਿਹਾ, ਦੁਨੀਆ ਭਰ ਵਿੱਚ ਅਣਗਿਣਤ ਉਦਾਹਰਣਾਂ ਹਨ ਜਿੱਥੇ ਵਿਦੇਸ਼ੀ ਹਮਲਾਵਰਾਂ ਨੇ ਰਾਸ਼ਟਰੀ ਪਛਾਣ ਨਾਲ ਜੁੜੇ ਸਥਾਨਾਂ ਨੂੰ ਤਬਾਹ ਕੀਤਾ। ਜਦੋਂ ਵੀ ਲੋਕਾਂ ਨੂੰ ਮੌਕਾ ਮਿਲਿਆ, ਉਨ੍ਹਾਂ ਨੇ ਆਪਣੀ ਵਿਰਾਸਤ ਨੂੰ ਬਹਾਲ ਕੀਤਾ ਅਤੇ ਇਸਦੀ ਸ਼ਾਨ ਨੂੰ ਬਰਕਰਾਰ ਰੱਖਿਆ। ਉਨ੍ਹਾਂ ਕਿਹਾ, ਸਾਡੇ ਦੇਸ਼ ਵਿੱਚ ਰਾਸ਼ਟਰੀ ਸਵੈ-ਮਾਣ ਨਾਲ ਜੁੜੇ ਮੁੱਦਿਆਂ ਦਾ ਰਾਜਨੀਤੀਕਰਨ ਕੀਤਾ ਗਿਆ ਹੈ ਅਤੇ ਸੋਮਨਾਥ ਮੰਦਰ ਇਸਦੀ ਇੱਕ ਪ੍ਰਮੁੱਖ ਉਦਾਹਰਣ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਤੁਸ਼ਟੀਕਰਨ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਤਾਕਤਾਂ ਅਜੇ ਵੀ ਦੇਸ਼ ਵਿੱਚ ਸਰਗਰਮ ਹਨ। ਉਨ੍ਹਾਂ ਕਿਹਾ, ਅਸੀਂ ਰਾਮ ਮੰਦਰ ਦੀ ਉਸਾਰੀ ਦੌਰਾਨ ਵੀ ਇਹੀ ਦੇਖਿਆ, ਕਿਵੇਂ ਇਸਦਾ ਵਿਰੋਧ ਕੀਤਾ ਗਿਆ। ਸਾਨੂੰ ਅਜਿਹੀ ਮਾਨਸਿਕਤਾ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਅਜਿਹੀ ਸੌੜੀ ਰਾਜਨੀਤੀ ਨੂੰ ਪਿੱਛੇ ਛੱਡਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, ਸਾਨੂੰ ਵਿਰਾਸਤ ਅਤੇ ਵਿਰਾਸਤ ਦੋਵਾਂ ਨੂੰ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਸਾਡੇ ਸੱਭਿਆਚਾਰਕ ਕੇਂਦਰਾਂ ਦੀ ਅਣਗਹਿਲੀ ਨੇ ਅਸਲ ਵਿੱਚ ਸਾਡੀ ਤਰੱਕੀ ਵਿੱਚ ਰੁਕਾਵਟ ਪਾਈ ਹੈ। ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਸੋਮਨਾਥ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ ਸੋਮਨਾਥ ਮੰਦਰ ਵਿੱਚ ਮਹਾਪੂਜਾ ਅਤੇ ਹੋਰ ਰਸਮਾਂ ਵਿੱਚ ਹਿੱਸਾ ਲਿਆ। ਉਨ੍ਹਾਂ ਇਸ ਮੌਕੇ ਇੱਕ ਵਿਸ਼ੇਸ਼ ਡਾਕ ਟਿਕਟ ਵੀ ਜਾਰੀ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ, ਜੇਕਰ ਭਾਰਤ 1947 ਵਿੱਚ ਆਜ਼ਾਦ ਹੋਇਆ... ਤਾਂ 1951 ਵਿੱਚ ਸੋਮਨਾਥ ਦੇ ਪਵਿੱਤਰ ਪ੍ਰਕਾਸ਼ ਨੇ ਭਾਰਤ ਦੀ ਸੁਤੰਤਰ ਚੇਤਨਾ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੋਮਨਾਥ ਅੰਮ੍ਰਿਤ ਮਹੋਤਸਵ ਸਿਰਫ਼ ਬੀਤੇ ਸਮੇਂ ਦਾ ਜਸ਼ਨ ਨਹੀਂ ਹੈ, ਇਹ ਅਗਲੇ ਹਜ਼ਾਰ ਸਾਲਾਂ ਲਈ ਭਾਰਤ ਲਈ ਇੱਕ ਪ੍ਰੇਰਨਾ ਹੈ। ਮੋਦੀ ਨੇ ਕਿਹਾ, ਲੁਟੇਰਿਆਂ ਨੇ ਸੋਮਨਾਥ ਮੰਦਰ ਦੀ ਸ਼ਾਨ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਉਹ ਇਸ 'ਤੇ ਹਮਲਾ ਕਰਦੇ ਰਹੇ, ਇਸਨੂੰ ਇੱਕ ਭੌਤਿਕ ਢਾਂਚਾ ਸਮਝਦੇ ਰਹੇ! ਇਹ ਮੰਦਰ ਵਾਰ-ਵਾਰ ਤਬਾਹ ਹੁੰਦਾ ਰਿਹਾ, ਇਹ ਦੁਬਾਰਾ ਬਣਾਇਆ ਜਾਂਦਾ ਰਿਹਾ... ਹਰ ਵਾਰ ਜਦੋਂ ਇਹ ਉੱਚਾ ਹੁੰਦਾ ਰਿਹਾ।

## ਬੰਗਾਲ 'ਚ ਮੰਤਰੀਆਂ ਦੇ ਮੰਤਰਾਲਿਆਂ ਦਾ ਹੋਇਆ ਐਲਾਨ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 11 ਮਈ। ਪੱਛਮੀ ਬੰਗਾਲ 'ਚ ਸੱਤਾ ਪਰਿਵਰਤਨ ਤੋਂ ਬਾਅਦ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਦੀ ਅਗਵਾਈ ਵਾਲੀ ਨਵੀਂ ਸਰਕਾਰ ਨੇ ਪ੍ਰਸ਼ਾਸਨਿਕ ਕੰਮਕਾਜ ਨੂੰ ਗਤੀ ਦੇਣ ਲਈ ਮੰਤਰੀਆਂ ਦੇ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ। ਸ਼ਨੀਵਾਰ ਨੂੰ ਰਾਜ ਦੇ ਨੌਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਸ਼ੁਭੇਂਦੂ ਅਧਿਕਾਰੀ ਭਾਰਤੀ ਜਨਤਾ ਪਾਰਟੀ ਦੇ ਪਹਿਲੇ ਅਜਿਹੇ ਨੇਤਾ ਬਣ ਗਏ ਹਨ ਜੋ ਸੂਬੇ ਦੇ ਸਰਵਉੱਚ ਅਹੁਦੇ 'ਤੇ ਬਿਰਾਜਮਾਨ ਹੋਏ ਹਨ। ਸਰਕਾਰ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ ਅਹਿਮ ਆਗੂਆਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ: ਦਿਲੀਪ ਘੋਸ਼: ਇਨ੍ਹਾਂ ਨੂੰ ਪੰਚਾਇਤੀ ਮਾਮਲੇ, ਪੇਂਡੂ ਵਿਕਾਸ ਤੇ ਪਸ਼ੂ ਧਨ ਵਿਕਾਸ ਮੰਤਰਾਲੇ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਅਗਨੀਮਿੱਤਰਾ ਪਾਲ: ਇਨ੍ਹਾਂ ਨੂੰ ਮਹਿਲਾ ਅਤੇ ਬਾਲ ਵਿਕਾਸ ਦੇ ਨਾਲ-ਨਾਲ ਨਗਰ ਨਿਗਮ ਵਿਭਾਗ ਦਾ ਕਾਰਜਭਾਰ ਸੌਂਪਿਆ ਗਿਆ ਹੈ। ਨਿਸ਼ਿਤ ਪ੍ਰਮਾਣਿਕ: ਉੱਤਰੀ ਬੰਗਾਲ



ਵਿਕਾਸ, ਯੁਵਾ ਕਲਿਆਣ ਅਤੇ ਖੇਡ ਵਿਭਾਗ ਦੀ ਕਮਾਨ ਸੰਭਾਲਣਗੇ। ਅਸ਼ੋਕ ਕੀਰਤਨੀਆ: ਇਨ੍ਹਾਂ ਨੂੰ ਸੂਬੇ ਦੇ ਖੁਰਾਕ ਵਿਭਾਗ ਦਾ ਮੰਤਰੀ ਨਿਯੁਕਤ ਕੀਤਾ ਗਿਆ ਹੈ। ਖੁਦੀਰਾਮ ਟੁਡੂ: ਇਨ੍ਹਾਂ ਨੂੰ ਕਬਾਇਲੀ ਵਿਕਾਸ ਨਾਲ ਸਬੰਧਤ ਕਾਰਜਾਂ ਦੀ ਜ਼ਿੰਮੇਵਾਰੀ ਮਿਲੀ ਹੈ। ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਦੇ ਨਾਲ ਫਿਲਹਾਲ 5 ਵਿਧਾਇਕਾਂ ਨੇ ਮੰਤਰੀ ਵਜੋਂ ਸਹੁੰ ਚੁੱਕੀ ਹੈ। ਨਿਯਮਾਂ ਅਨੁਸਾਰ ਪੱਛਮੀ ਬੰਗਾਲ ਵਿੱਚ ਮੰਤਰੀਆਂ ਦੀ ਵੱਧ ਤੋਂ ਵੱਧ ਗਿਣਤੀ 44 ਹੋ ਸਕਦੀ ਹੈ, ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਮੰਤਰੀ ਮੰਡਲ ਦਾ ਵਿਸਥਾਰ ਕੀਤਾ ਜਾਵੇਗਾ ਤੇ 39 ਹੋਰ ਮੰਤਰੀ ਸ਼ਾਮਲ ਕੀਤੇ ਜਾ ਸਕਦੇ ਹਨ। ਮੁੱਖ ਮੰਤਰੀ ਨੇ ਅਹੁਦਾ ਸੰਭਾਲਦਿਆਂ ਹੀ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਹੈ ਕਿ ਉਹ 'ਹਾਂ ਵਿੱਚ ਹਾਂ' ਮਿਲਾਉਣਾ ਬੰਦ ਕਰਨ ਅਤੇ ਸੂਬੇ ਦੇ ਹਿੱਤ ਵਿੱਚ ਨਿਰਪੱਖ ਰਾਏ ਦੇਣ। ਇਸ ਤੋਂ ਇਲਾਵਾ, ਕੈਬਨਿਟ ਦੀ ਪਹਿਲੀ ਬੈਠਕ ਵਿੱਚ ਬੰਗਲਾਦੇਸ਼ ਸਰਹੱਦ 'ਤੇ ਫੈਂਸਿੰਗ ਲਈ BSF ਨੂੰ 45 ਦਿਨਾਂ ਵਿੱਚ ਜ਼ਮੀਨ ਦੇਣ ਵਰਗੇ ਵੱਡੇ ਫੈਸਲੇ ਵੀ ਲਏ ਗਏ ਹਨ।

## ਤਾਮਿਲਨਾਡੂ ਦੀ ਸਿਆਸਤ 'ਚ ਹੋਣ ਜਾ ਰਿਹੈ ਕੁਝ ਵੱਡਾ !

ਨੈਸ਼ਨਲ ਡੈਸਕ 11 ਮਈ। ਤਾਮਿਲਨਾਡੂ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਅਤੇ 'ਤਮਿਲਗਾ ਵੇਤਰੀ ਕਜ਼ਗਮ' ਦੇ ਪ੍ਰਧਾਨ ਸੀ. ਜੋਸਫ ਵਿਜੇ ਨੇ ਸੋਮਵਾਰ ਨੂੰ ਸਾਬਕਾ ਮੁੱਖ ਮੰਤਰੀ ਅਤੇ ਡੀ.ਐੱਮ.ਕੇ. ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਸਹੁੰ ਚੁੱਕਣ ਤੋਂ ਬਾਅਦ ਵਿਜੇ ਦੀ ਸਟਾਲਿਨ ਨਾਲ ਇਹ ਪਹਿਲੀ ਮੁਲਾਕਾਤ ਹੈ, ਜਿਸ ਨੂੰ ਸਿਆਸੀ ਤੌਰ 'ਤੇ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਸਟਾਲਿਨ ਨੇ ਇਸ ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੇ ਹੋਏ ਵਿਜੇ ਨੂੰ ਵਧਾਈਆਂ ਦਿੱਤੀਆਂ ਤੇ ਸਰਕਾਰ ਚਲਾਉਣ ਲਈ ਸਲਾਹ ਦਿੱਤੀ। ਆਪਣੀ ਪਹਿਲੀ ਹੀ ਚੋਣ ਵਿੱਚ ਵਿਜੇ ਦੀ ਪਾਰਟੀ 108 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ। 234 ਮੈਂਬਰੀ ਵਿਧਾਨ ਸਭਾ ਵਿੱਚ ਬਹੁਮਤ ਲਈ 118 ਸੀਟਾਂ ਦੀ ਲੋੜ ਸੀ। ਵਿਜੇ ਨੇ ਡੀ.ਐੱਮ.ਕੇ. ਦੇ ਪੁਰਾਣੇ ਸਾਥੀਆਂ ਨਾਲ ਗੱਲਬਾਤ ਕੀਤੀ, ਜਿਸ ਮਗਰੋਂ ਕਾਂਗਰਸ ਨੇ ਡੀ.ਐੱਮ.ਕੇ. ਦਾ ਸਾਥ ਛੱਡ ਕੇ TVK ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਸੀ.ਪੀ.ਆਈ., ਸੀ.ਪੀ.ਆਈ.(ਐਮ), ਵੀ.ਸੀ.ਕੇ. ਅਤੇ ਆਈ.ਯੂ.ਐੱਮ.ਐੱਲ. ਨੇ ਵੀ ਬਾਹਰੋਂ ਬਿਨਾਂ ਸ਼ਰਤ ਸਮਰਥਨ ਦਿੱਤਾ, ਜਿਸ ਨਾਲ ਵਿਜੇ ਬਹੁਮਤ ਦਾ ਅੰਕੜਾ ਪਾਰ ਕਰਨ ਵਿੱਚ ਸਫਲ ਰਹੇ। 10 ਮਈ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਵਿਜੇ ਨੇ ਤਿੰਨ ਵੱਡੀਆਂ ਲੋਕ ਭਲਾਈ ਯੋਜਨਾਵਾਂ 'ਤੇ ਦਸਤਖਤ ਕੀਤੇ। ਇਨ੍ਹਾਂ 'ਚ ਘਰਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ, ਔਰਤਾਂ ਦੀ ਸੁਰੱਖਿਆ ਲਈ ਵਿਸ਼ੇਸ਼ ਕਦਮ ਤੇ ਸੂਬੇ ਭਰ ਵਿੱਚ ਨਸ਼ਾ ਵਿਰੋਧੀ ਮੁਹਿੰਮ ਨੂੰ ਸਖ਼ਤੀ ਨਾਲ ਲਾਗੂ ਕਰਨਾ ਲਾਗੂ ਹੈ।

# ਮੋਦੀ ਸਰਕਾਰ ਆਪਣੇ ਸਿਆਸੀ ਵਿਰੋਧੀਆਂ 'ਤੇ ਦਬਾਅ ਪਾਉਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਸੰਗਰੂਰ, 11 ਮਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਿੰਡ ਖੁਰਾਣਾ ਵਿਖੇ ਸਥਿਤ ਗੁਰਦੁਆਰਾ ਜੋਤੀਸਰ ਸਾਹਿਬ ਵਿਖੇ ਸੰਗਤ ਨਾਲ ਅਰਦਾਸ ਵਿੱਚ ਸ਼ਾਮਲ ਹੋ ਕੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026 ਨੂੰ ਲਾਗੂ ਕਰਨ ਦਾ ਬਲ ਬਖਸ਼ਣ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਇਹ ਸਖ਼ਤ ਕਾਨੂੰਨ ਬਣਨ ਨਾਲ ਪੰਥ ਕਾਫ਼ੀ ਰਾਹਤ ਅਤੇ ਸੰਤੁਸ਼ਟੀ ਮਹਿਸੂਸ ਕਰ ਰਿਹਾ ਹੈ, ਜੋ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਹਿੰਮਤ ਨਾ ਕਰੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਦੀ ਅਗਵਾਈ ਵਾਲੇ ਕੇਂਦਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਦੇਸ਼ ਵਾਸੀ ਸਭ ਦੇਖ ਰਹੇ ਹਨ ਕਿ ਕਿਵੇਂ ਭਾਰਤ ਦੇ ਫੈਸਲੇ ਵ?ਹਾਈਟ ਹਾਊਸ ਤੋਂ ਲਏ ਜਾ ਰਹੇ ਹਨ ਅਤੇ ਕਿਵੇਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਡਰਾਉਣ ਲਈ ਕੀਤੀ ਜਾ ਰਹੀ ਹੈ। ਇਹ ਆਖਦਿਆਂ ਕਿ ਕਿ ਪੰਜਾਬੀ ਕਦੇ ਵੀ ਦਬਾਅ ਦੀਆਂ ਚਾਲਾਂ ਅੱਗੇ ਨਾ ਝੁਕੇ ਹਨ ਤੇ ਨਾ ਹੀ ਕਦੇ ਝੁਕਣਗੇ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਲੋਕ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਦੀ ਹਰ ਕੋਸ਼ਿਸ਼ ਦਾ ਢੁਕਵਾਂ



ਜਵਾਬ ਦੇਣਗੇ। ਆਪਣੇ ਐਕਸ ਹੈਂਡਲ 'ਤੇ ਕੁਝ ਫੋਟੋਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੈਨੂੰ ਅੱਜ ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀਸਰ ਸਾਹਿਬ (ਛੇਵੀਂ ਪਾਤਸ਼ਾਹੀ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸ਼ਾਮਲ ਹੋ ਕੇ ਮੱਥਾ ਟੇਕਣ ਦਾ ਸੁਭਾਗ ਮਿਲਿਆ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਇਸ ਪਵਿੱਤਰ ਅਸਥਾਨ ਵਿਖੇ ਨਤਮਸਤਕ ਹੋ ਕੇ ਮੈਂ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾ ਕੇ ਸੇਵਾ ਕਰਨ ਦਾ ਬਲ ਬਖ਼ਸ਼ਣ ਲਈ ਗੁਰੂ ਸਾਹਿਬ ਦਾ ਧੰਨਵਾਦ ਕੀਤਾ। ਇਸ ਮੌਕੇ ਮੈਂ ਪੰਜਾਬ ਦੀ ਚੜ੍ਹਦੀ ਕਲਾ, ਸਰਬੱਤ ਦੇ ਭਲੇ ਅਤੇ ਸੂਬੇ ਨੂੰ ਇੱਕ ਵਾਰ ਫਿਰ ਮੁੜ ਤੋਂ 'ਰੰਗਲਾ ਪੰਜਾਬ' ਬਣਾਉਣ ਦੀ ਸਮਰੱਥਾ ਅਤੇ ਸੋਝੀ ਬਖ਼ਸ਼ਣ ਦਾ ਆਸ਼ੀਰਵਾਦ ਮੰਗਿਆ ਅਤੇ ਅਰਦਾਸ ਕੀਤੀ ਕਿ ਗੁਰੂ ਸਾਹਿਬ ਸਭਨਾਂ 'ਤੇ ਆਪਣੀ ਕਿਰਪਾ ਬਣਾ ਕੇ ਰੱਖਣ।ਸੰਗਤ ਵਿੱਚ ਹਾਜ਼ਰੀ ਭਰਨ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਭਰ ਦੀ ਸਮੁੱਚੀ ਸਿੱਖ ਸੰਗਤ ਇਤਿਹਾਸਕ ਕਾਨੂੰਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਵੇਗਾ, ਦੇ ਪਾਸ ਹੋਣ 'ਤੇ ਖ਼ੁਸ਼ੀ ਤੇ ਸੰਤੁਸ਼ਟੀ ਪ੍ਰਗਟ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਮਾਤਮਾ ਦੇ ਸ਼ੁਕਰਾਨੇ ਲਈ ਅੱਜ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਹ ਸੰਗਤ ਨਾਲ ਅਰਦਾਸ ਵਿੱਚ ਸ਼ਾਮਲ ਹੋਣ ਲਈ ਇਥੇ ਆਏ ਸਨ।

Contd.........................page-3

## ਆਰ.ਪੀ. ਸਿੰਘ ਦੀ ਕੇਜਰੀਵਾਲ ਨੂੰ ਚਿਤਾਵਨੀ, 'ਪੰਜਾਬ ਨੂੰ ਗੁੰਡਾਗਰਦੀ ਦਾ ਅੱਡਾ ਨਹੀਂ ਬਣਨ ਦਿਆਂਗੇ'

ਨਵਾਂਸ਼ਹਿਰ 11 ਮਈ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਪੰਜਾਬ ਵਿੱਚ ਵਧ ਰਹੀ ਕਥਿਤ ਸਿਆਸੀ ਗੁੰਡਾਗਰਦੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਸਿੱਧਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਇੱਕ ਟਵੀਟ ਰਾਹੀਂ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਪੰਜਾਬ ਨੂੰ ਹਿੰਸਾ ਅਤੇ ਸਿਆਸੀ ਅਰਾਜਕਤਾ ਦਾ ਅੱਡਾ ਨਹੀਂ ਬਣਨ ਦੇਣਗੇ। ਆਰ.ਪੀ. ਸਿੰਘ ਨੇ ਬਲਾਚੌਰ (ਨਵਾਂਸ਼ਹਿਰ) ਵਿੱਚ ਵਾਪਰੀ ਘਟਨਾ ਦਾ ਹਵਾਲਾ ਦਿੰਦੇ ਹੋਏ ਕਿਹਾ



ਕਿ ਹਾਲ ਹੀ ਵਿੱਚ ਅਕਾਲੀ ਦਲ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਵਿਧਾਇਕ ਸੁਖਵਿੰਦਰ ਸੁਖੀ ਨੇ ਪੁਲਸ ਦੀ ਮੌਜੂਦਗੀ ਵਿੱਚ ਭਾਜਪਾ ਦਫ਼ਤਰ ਵਿੱਚ ਵੜ ਕੇ ਜ਼ਿਲ੍ਹਾ ਪ੍ਰਧਾਨ ਨਾਲ ਕੁੱਟਮਾਰ ਅਤੇ ਭੰਨਤੋੜ ਕੀਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ 'ਆਪ' ਵਿੱਚ ਸ਼ਾਮਲ ਹੋਣਾ ਕਾਨੂੰਨ ਨੂੰ ਜੇਬ ਵਿੱਚ ਰੱਖਣ ਅਤੇ ਗੁੰਡਾਗਰਦੀ ਕਰਨ ਦਾ ਲਾਇਸੈਂਸ ਮਿਲ ਜਾਣਾ ਹੈ? ਆਰ.ਪੀ. ਸਿੰਘ ਨੇ ਲੁਧਿਆਣਾ ਸਮੇਤ ਪੰਜਾਬ ਦੇ ਹੋਰਨਾਂ ਹਿੱਸਿਆਂ ਵਿੱਚ ਹੋ ਰਹੀ ਅਰਾਜਕਤਾ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਪੰਜਾਬ ਸਰਕਾਰ 'ਤੇ ਤੰਜ਼ ਕਸਦਿਆਂ ਕਿਹਾ ਕਿ ਸੂਬੇ ਵਿੱਚ ਭ੍ਰਿਸ਼ਟਾਚਾਰ ਦਾ ਖੇਡ 'ਅਲੀਬਾਬਾ ਅਤੇ 40 ਚੋਰ' ਦੀ ਤਰਜ਼ 'ਤੇ ਖੇਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਡਰਾਮੇਬਾਜ਼ੀ ਬਹੁਤੇ ਦਿਨ ਨਹੀਂ ਚੱਲੇਗੀ ਅਤੇ ਅੰਤ ਵਿੱਚ 'ਅਲੀਬਾਬਾ' ਫੜਿਆ ਹੀ ਜਾਵੇਗਾ ਅਤੇ ਕਾਰਵਾਈ ਦੀ ਆਂਚ ਪਰਦੇ ਦੇ ਪਿੱਛੇ ਬੈਠੇ ਚਿਹਰਿਆਂ ਤੱਕ ਵੀ ਪਹੁੰਚੇਗੀ। ਭਾਜਪਾ ਆਗੂ ਨੇ ਪੰਜਾਬ ਪੁਲਸ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਸੱਚਮੁੱਚ ਨਿਰਪੱਖ ਹੈ, ਤਾਂ ਬਿਨਾਂ ਕਿਸੇ ਸਿਆਸੀ ਦਬਾਅ ਦੇ ਇਸ ਗੁੰਡਾਗਰਦੀ ਖ਼?ਲਾਫ਼ ਤੁਰੰਤ ਕੜੀ ਕਾਰਵਾਈ ਕਰੇ। ਉਨ੍ਹਾਂ ਸੱਤਾਧਾਰੀਆਂ ਨੂੰ ਯਾਦ ਦਿਵਾਇਆ ਕਿ ਸੱਤਾ ਦਾ ਹੰਕਾਰ ਕਿਸੇ ਨੂੰ ਕਾਨੂੰਨ ਤੋਂ ਉੱਪਰ ਨਹੀਂ ਬਣਾਉਂਦਾ ਅਤੇ ਵਕਤ ਹਰ ਬੇਇਨਸਾਫ਼ੀ ਦਾ ਹਿਸਾਬ ਜ਼ਰੂਰ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸ਼ਾਂਤੀ ਭੰਗ ਕਰਨ ਵਾਲਿਆਂ ਨੂੰ ਜਨਤਾ ਕਦੇ ਮਾਫ਼ ਨਹੀਂ ਕਰੇਗੀ।

## ਪੁਰਾਲੇਖ ਸਮਝੌਤੇ ਨਾਲ ਪ੍ਰਵਾਸੀ ਭਾਰਤੀਆਂ ਨੂੰ ਪੁਰਖਿਆਂ ਦੀਆਂ ਜੜ੍ਹਾਂ ਨਾਲ ਜੁੜਨ ਵਿਚ ਮਦਦ ਮਿਲੇਗੀ : ਜੈਸ਼ੰਕਰ

ਇੰਟਰਨੈਸ਼ਨਲ ਡੈਸਕ 11 ਮਈ। ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਅਤੇ ਤ੍ਰਿਨੀਦਾਦ ਅਤੇ ਟੋਬੈਗੋ ਵਿਚਾਲੇ ਹੋਇਆ ਪੁਰਾਲੇਖ ਸਹਿਯੋਗ ਸਮਝੌਤਾ ਭਾਰਤੀ ਮੂਲ ਦੇ ਲੋਕਾਂ ਨੂੰ ਆਪਣੇ ਪੁਰਖਿਆਂ ਦੀਆਂ ਜੜ੍ਹਾਂ ਦਾ ਪਤਾ ਲਾਉਣ ਅਤੇ ਪਰਿਵਾਰਾਂ ਨਾਲ ਮੁੜ ਜੁੜਨ ਵਿਚ ਮਦਦ ਕਰੇਗਾ। ਉਨ੍ਹਾਂ ਨੇ 'ਗਿਰਮਿਟੀਆ' ਭਾਈਚਾਰੇ ਦੀ



ਵਿਰਾਸਤ ਨੂੰ ਸੰਭਾਲਣ ਲਈ ਭਾਰਤ ਸਰਕਾਰ ਦੇ ਯਤਨਾਂ ਦਾ ਵੀ ਜ਼ਿਕਰ ਕੀਤਾ। 'ਗਿਰਮਿਟੀਆ' ਸ਼ਬਦ ਉਨ੍ਹਾਂ ਭਾਰਤੀ ਬੰਧੂਆ ਮਜ਼ਦੂਰਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਨੂੰ ਬ੍ਰਿਟਿਸ਼ ਸ਼ਾਸਨ ਨੇ 19ਵੀਂ ਅਤੇ 20ਵੀਂ ਸਦੀ ਦੀ ਸ਼ੁਰੂਆਤ ਵਿਚ ਫਿਜੀ, ਦੱਖਣੀ ਅਫਰੀਕਾ, ਮੌਰੀਸ਼ੀਅਸ ਅਤੇ ਕੈਰੇਬੀਆਈ ਦੇਸ਼ਾਂ ਵਿਚ ਆਪਣੀਆਂ ਬਸਤੀਆਂ ਵਿਚ ਭੇਜਿਆ ਸੀ। ਜੈਸ਼ੰਕਰ ਨੇ ਸ਼ਨੀਵਾਰ ਨੂੰ ਇਤਿਹਾਸਕ ਨੇਲਸਨ ਟਾਪੂ 'ਤੇ ਆਯੋਜਿਤ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ 180 ਸਾਲ ਪਹਿਲਾਂ ਤ੍ਰਿਨੀਦਾਦ ਅਤੇ ਟੋਬੈਗੋ ਪਹੁੰਚੇ ਪਹਿਲੇ ਭਾਰਤੀ ਬੰਧੂਆ ਮਜ਼ਦੂਰਾਂ ਨੂੰ ਯਾਦ ਕੀਤਾ ਅਤੇ ਔਖੇ ਹਾਲਾਤ ਵਿਚ ਨਵਾਂ ਜੀਵਨ ਵਸਾਉਣ ਵਿਚ ਉਨ੍ਹਾਂ ਦੀ 'ਹਿੰਮਤ, ਦ੍ਰਿੜ ਇਰਾਦੇ' ਨੂੰ ਨਮਨ ਵੀ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਪ੍ਰਵਾਸੀ ਆਪਣੇ ਨਾਲ ਆਪਣੀਆਂ ਪਰੰਪਰਾਵਾਂ, ਆਸਥਾ ਅਤੇ ਜੀਵਨ ਸ਼ੈਲੀ ਵੀ ਲੈ ਕੇ ਆਏ ਸਨ ਅਤੇ ਇਸ ਇਤਿਹਾਸ ਨੂੰ ਵਿਰਾਸਤੀ ਸਥਾਨ ਵਜੋਂ ਸੰਭਾਲਿਆ ਜਾਣਾ ਉਚਿਤ ਹੈ।

# ਉਪ ਰਾਜਪਾਲ ਨੂੰ ਦੂਰਸੰਚਾਰ ਸ਼ਕਤੀਆਂ ਦੇਣਾ ਗਲਤ ਨਹੀਂ, ਉਹ ਸੁਰੱਖਿਆ ਦੇ ਇੰਚਾਰਜ ਹਨ: ਉਮਰ ਅਬਦੁੱਲਾ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਸ਼੍ਰੀਨਗਰ 11 ਮਈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਨੂੰ ਕਿਹਾ ਕਿ ਜਨਤਕ ਸੁਰੱਖਿਆ ਨਾਲ ਸਬੰਧਤ ਸਮਾਗਮਾਂ ਦੌਰਾਨ ਉਪ ਰਾਜਪਾਲ ਨੂੰ ਦੂਰਸੰਚਾਰ ਨਾਲ ਸਬੰਧਤ ਸ਼ਕਤੀਆਂ ਦੇਣ ਵਿੱਚ ਕੁਝ ਵੀ ਗਲਤ ਨਹੀਂ ਹੈ, ਕਿਉਂਕਿ ਉਹ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੇ ਇੰਚਾਰਜ ਹਨ। ਅਬਦੁੱਲਾ ਨੇ ਪੱਤਰਕਾਰਾਂ ਨੂੰ ਕਿਹਾ, ਇਹ ਸਹੀ ਕਦਮ ਹੈ। ਇਹ ਸ਼ਕਤੀਆਂ ਲੈਫਟੀਨੈਂਟ ਗਵਰਨਰ ਕੋਲ ਰਹਿਣੀਆਂ ਚਾਹੀਦੀਆਂ ਹਨ। ਇਹ ਨਾ ਤਾਂ ਵਪਾਰ ਦੇ ਨਿਯਮਾਂ ਦੇ ਵਿਰੁੱਧ ਹੈ ਅਤੇ ਨਾ ਹੀ ਪੁਨਰਗਠਨ ਐਕਟ ਦੇ ਵਿਰੁੱਧ ਹੈ। ਅਬਦੁੱਲਾ ਨੇ ਕਿਹਾ, ਜੇਕਰ ਮੋਬਾਈਲ ਫੋਨ ਜਾਂ ਇੰਟਰਨੈੱਟ ਸੇਵਾਵਾਂ ਬੰਦ ਕਰਨ ਦੀ ਜ਼ਰੂਰਤ ਪੈਂਦੀ ਹੈ, ਤਾਂ ਗ੍ਰਹਿ ਵਿਭਾਗ ਹੁਕਮ ਜਾਰੀ ਕਰੇਗਾ, ਜੋ ਕਿ ਉਪ ਰਾਜਪਾਲ ਦੀ ਜ਼ਿੰਮੇਵਾਰੀ ਹੈ। ਸਾਡੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ ਅਤੇ ਜੇਕਰ ਉਨ੍ਹਾਂ ਨੂੰ ਬੰਦੂਕ ਚਲਾਉਣ ਲਈ ਸਾਡੇ 'ਤੇ ਭਰੋਸਾ ਕਰਨਾ ਪੈਂਦਾ ਹੈ, ਤਾਂ ਇਹ ਸਾਡੇ ਲਈ ਚੰਗਾ ਨਹੀਂ ਹੋਵੇਗਾ ਕਿਉਂਕਿ ਸਾਡੀ ਇਸ ਵਿੱਚ ਕੋਈ ਭੂਮਿਕਾ ਨਹੀਂ ਹੈ। ਇਹ ਪੁੱਛਿਆ ਗਿਆ ਕਿ ਕੀ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਆਪਣੀ ਆਉਣ ਵਾਲੀ ਮੁਲਾਕਾਤ ਦੌਰਾਨ ਰਾਜ ਦਾ ਦਰਜਾ ਬਹਾਲ ਕਰਨ ਦਾ ਮੁੱਦਾ ਉਠਾਉਣਗੇ, ਤਾਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਜੰਮੂ-ਕਸ਼ਮੀਰ ਨਾਲ ਸਬੰਧਤ ਸਾਰੇ ਮੁੱਦਿਆਂ 'ਤੇ ਚਰਚਾ ਕਰਨਗੇ। ਉਨ੍ਹਾਂ ਕਿਹਾ, ਮੈਂ ਚਾਹੁੰਦਾ ਹਾਂ ਕਿ ਗ੍ਰਹਿ ਮੰਤਰੀ ਨਾਲ ਇੱਕ ਹੀ ਮੀਟਿੰਗ ਵਿੱਚ ਰਾਜ ਦਾ ਦਰਜਾ ਬਹਾਲ ਕੀਤਾ ਜਾ ਸਕਦਾ। ਜੇਕਰ ਅਜਿਹਾ ਹੁੰਦਾ, ਤਾਂ ਅਸੀਂ ਬਹੁਤ ਪਹਿਲਾਂ ਇਸਨੂੰ ਪ੍ਰਾਪਤ ਕਰ ਲੈਂਦੇ। ਪਰ ਹਾਂ ਮੈਂ ਮੀਟਿੰਗ ਵਿੱਚ ਰਾਜ ਦਾ ਦਰਜਾ ਬਹਾਲ ਕਰਨ ਸਮੇਤ ਹੋਰ ਮੁੱਦੇ ਜ਼ਰੂਰ ਉਠਾਵਾਂਗਾ। ਮੁੱਖ ਮੰਤਰੀ ਨੇ ਜੰਮੂ-ਕਸ਼ਮੀਰ ਵਿੱਚ ਸ਼ਰਾਬ 'ਤੇ ਪਾਬੰਦੀ ਦੀ ਮੰਗ ਕਰਨ ਵਾਲੇ ਆਪਣੇ ਵਿਵਾਦਪੂਰਨ ਬਿਆਨ 'ਤੇ ਵੀ ਸਪੱਸ਼ਟੀਕਰਨ ਦਿੱਤਾ। ਉਨ੍ਹਾਂ ਕਿਹਾ, ਇਹ ਸ਼ਰਾਬ ਦੀਆਂ ਦੁਕਾਨਾਂ ਉਨ੍ਹਾਂ ਲੋਕਾਂ ਲਈ ਹਨ, ਜਿਨ੍ਹਾਂ ਦੇ ਇਸ ਦੇ ਸੇਵਨ 'ਤੇ ਕੋਈ ਧਾਰਮਿਕ ਪਾਬੰਦੀ ਨਹੀਂ ਹੈ। ਸਾਡੇ ਧਾਰਮਿਕ ਵਿਸ਼ਵਾਸ ਇਸਦੀ ਇਜਾਜ਼ਤ ਨਹੀਂ ਦਿੰਦੇ। ਸਮੱਸਿਆ ਇਹ ਹੈ ਕਿ ਵਿਰੋਧੀ ਧਿਰ ਮੇਰੇ



ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਐਤਵਾਰ ਨੂੰ ਗੰਦਰਬਲ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਅਬਦੁੱਲਾ ਨੇ ਕਿਹਾ ਕਿ ਜੋ ਲੋਕ ਸ਼ਰਾਬ ਪੀਂਦੇ ਹਨ, ਉਹ ਆਪਣੀ ਮਰਜ਼ੀ ਨਾਲ ਅਜਿਹਾ ਕਰਦੇ ਹਨ; ਕੋਈ ਵੀ ਉਨ੍ਹਾਂ ਨੂੰ ਦੁਕਾਨਾਂ 'ਤੇ ਮਜਬੂਰ ਨਹੀਂ ਕਰਦਾ। ਉਨ੍ਹਾਂ ਕਿਹਾ, ਜੋ ਮੈਂ ਐਤਵਾਰ ਨੂੰ ਗੰਦਰਬਲ ਵਿੱਚ ਕਿਹਾ ਸੀ, ਉਨ੍ਹਾਂ ਦੇ (ਪੀਡੀਪੀ) ਵਿੱਤ ਮੰਤਰੀ ਨੇ ਸਦਨ ਵਿੱਚ ਵੀ ਉਹੀ ਗੱਲ ਕਹੀ। ਅਸੀਂ ਕੋਈ ਵੀ ਨਵੀਂ ਸ਼ਰਾਬ ਦੀਆਂ ਦੁਕਾਨਾਂ ਨਹੀਂ ਖੋਲ੍ਹੀਆਂ ਹਨ ਅਤੇ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਇਹ ਦੁਕਾਨਾਂ ਉਨ੍ਹਾਂ ਥਾਵਾਂ 'ਤੇ ਨਾ ਹੋਣ ਜਿੱਥੇ ਸਾਡੇ ਨੌਜਵਾਨਾਂ ਨੂੰ ਗੁੰਮਰਾਹ ਕੀਤਾ ਜਾ ਸਕੇ। ਮੰਤਰੀ ਮੰਡਲ ਦੇ ਵਿਸਥਾਰ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਢੁਕਵੇਂ ਸਮੇਂ 'ਤੇ ਹੋਵੇਗਾ। ਉਨ੍ਹਾਂ ਕਿਹਾ, ਵਿਰੋਧੀ ਧਿਰ ਇਸ ਮੁੱਦੇ ਨੂੰ ਉਠਾ ਰਹੀ ਹੈ। ਮੈਨੂੰ ਨਹੀਂ ਪਤਾ ਕਿ ਉਹ ਕਿਉਂ ਚਿੰਤਤ ਹਨ। ਸਰਕਾਰ ਸੁਚਾਰੂ ਢੰਗ ਨਾਲ ਕੰਮ ਕਰ ਰਹੀ ਹੈ। ਅਗਲੀਆਂ ਚੋਣਾਂ ਸਾਢੇ ਤਿੰਨ ਸਾਲਾਂ ਵਿੱਚ ਹੋਣੀਆਂ ਹਨ। ਜਦੋਂ ਵੀ ਵਿਸਥਾਰ ਜਾਂ ਫੇਰਬਦਲ ਦੀ ਲੋੜ ਹੋਵੇਗੀ, ਮੈਂ ਇਸ ਬਾਰੇ ਪਾਰਟੀ ਲੀਡਰਸ਼ਿਪ ਨਾਲ ਚਰਚਾ ਕਰਾਂਗਾ ਅਤੇ ਢੁਕਵੇਂ ਸਮੇਂ 'ਤੇ ਕਰਾਂਗਾ।

# ਐਕਸਪਾਇਰੀ ਦਾ ਕਾਨੂੰਨ ਲਾਗੂ ਹੋਣ 'ਤੇ ਕਰੋੜਾਂ ਵਾਹਨ ਪਹੁੰਚੇ ਕਬਾੜੀਆਂ ਕੋਲ !

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 11 ਮਈ। ਮੋਟਰ ਵਾਹਨ ਕਾਨੂੰਨ 'ਚ ਬਦਲਾਅ ਦੇ ਚੱਲਦੇ ਜਿਥੇ ਪਿਛਲੇ ਦਿਨੀਂ 'ਚ ਰਾਜਧਾਨੀ ਦਿੱਲੀ ਵਿਚ ਕਿਸੇ ਵੀ 15 ਸਾਲ ਪੁਰਾਣੇ ਪੈਟਰੋਲ ਅਤੇ 10 ਸਾਲ ਪੁਰਾਣੇ ਡੀਜਲ 'ਵਾਹਨਾਂ' 'ਤੇ ਫਿਊਲ ਭਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਦਾ ਕਾਰਨ ਸਰਕਾਰੀ ਤੰਤਰਾਂ ਵਲੋਂ ਇਹੀ ਦੱਸਿਆ ਜਾ ਰਿਹਾ ਸੀ ਕਿ ਪ੍ਰਦੂਸ਼ਣ ਮਾਹਰ ਤੇ ਸਰਕਾਰੀ ਤੰਤਰ ਇਸ ਗੱਲ ਨੂੰ ਮੰਨ ਕੇ ਚਲਦੇ ਹਨ ਕਿ ਇੰਨਾ ਪੁਰਾਣਾ ਵ?ਹੀਕਲ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਹਾਲਾਂਕਿ ਬਾਅਦ 'ਚ ਆਮ ਜਨਤਾ ਵਿਚ ਬਾਵੇਲਾ ਹੋਣ ਜਾਣ ਤੋਂ ਬਾਅਦ ਇਸ 'ਤੇ ਸਰਕਾਰ ਨੇ ਫਿਲਹਾਲ ਯੂ-ਟਰਨ ਲੈ ਲਿਆ ਹੈ। ਉਥੇ ਇਸ ਦੇ ਕਾਰਨ ਦੇਸ਼ ਭਰ 'ਚ ਕਰੋੜਾਂ ਦੀ ਗਿਣਤੀ 'ਚ ਅਜਿਹੇ ਵਾਹਨਾਂ ਦੇ ਮਾਲਕ ਪ੍ਰੇਸ਼ਾਨ ਹਨ ਕਿ ਨਾ ਜਾਣੇ ਕਦੋਂ ਕੋਈ ਗਾਜ਼ ਡਿੱਗ ਜਾਏ! ਉਥੇ ਇਸ ਦੀ ਡੂੰਘਾਈ ਤਕ ਜਾਇਆ ਜਾਏ ਤਾਂ ਜੇਕਰ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ ਤਾਂ ਕਰੋੜਾਂ ਦੀ ਗਿਣਤੀ 'ਚ ਵਾਹਨ ਕਬਾੜੀਆਂ ਕੋਲ ਪਹੁੰਚ ਜਾਂਦੇ ਹਨ। ਵੱਡੀ ਗੱਲ ਹੈ ਕਿ ਇਨ੍ਹਾਂ 'ਚ 80-90 ਫੀਸਦੀ ਤੋਂ ਵੀ ਵੱਧ ਵਾਹਨ ਮਾਲਕਾਂ ਨੂੰ ਉਨ੍ਹਾਂ ਵਾਹਨਾਂ ਤੋਂ ਹੱਥ ਧੋਣਾ ਪੈਂਦਾ ਹੈ ਜੋ ਸਹੀ ਚੱਲ ਰਹੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਦਾ ਇਕ ਸਹਾਰਾ ਵੀ ਸਨ। ਇਸ ਸਬੰਧ 'ਚ ਇਕ ਸਰਵੇਖਣ ਦੌਰਾਨ ਵੱਖ-ਵੱਖ ਟੈਕਸ਼ੀਨੀਅਜ਼ ਨੇ ਆਪਣੇ ਅਨੁਭਵ ਦੇ ਆਧਾਰ 'ਤੇ ਇਸ ਦੇ ਕਾਰਨ ਦੱਸਦੇ ਹੋਏ, ਆਪਣੇ ਟਿਪਸ ਦਿੱਤੇ ਹਨ। ਚਾਰ ਪਹੀਆ ਵਾਹਨਾਂ ਦੇ ਪੁਰਾਣੇ ਕਾਰੋਬਾਰੀ ਸੰਜੇ ਸਾਗਰ ਗੁਪਤਾ ਦਾ ਕਹਿਣਾ ਹੈ ਕਿ ਅਸਲ 'ਚ ਇਸ ਕਾਨੂੰਨ ਨੂੰ ਲਾਗੂ ਕਰਨ 'ਚ ਜਲਦਬਾਜ਼ੀ ਕੀਤੀ ਜਾ ਰਹੀ ਸੀ। ਉਥੇ ਵਧੇਰੇ ਲੋਕ ਆਪਣੇ ਬਜਟ ਨੂੰ ਦੇਖਦੇ ਹੋਏ ਫੋਰ-ਵ?ਹੀਲਰ ਘੱਟ ਅਤੇ ਟੂ-ਵ?ਹੀਲਰ ਵਾਹਨ ਵੱਧ ਚਲਾਉਂਦੇ ਹਨ। ਵਧੇਰੇ ਲੋਕ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਕਿਸੇ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਹਸਪਤਾਲ ਆਦਿ ਪਹੁੰਚਾਉਣ, ਪਰਿਵਾਰ ਸਣੇ ਵਿਆਹ-ਸ਼ਾਦੀ ਅਤੇ ਭਾਈਚਾਰਕ ਫੰਕਸ਼ਨ, ਬੱਚਿਆਂ ਨੂੰ ਛੁੱਟੀਆਂ ਲਈ ਘੁੰਮਾਉਣ ਲਈ ਟੂਰਿਸਟ ਡੈਸਟੀਨੇਸ਼ਨ ਆਦਿ ਲੈ ਜਾਣ ਲਈ ਰੱਖਦੇ ਹਨ। ਓਧਰ ਗ੍ਰਾਮਣੀ ਮਾਧਿਅਮ ਕਾਰੋਬਾਰੀ ਕਾਰ 'ਤੇ ਸ਼ਹਿਰ 'ਚ ਹਫਤੇ ਅਤੇ 15 ਦਿਨ ਤੋਂ ਬਾਅਦ ਆ ਕੇ ਆਪਣੀ ਕਾਰੋਬਾਰੀ ਖਰੀਦ ਕਰਨ ਅਤੇ ਜ਼ਰੂਰੀ ਘਰੇਲੂ ਸਾਮਾਨ ਲੈਣ ਲਈ ਕਾਰਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਲਈ ਨਵੀਂ ਕਾਰ ਦਾ ਹੋਣਾ ਕੋਈ ਮਾਇਨੇ ਅਤੇ ਆਕਰਸ਼ਕ ਨਹੀਂ ਰੱਖਦਾ। ਇਸ ਵਿਚ ਜੇਕਰ ਕੋਈ ਵਾਹਨ ਚਾਲਕ ਦਬਾਅ 'ਚ ਆ ਕੇ ਆਪਣਾ ਪੁਰਾਣਾ ਵਾਹਨ ਵੇਚ ਕੇ ਕਿਸ਼ਤਾਂ 'ਤੇ ਕਾਰ ਖਰੀਦ ਲੈਂਦਾ ਹੈ ਤਾਂ ਉਸ ਨੂੰ ਲਗਭਗ 5 ਸਾਲ 'ਚ ਬੈਂਕਾਂ ਦਾ ਕਰਜ਼ ਚੁਕਾਉਣ ਲਈ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਬਤੌਰ ਕਿਸ਼ਤ ਅਤੇ ਵਿਆਜ ਦੇ ਰੂਪ 'ਚ ਦੇਣਾ ਪਵੇਗਾ। ਉਧਰ ਆਮ ਜਨਤਾ 'ਚ ਵਧੇਰੇ ਲੋਕ ਅਜਿਹੇ ਹਨ ਜਿਨ੍ਹਾਂ ਦੀ ਮਾਸਿਕ ਕਮਾਈ 40 ਤੋਂ 50 ਹਜ਼ਾਰ ਰੁਪਏ ਅਤੇ ਇਸ ਤੋਂ ਵੀ ਘੱਟ ਹੈ ਅਤੇ ਉਹ ਆਪਣੇ ਘਰ 'ਚ ਕਾਰ ਵੀ ਰੱਖਦੇ ਹਨ। ਹੁਣ ਜੇਕਰ ਅਜਿਹੇ ਵਰਗ ਦਾ ਪਰਿਵਾਰ 15 ਹਜ਼ਾਰ ਰੁਪਏ ਵਾਹਨ ਦੀ ਕਿਸ਼ਤ ਦੇ, ਜਾਂ ਤਾਂ ਉਹ ਕਰਜ਼ਦਾਰ ਹੋ ਜਾਏਗਾ ਜਾਂ ਚਾਰ ਪਹੀਆ ਵਾਹਨ ਦੇ ਤੌਰ 'ਤੇ ਆਪਣਾ 'ਸਹਾਰਾ' ਗੁਆ ਬੈਠੇਗਾ। ਇਸ 'ਤੇ ਸਰਕਾਰ ਨੂੰ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਦੋ ਪਹੀਆ ਵਾਹਨ ਮਾਹਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਪੁਰਾਣੇ ਵਾਹਨ ਨੂੰ ਇਸ ਆਧਾਰ 'ਤੇ ਰਿਜੈਕਟ ਨਹੀਂ ਕੀਤਾ ਜਾ ਸਕਦਾ ਕਿ ਉਹ ਪ੍ਰਦੂਸ਼ਣ ਛੱਡਦਾ ਹੈ।



ਸਾਲਾਂ ਤੋਂ ਦੋਪਹੀਆ ਵਾਹਨਾਂ ਦੇ ਸਪੈਸ਼ਲਿਸਟ ਮੈਕੀ ਸਿੰਘ ਪੈਰਾਡਾਈਜ ਦਾ ਕਹਿਣਾ ਹੈ ਕਿ ਜੇਕਰ ਕੋਈ ਨਵਾਂ ਵਾਹਨ ਵੀ ਕਿਸੇ ਮਾਮੂਲੀ ਗੈਸਕਿਟ (ਜੋ ਕਾਗਜ ਦਾ ਬਣਿਆ ਹੁੰਦਾ ਹੈ) ਦੇ ਮਾਮੂਲੀ ਫੱਟ ਜਾਣ ਨਾਲ ਇੰਜਣ ਦਾ ਲੁਬਰੀਕੇਟਿੰਗ-ਆਇਲ (ਮੋਬਿਲ ਆਇਲ) ਲੀਕ ਕਰ ਦਿੰਦਾ ਹੈ ਤਾਂ ਇਸ ਦੀ (ਇੰਜਣ-ਤੇਲ) ਕਮੀ ਨਾਲ ਦੁਪਹਿਆ ਵਾਹਨ ਦਾ ਪੂਰਾ ਇੰਜਣ ਆਪਣੀ ਲਿਮਟ ਤੋਂ ਵੱਧ ਹੀਟ-ਅਪ ਹੋ ਜਾਂਦਾ ਹੈ। ਇਸ ਤੋਂ ਬਾਅਦ ਵਾਹਨ ਧੂੰਆਂ ਦਾ ਪ੍ਰਦੂਸ਼ਣ ਛੱਡਣਾ ਸ਼ੁਰੂ ਕਰ ਦਿੰਦਾ ਹੈ। ਇਹ ਸਮੱਸਿਆ ਨਵੇਂ ਅਤੇ ਪੁਰਾਣੇ ਦੋਵੇਂ ਵਾਹਨਾਂ ਲਈ ਇਕ ਹੀ ਹੈ। ਇਸੇ ਤਰ੍ਹਾਂ ਜੇਕਰ ਕੋਈ ਵਾਹਨ ਚਾਲਕ ਆਪਣੇ ਵਾਹਨ ਦੇ ਪਿਸਟਨ ਰਿੰਗ ਅਤੇ ਹੈੱਡ ਗੈਸਕਿਟ ਬਦਲਾ ਲੈਂਦਾ ਹੈ ਤਾਂ ਵਾਹਨ ਦਾ ਦੁਬਾਰਾ ਪੱਧਰ ਜ਼ੀਰੋ ਪ੍ਰਦੂਸ਼ਣ 'ਤੇ ਆ ਜਾਏਗਾ। ਦੇਖਿਆ ਜਾਂਦਾ ਹੈ ਕਿ ਵੱਧ ਤੇਜ਼ ਚੱਲਣ ਵਾਲੇ ਵਾਹਨ 1 ਸਾਲ ਦੇ ਅੰਦਰ ਹੀ ਆਪਣੇ ਮੋਟਰ ਬਾਈਕ ਦੇ ਪ੍ਰਦੂਸ਼ਣ ਨੂੰ ਆਖਰੀ ਕਗਾਰ ਤਕ ਲੈ ਜਾਂਦੇ ਹਨ। ਓਧਰ 40 ਸਾਲ ਅਤੇ ਇਸ ਤੋਂ ਵੀ ਵੱਧ ਪੁਰਾਣੇ ਵਾਹਨ ਬਿਨਾਂ ਪ੍ਰਦੂਸ਼ਣ ਦੇ ਹੁਣ ਵੀ ਚੱਲ ਰਹੇ ਹਨ। ਪ੍ਰਦੂਸ਼ਣ ਨਾਲ ਪੀੜਤ ਵਾਹਨ ਦੀ ਇਕ ਹੀ ਪਛਾਣ ਹੈ ਕਿ ਸਟਾਰਟ ਹੋਣ ਅਤੇ ਐਕਸੇਲੇਟਰ ਦਿੰਦੇ ਹੀ ਉਹ ਸਾਇਲੈਂਸਰ ਦੇ ਰਾਹੇ ਧੂੰਆਂ ਛੱਡਣਾ ਸ਼ੁਰੂ ਕਰ ਦਿੰਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਦੋ ਪਹੀਆ ਵਾਹਨ ਰੈਸ਼ ਚੱਲਣ, ਸਮੇਂ 'ਤੇ ਇੰਜਣ ਆਇਲ ਦੀ ਚੈਕਿੰਗ ਨਾ ਕਰਨ, ਏਅਰ ਫਿਲਟਰ ਸਾਫ ਨਾ ਕਰਨ ਅਤੇ ਆਈਲ ਲੀਕਿੰਗ ਦੇ ਕਾਰਨ ਓਵਰ ਹੀਟ ਹੋ ਜਾਂਦਾ ਹੈ। ਇਸ ਪ੍ਰਕਿਰਿਆ 'ਚ ਉਸ ਦੇ ਸਿਲੰਡਰ ਦੇ ਅੰਦਰ ਪਿਸਟਨ ਦੇ ਉਪਰ ਚੜ੍ਹੇ ਰਿੰਗਜ਼ ਘਿਸ ਕੇ ਪਤਲੇ ਹੁੰਦੇ ਕਮਜ਼ੋਰ ਹੋ ਜਾਂਦੇ ਹਨ ਜਿਸ ਕਾਰਨ ਵਾਹਨ ਦੇ 'ਮੇਨ ਇੰਜਣ ਚੈਂਬਰ' ਨਾਲ ਭਰਿਆ ਹੋਇਆ ਲੁਬਰੀਕੇਟਿੰਗ ਆਇਲ ( ਜੋ ਵਾਹਨ ਨੂੰ ਪ੍ਰੈਸ਼ਰ ਦਿੰਦਾ ਹੈ) ਰਿੰਗਾਂ ਨਾਲ ਪ੍ਰੈਸ਼ਰ ਲੀਕ ਹੋਣ ਤੋਂ ਬਾਅਦ ਕੱਚਾ ਲੁਬਰੀਕੇਟਿੰਗ ਆਇਲ ਸਿਲੰਡਰ ਦੇ ਰਾਹੇ ਹੁੰਦਾ ਹੋਇਆ ਵਾਹਨ ਦੇ 'ਐਗਜਾਇਟ ਸਾਇਲੈਂਸਰ' ਤਕ ਧੂੰਏਂ ਦੇ ਰੂਪ 'ਚ ਬਦਲ ਕੇ ਬਾਹਰ ਪਹੁੰਚ ਜਾਂਦਾ ਹੈ।

## ਰੱਤੋਕੇ ਦੀਆਂ ਪੰਜ ਵਿਦਿਆਰਥਣਾਂ ਨੇ ਮੈਰੀਟੋਰੀਅਸ ਸਕੂਲ ਤਲਵਾੜਾ ਦਾ ਟੈਸਟ ਕੀਤਾ ਪਾਸ

ਲੌਂਗੋਵਾਲ,11 ਮਈ। ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦਿਨ ਰਾਤ ਇਲਾਕੇ ਦੀ ਸੇਵਾ ਕਰ ਰਿਹਾ ਹੈ। ਇਥੋਂ ਦੇ ਬੱਚੇ ਪੜ੍ਹਾਈ ਖੇਡਾਂ ਤੇ ਹੋਰ ਕਿਰਿਆਵਾਂ ਵਿੱਚ ਪਹਿਲੇ ਨੰਬਰ ਤੇ ਰਹਿੰਦੇ ਹਨ। ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਵੀ ਬੱਚਿਆਂ ਨੇ ਸ਼ਾਨਦਾਰ ਮੱਲਾਂ ਮਾਰੀਆਂ ਹਨ। ਪੰਜਵੀਂ ਜਮਾਤ ਦੇ ਸੱਤ ਬੱਚਿਆਂ ਨੇ 500 ਵਿੱਚੋਂ 500 ਅੰਕ ਪ੍ਰਾਪਤ ਕੀਤੇ ਸਨ। ਅੱਠਵੀਂ ਦਾ ਨਤੀਜਾ ਵੀ ਬਹੁਤ ਹੀ ਸ਼ਾਨਦਾਰ ਰਿਹਾ ਸੀ। ਇਸੇ ਕੜੀ ਵਿੱਚ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲ ਆਫ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲ ਤਲਵਾੜਾ ਦਾ ਲਿਖਤੀ ਟੈਸਟ ਲਿਆ ਜਾਂਦਾ ਹੈ। ਰੱਤੋ ਕੇ ਸਕੂਲ ਦੇ 27 ਬੱਚਿਆਂ ਨੇ ਜਿੱਥੇ ਸਕੂਲ ਆਫ ਐਮੀਨੈਂਸ ਦਾ ਟੈਸਟ ਪਾਸ ਕੀਤਾ ਹੈ ਉਥੇ ਹੀ ਸਕੂਲ ਦੀਆਂ ਪੰਜ ਵਿਦਿਆਰਥਣਾ ਅਨੁਰੀਤ ਕੌਰ,ਸ਼ਗਨਪ੍ਰੀਤ ਕੌਰ, ਮਨਪ੍ਰੀਤ ਕੌਰ,ਖੁਸ਼ਜੀਤ ਕੌਰ ਤੇ ਹਰਮਨਜੋਤ ਕੌਰ ਨੇ ਮੈਰੀਟੋਰੀਅਸ ਸਕੂਲ ਤਲਵਾੜਾ ਵਿੱਚ ਦਾਖਲਾ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਜ਼ਿਕਰ ਯੋਗ ਹੈ ਕਿ ਪੰਜਾਬ ਦੇ ਸਾਰੇ ਮੈਰੀਟੋਰੀਅਸ ਸਕੂਲਾਂ ਵਿੱਚ +1 ਵਿੱਚ ਦਾਖਲਾ ਹੁੰਦਾ ਹੈ,ਜਦੋਂ ਕਿ ਮੈਰੀਟੋਰੀਅਸ ਸਕੂਲ ਤਲਵਾੜਾ ਵਿੱਚ 9ਵੀਂ ਜਮਾਤ ਵਿੱਚ ਲੜਕੀਆਂ ਦਾ ਦਾਖਲਾ ਹੁੰਦਾ ਹੈ। ਜਿਨਾਂ ਦੀ ਚੋਣ ਪੂਰੇ ਪੰਜਾਬ ਵਿੱਚੋਂ ਟੈਸਟ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਸ ਪ੍ਰਾਪਤੀ ਤੇ ਬੋਲਦਿਆਂ ਸਰਪੰਚ ਹਰਦੀਪ ਕੌਰ ਅਤੇ ਸਕੂਲ ਵੈਲਫੇਅਰ ਕਮੇਟੀ ਦੇ ਪ੍ਰਧਾਨ ਸਰਦਾਰ ਗਿਆਨ ਸਿੰਘ ਭੁੱਲਰ ਨੇ ਇਸ ਪ੍ਰਾਪਤੀ ਨੂੰ ਸਟਾਫ ਅਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਦਾ ਨਤੀਜਾ ਦੱਸਿਆ। ਉਹਨਾਂ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਾਰੇ ਸਟਾਫ ਨੂੰ ਵਧਾਈ ਦਿੱਤੀ। ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਰਦਾਰ ਮਨਜੀਤ ਸਿੰਘ ਨੇ ਇਹਨਾਂ ਬੱਚਿਆਂ ਨੂੰ ਹੋਰਨਾ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਦੱਸਿਆ। ਸਕੂਲ ਵਿੱਚ ਇਨਾ ਸਫਲ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਛਪਾਲ ਸਿੰਘ, ਵਰਿੰਦਰ ਸਿੰਘ, ਸੁਖਦੇਵ ਸਿੰਘ,ਸਲਵਿੰਦਰ ਸਿੰਘ, ਮਨਪ੍ਰੀਤ ਸਿੰਘ, ਰਣਜੋਧ ਸਿੰਘ, ਕੁਲਦੀਪ ਕੌਰ, ਗੁਰਚਰਨ ਸਿੰਘ, ਕੁਲਦੀਪ ਕੌਰ ਸਾਬਕਾ ਸਰਪੰਚ , ਸਕੂਲ ਸਟਾਫ ਵਿੱਚੋਂ ਪ੍ਰਦੀਪ ਸਿੰਘ, ਸਤਪਾਲ ਕੌਰ,ਕਰਮਜੀਤ ਕੌਰ, ਚਰਨਜੀਤ ਕੌਰ,ਰੇਨੂੰ ਸਿੰਗਲਾ,ਪਰਵੀਨ ਕੌਰ, ਰਣਜੀਤ ਕੌਰ ਅਤੇ ਸੁਖਪਾਲ ਸਿੰਘ ਹਾਜ਼ਰ ਸਨ।

## ਜੈਨ ਸਕੂਲ ਵਿਖੇ ਮਨਾਇਆ ਵਿਸ਼ਵ ਪੇਪਰ ਬੈਗ ਦਿਵਸ

ਫਗਵਾੜਾ 11 ਮਈ। ਫਗਵਾੜਾ ਇਨਵਾਇਰਨਮੈਂਟ ਐਸੋਸੀਏਸ਼ਨ ਵਲੋਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਲਕੀਅਤ ਸਿੰਘ ਰਘਬੋਤਰਾ ਦੀ ਅਗਵਾਈ ਅਤੇ ਸ਼?ਰੀ ਮਹਾਵੀਰ ਜੈਨ ਮਾਡਲ ਹਾਈ ਸਕੂਲ ਦੇ ਸਹਿਯੋਗ ਨਾਲ ਵਿਸ਼ਵ ਪੇਪਰ ਬੈਗ ਦਿਵਸ ਮਨਾਇਆ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਮੇਅਰ ਰਾਮਪਾਲ ਉੱਪਲ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੀਮਤੀ ਲਾਲ ਜੈਨ, ਸਕੱਤਰ ਓਮ ਪ੍ਰਕਾਸ਼ ਜੈਨ ਅਤੇ ਖਜਾਨਚੀ ਸੁਧੀਰ ਜੈਨ ਤੋਂ ਇਲਾਵਾ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸਕੂਲ ਪਿ?ਰੰਸੀਪਲ ਤਾਜਪ੍ਰੀਤ ਕੌਰ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਦੇ ਪੇਪਰ ਬੈਗ ਬਨਾਉਣ ਅਤੇ ਪੇਪਰ ਬੈਗ ਨੂੰ ਖੂਬਸੂਰਤ ਪੇਂਟਿੰਗ ਨਾਲ ਸਜਾਉਣ ਦੇ ਦੋ ਵੱਖ ਵੱਖ ਮੁਕਾਬਲੇ ਕਰਵਾਏ ਗਏ। ਜੇਤੂ ਵਿਦਿਆਰਥੀਆਂ ਨੂੰ ਪੁਰਸਕਾਰ ਦੇ ਕੇ ਉਤਸ਼ਾਹਤ ਕੀਤਾ ਗਿਆ। ਮੇਅਰ ਰਾਮਪਾਲ ਉੱਪਲ ਅਤੇ ਕੌਂਸਲਰ ਪਰਵਿੰਦਰ ਕੌਰ ਰਘਬੋਤਰਾ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੇ ਲਿਫਾਫਿਆਂ ਨਾਲ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ ਅਤੇ ਕਿਹਾ ਕਿ ਜਦੋਂ ਵੀ ਬਾਜਾਰ ਤੋਂ ਕੋਈ ਵਸਤੂ ਖਰੀਦਨ ਲਈ ਜਾਣਾ ਹੋਵੇ ਤਾਂ ਘਰੋਂ ਕਪੜੇ ਦੇ ਬੈਗ ਲੈ ਕੇ ਜਾਣ ਅਤੇ ਦੁਕਾਨਦਾਰ ਤੋਂ ਪੇਪਰ ਬੈਗ 'ਚ ਸਮਾਨ ਲੈ ਕੇ ਕਪੜੇ ਦੇ ਥੈਲੇ 'ਚ ਰੱਖ ਕੇ ਲਿਆਂਦਾ ਜਾਵੇ ਤਾਂ ਵਾਤਾਵਰਣ ਨੂੰ ਕਾਫੀ ਫਾਇਦਾ ਹੋ ਸਕਦਾ ਹੈ। ਵਿਦਿਆਰਥੀਆਂ ਨੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕਰਨ ਦਾ ਅਹਿਦ ਲਿਆ। ਸਕੂਲ ਕਮੇਟੀ ਦੇ ਪ੍ਰਧਾਨ ਕੀਮਤੀ ਲਾਲ ਜੈਨ ਨੇ ਐਸੋਸੀਏਸ਼ਨ ਵਲੋਂ ਵਾਤਾਵਰਣ ਸੁਰੱਖਿਆ ਲਈ ਕੀਤੇ ਜਾ ਰਹੇ ਉਪਰਾਲਿਆਂ 'ਚ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ, ਕੁਲਦੀਪ ਦੁੱਗਲ, ਸੁਧੀਰ ਸ਼ਰਮਾ, ਸੁਰਿੰਦਰ ਪਾਲ, ਐਸ.ਸੀ. ਚਾਵਲਾ, ਰਵੀ ਕਾਂਤ ਸਹਿਗਲ, ਨੰਦ ਸੋਨੀ, ਮੋਨਿਕਾ ਸ਼ਰਮਾ, ਸੰਜੀਵ ਸ਼ਰਮਾ, ਨਰਿੰਦਰ ਸੈਣੀ, ਸਵੱਛ ਭਾਰਤ ਮਿਸ਼ਨ ਪ੍ਰਤੀਨਿੱਧ ਪੂਜਾ ਸ਼ਰਮਾ, ਸੁਨੀਤਾ ਸ਼ਰਮਾ ਤੇ ਆਸ਼ਾ ਆਦਿ ਹਾਜਰ ਸਨ।

# ਪੰਜਾਬ ਪੁਲਸ ਦੀ ਵੱਡੀ ਕਾਮਯਾਬੀ, 30 ਲੱਖ ਰੁਪਏ ਦੇ ਸਾਮਾਨ ਤੇ ਗੱਡੀ ਸਮੇਤ ਚਾਰ ਕਾਬੂ

**ਕੌਮੀ ਪਤ੍ਰਿਕਾ**

ਲਹਿਰਾਗਾਗਾ 11 ਮਈ। ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਹਿਲ ਵੱਲੋਂ ਸਮੁੱਚੇ ਜ਼ਿਲ੍ਹੇ ਅੰਦਰ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਲਹਿਰਾਗਾਗਾ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਡੀਐਸਪੀ ਦੀਪਇੰਦਰਪਾਲ ਸਿੰਘ ਜੇਜੀ ਦੀ ਅਗਵਾਈ ਵਿੱਚ 30 ਲੱਖ ਰੁਪਏ ਦੇ ਚੋਰੀ ਦੇ ਸਾਮਾਨ, ਚੋਰੀ ਦੀ ਗੱਡੀ ਸਮੇਤ ਚਾਰ ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਦਪਿੰਦਰਪਾਲ ਸਿੰਘ ਜੇਜੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਹਲਕੇ ਦੇ ਪਿੰਡ ਚੂੜਲਕਲਾਂ ਵਿਖੇ ਇੱਕ ਇਲੈਕਟ?ਰੋਨਿਕਸ ਦੀ ਦੁਕਾਨ 'ਚ ਕਰੀਬ 30 ਲੱਖ ਰੁਪਏ ਦੀ ਚੋਰੀ ਹੋ ਗਈ ਸੀ, ਜਿਸ ਨੂੰ ਪੁਲਸ ਨੇ ਗੰਭੀਰਤਾ ਨਾਲ ਲਿਆ। ਪੁਲਸ ਦੀਆਂ ਟੈਕਨੀਕਲ ਮਾਹਿਰਾਂ ਦੀ ਮਦਦ ਨਾਲ ਟੀਮਾਂ ਦਾ ਗਠਨ ਕਰਕੇ ਲੰਬੀ ਜੱਦੋ ਜਹਿਦ ਤੋਂ ਬਾਅਦ ਚੋਰੀ ਕੀਤੇ ਕਰੀਬ 30 ਲੱਖ ਰੁਪਏ ਦੇ ਸਾਮਾਨ ਅਤੇ ਗੱਡੀ ਸਮੇਤ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਦੋਂ ਕਿ ਦੋ ਦੋਸ਼ੀ ਫਰਾਰ ਹਨ,ਜਿਨ੍ਹਾਂ ਨੂੰ ਜਲਦੀ



ਗ੍ਰਿਫਤਾਰ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਦੋਸ਼ੀਆਂ ਪਵਨ ਵਾਸੀ ਚੂੜਲ ਕਲਾਂ, ਮਨੀਸ਼ ਕੁਮਾਰ ਵਾਸੀ ਜਾਖਲ, ਹਰਦੀਪ ਸਿੰਘ ਵਾਸੀ ਬਖੋਰਾ ਕਲਾਂ, ਹਰਦੀਪ ਸਿੰਘ ਉਰਫ ਦੀਪਾ ਵਾਸੀ ਧਾਰਸੂਲ ਥਾਣਾ ਕੁਲਾਂ (ਹਰਿਆਣਾ) ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਵਾਸ਼ਿੰਗ ਮਸ਼ੀਨਾਂ, ਏ ਸੀ, ਤਾਰ ਅਤੇ ਹੋਰ ਇਲੈਕਟ?ਰੋਨਿਕਸ ਦਾ ਸਾਮਾਨ ਬਰਾਮਦ ਕੀਤਾ ਗਿਆ ਹੈ। ਦੋਸ਼ੀਆਂ ਦਾ ਰਿਮਾਂਡ ਲੈ ਕੇ ਹੋਰ ਸਾਮਾਨ ਦੀ ਬਰਾਮਦਗੀ ਸਬੰਧੀ ਪੁੱਛਗਿੱਛ ਜਾਰੀ ਹੈ ਅਤੇ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ ਰੇਡ ਕੀਤੀ ਜਾ ਰਹੀ ਹੈ। ਇਸ ਮੌਕੇ ਥਾਣਾ ਮੁੱਖੀ ਕਰਮਜੀਤ ਸਿੰਘ ,ਚੌਂਕੀ ਚੋਟੀਆਂ ਦੇ ਇੰਚਾਰਜ ਰਣਜੀਤ ਸਿੰਘ, ਸਬ ਇੰਸਪੈਕਟਰ ਸ਼ਗਨਪ੍ਰੀਤ ਸਿੰਘ, ਟੈਕਨੀਕਲ ਮੁਹਾਰ ਦਿਲਪ੍ਰੀਤ ਸਿੰਘ ਤੋਂ ਇਲਾਵਾ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਕੇਂਦਰੀ ਮੰਤਰੀ ਮਨੋਹਰ ਲਾਲ ਨੇ ਕਰਨਾਲ ਸ਼ਹਿਰ ਨੂੰ ਸਵੱਛਤਾ ਵਿੱਚ ਰਾਸ਼ਟਰਪਤੀ ਪੁਰਸਕਾਰ ਲਈ ਚੁਣੇ ਜਾਣ 'ਤੇ ਦਿੱਤੀ ਵਧਾਈ

ਚੰਡੀਗੜ੍ਹ, 11 ਮਈ। ਕੇਂਦਰੀ ਉਰਜਾ, ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਵੱਛ ਸਰਵੇਖਣ ਵਿੱਚ ਦੇਸ਼ ਦੇ ਸੱਭ ਤੋਂ ਸਾਫ ਸ਼ਹਿਰਾਂ ਦੀ ਲਿਸਟ ਵਿੱਚ ਕਰਨਾਲ ਸ਼ਹਿਰ ਦਾ ਨਾਮ ਸ਼ਾਮਿਲ ਹੋਇਆ ਹੈ, ? ਕਿ ਸਾਡੇ ਸਾਰਿਆਂ ਲਈ ਬਹੁਤ ਹੀ ਖੁਸ਼ੀ ਦੀ ਗੱਲ ਹੈ। ਉਨ੍ਹਾਂ ਨੇ ਸਵੱਛਤਾ ਵਿੱਚ ਕਰਨਾਲ ਸ਼ਹਿਰ ਨੂੰ ਰਾਸ਼ਟਰਪਤੀ ਪੁਰਸਕਾਰ ਲਈ ਚੁਣੇ ਜਾਣ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਭਵਿੱਖ ਵਿੱਚ ਵੀ ਸਵੱਛਤਾ ਨੂੰ ਬਰਕਰਾਰ ਰੱਖਣ ਵਿੱਚ ਜਨਤਾ ਸਹਿਯੋਗ ਕਰੇ। ਕੇਂਦਰੀ ਮੰਤਰੀ ਸ੍ਰੀ ਮਨੋਹਰ ਲਾਲ ਐਤਵਾਰ ਨੂੰ ਕਰਨਾਲ ਦੌਰੇ ਦੌਰਾਨ ਮੀਡੀਆ ਨਾਲ ਰੁਬਰੂ ਹੋ ਰਹੇ ਸਨ। ਉਨ੍ਹਾਂ ਨੇ ਇਸ ਉਪਲਬਧ ਲਈ ਕਰਨਾਲ ਦੇ ਜਨਪ੍ਰਤੀਨਿਧੀਆਂ, ਸਫਾਈ ਕਰਮਚਾਰੀਆਂ ਤੇ ਜਨਤਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਕਰਨਾਲ ਸ਼ਹਿਰ ਨੂੰ ਸਵੱਛਤਾ ਵਿੱਚ ਰਾਸ਼ਟਰਪਤੀ ਪੁਰਸਕਾਰ ਲਈ ਚੁਣਿਆ ਗਿਆ ਹੈ। ਇਹ ਪੁਰਸਕਾਰ ਸਫਾਈ ਮਿੱਤਰਾਂ ਵੱਲੋਂ ਕੀਤੇ ਗਏ ਬਿਹਤਰ ਕੰਮਾਂ ਅਤੇ ਨਾਗਰਿਕਾਂ ਵੱਲੋਂ ਦਿੱਤੇ ਗਏ ਸਹਿਯੋਗ ਦਾ ਫੱਲ ਹੈ। ਉਨ੍ਹਾਂ ਨੇ ਕਿਹਾ ਕਿ ਸਵੱਛ ਭਾਰਤ ਮਿਸ਼ਨ ਤਹਿਤ ਪਿਛਲੇ ਕਈ ਸਾਲਾਂ ਤੋਂ ਸਵੱਛਤਾ ਸਰਵੇਖਣ ਮੁਹਿੰਮ ਚੱਲ ਰਹੀ ਹੈ, ਜਿਸ ਨੂੰ ਥਰਡ ਪਾਰਟੀ ਏਜੰਸੀ ਵੱਲੋਂ ਕੀਤਾ ਜਾਂਦਾ ਹੈ। ਉਸ ਏਜੰਸੀ ਤੋਂ ਪ੍ਰਾਪਤ ਲਿਸਟ ਅਤੇ ਆਬਾਦੀ ਦੇ ਆਧਾਰ 'ਤੇ ਪੰਜ ਸ਼?ਰੇਣੀਆਂ ਬਣਾਈਆਂ ਹਨ ਜਿਨ੍ਹਾਂ ਵਿੱਚ 10 ਲੱਖ ਤੋਂ ਉੱਪ ਦੀ ਆਬਾਦੀ ਵਾਲੇ ਸ਼ਹਿਰ ਅਤੇ ਦੂਜੀ ਸ਼?ਰੇਣੀ 10 ਲੱਖ ਤੋਂ 3 ਲੱਖ ਤੱਕ ਦੀ ਆਬਾਦੀ ਵਾਲੀ ਸ਼?ਰੇਣੀ ਹੈ। ਦੂਜੀ ਸ਼?ਰੇਣੀ ਵਿੱਚ ਕਰਨਾਲ ਸ਼ਹਿਰ ਦਾ ਨਾਮ ਸ਼ਾਮਿਲ ਹੈ। ਮੀਡੀਆ ਦੇ ਇੱਕ ਸੁਆਲ ਦੇ ਜਵਾਬ ਵਿੱਚ ਕੇਂਦਰੀ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਇੱਕ ਪਾਇਲਟ ਪ੍ਰੋਜੈਕਟ ਵਜੋ ਦੇਸ਼ ਦੇ 100 ਸ਼ਹਿਰਾਂ ਨੂੰ ਚੁਣਿਆ ਗਿਆ ਸੀ ਉਨ੍ਹਾਂ ਵਿੱਚ ਕਰਨਾਲ ਸ਼ਹਿਰ ਵੀ ਸ਼ਾਮਿਲ ਸੀ। ਸਮਾਰਟ ਸਿਟੀ ਪ੍ਰੋਜੈਕਟ ਤਹਿਤ ਕਰਨਾਲ ਸ਼ਹਿਰ ਵਿੱਚ ਕਾਫੀ ਕੰਮ ਹੋਇਆ ਹੈ, ਪਰ ਜੋ ਕੰਮ ਪੈਂਡਿੰਗ ਰਹਿ ਗਏ ਸਨ, ਉਨ੍ਹਾਂ ਨੂੰ ਪੂਰਾ ਕਰਵਾਇਆ ਜਾਵੇਗਾ। ਇਸ ਮੌਕੇ 'ਤੇ ਕਰਨਾਲ ਵਿਧਾਇਕ ਸ੍ਰੀ ਜਗਮੋਹਨ ਆਨੰਦ, ਇੰਦਰੀ ਦੇ ਵਿਧਾਇਕ ਸ੍ਰੀ ਰਾਮਕੁਮਾਰ ਕਸ਼ਪ, ਨੀਲੋਖੇੜੀ ਦੇ ਵਿਧਾਹਿਕ ਸ੍ਰੀ ਭਗਵਾਨਦਾਸ ਕਬੀਰਪੰਥੀ, ਅਸੰਧ ਵਿਧਾਇਕ ਸ੍ਰੀ ਯੋਗੇਂਦਰ ਰਾਣਾ, ਨਗਰ ਨਿਗਮ ਮੇਅਰ ਸ੍ਰੀਮਤੀ ਰੇਣੂ ਬਾਲਾ ਗੁਪਤਾ ਤੇ ਹੋਰ ਮਾਣਯੋਗ ਲੋਕ ਮੌਜੂਦ ਰਹੇ।

## ਪੰਜਾਬ 'ਚ ਹੁੰਮਸ ਭਰੀ ਗਰਮੀ ਵਿਚਾਲੇ ਮੌਸਮ ਵਿਭਾਗ ਦੀ ਨਵੀਂ ਭਵਿੱਖਬਾਣੀ

ਚੰਡੀਗੜ੍ਹ 11 ਮਈ। ਪੰਜਾਬ ਦਾ ਮੌਸਮ ਲਗਾਤਾਰ ਕਰਵਟ ਪਰਤ ਰਿਹਾ ਹੈ। ਸੂਬੇ ਵਿਚ ਅਚਾਨਕ ਬਰਸਾਤ ਤੇ ਫ਼?ਰ ਅਚਾਨਕ ਹੁੰਮਸ ਭਰੀ ਗਰਮੀ ਕਾਰਨ ਲੋਕਾਂ ਦਾ ਰਹਿਣ-ਸਹਿਣ ਕਾਫ਼ੀ ਪ੍ਰਭਾਵਿਤ ਹੋ ਰਿਹਾ ਹੈ। ਇਸੇ ਤਰ੍ਹਾਂ ਤਾਪਮਾਨ ਵਿਚ ਵੀ ਲਗਾਤਾਰ ਉਤਾਰ-ਚੜ੍ਹਾਅ ਆ ਰਹੇ ਹਨ। ਅੱਜ ਸਵੇਰੇ ਵੀ ਕਈ ਜ਼ਿਲ੍ਹਿਆਂ ਵਿਚ ਤੇਜ਼ ਬਾਰਿਸ਼ ਹੋਈ ਪਰ ਕੁਝ ਹੀ ਦੇਰ ਬਾਅਦ ਫ਼?ਰ ਹੁੰਮਸ ਭਰੀ ਗਰਮੀ ਦਾ ਅਸਰ ਵੇਖਣ ਨੂੰ ਮਿਲਿਆ। ਪਿਛਲੇ 24 ਘੰਟਿਆਂ ਦੀ ਗੱਲ ਕਰੀਏ ਤਾਂ ਸੂਬੇ ਵਿਚ ਕਈ ਥਾਈਂ ਬਾਰਿਸ਼ ਹੋਈ। ਪਰ ਨਾਲ ਹੀ ਲੋਕਾਂ ਨੂੰ ਹੁੰਮਸ ਭਰੀ ਗਰਮੀ ਦਾ ਵੀ ਸਾਹਮਣਾ ਕਰਨਾ ਪਿਆ। ਮੀਂਹ ਦੇ ਬਾਵਜੂਦ ਤਾਪਮਾਨ ਵਿਚ 0.1 ਡਿਗਰੀ ਦਾ ਮਾਮੂਲੀ ਗਿਰਾਵਟ ਦਰਜ ਕੀਤੀ ਗਈ। ਸੂਬੇ ਦਾ ਤਾਪਮਾਨ ਜੋ ਪਹਿਲਾਂ 30 ਡਿਗਰੀ ਲਾਗੇ ਪਹੁੰਚ ਗਿਆ ਸੀ, ਉਹ ਇਕ ਵਾਰ ਫ਼?ਰ 37 ਡਿਗਰੀ ਤੋਂ ਉੱਪਰ ਹੋ ਗਿਆ ਹੈ। 37.2 ਡਿਗਰੀ ਤਾਪਮਾਨ ਦੇ ਨਾਲ ਰੂਪਨਗਰ ਸਭ ਤੋਂ ਗਰਮ ਰਿਹਾ। ਭਾਰਤੀ ਮੌਸਮ ਵਿਗਿਆਨ ਕੇਂਦਰ ਮੁਤਾਬਕ ਬਾਰਿਸ਼ ਦਾ ਇਹ ਸਿਲਸਿਲਾ ਆਉਣ ਵਾਲੇ ਦਿਨਾਂ ਵਿਚ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਵਿਭਾਗ ਵੱਲੋਂ ਅੱਜ ਵੀ ਸੂਬੇ ਦੇ ਅੱਧੇ ਤੋਂ ਵੱਧ ਜ਼ਿਲ੍ਹਿਆਂ ਵਿਚ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਉੱਥੇ ਹੀ ਤਰਨਤਾਰਨ ਦੇ ਨਾਲ-ਨਾਲ ਮਾਲਵੇ ਦੇ ਜ਼ਿਆਦਾਤਰ ਹਿੱਸਿਆਂ ਵਿਚ ਅੱਜ ਬਾਰਿਸ਼ ਦੀ ਕੋਈ ਸੰਭਾਵਨਾ ਨਹੀਂ ਹੈ।

# ਪੰਜਾਬ 'ਚ ਵੱਡਾ ਹਾਦਸਾ, ਪੈਟਰੋਲ ਪੰਪ ਮਾਲਕ ਸਮੇਤ 3 ਨੌਜਵਾਨਾਂ ਦੀ ਗਈ ਜਾਨ

ਅੰਮ੍ਰਿਤਸਰ 15 ਜੁਲਾਈ। ਅਟਾਰੀ ਨੇੜੇ ਪਿੰਡ ਘਰਿੰਡਾ ਵਿਚ ਕਾਰ ਅਤੇ ਟਰੈਕਟਰ-ਟਰਾਲੀ ਦੀ ਟੱਕਰ ਹੋ ਗਈ, ਜਿਸ ਕਾਰਨ 3 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪਿੰਡ ਘਰਿੰਡਾ ਵਿਚ ਇਕ ਕਾਰ ਅਤੇ ਟਰੈਕਟਰ-ਟਰਾਲੀ ਦੀ ਟੱਕਰ ਹੋ ਗਈ, ਜਿਸ ਕਾਰਨ ਪੈਟਰੋਲ ਪੰਪ ਮਾਲਕ ਵਿਕਰਮਜੀਤ ਸਿੰਘ ਵਾਸੀ ਨਿਊ ਅੰਮ੍ਰਿਤਸਰ, ਮੁਨੀਸ਼ ਵਾਸੀ ਛੇਹਰਟਾ ਤੇ ਕਮਲਪ੍ਰੀਤ ਸਿੰਘ ਵਾਸੀ ਛੇਹਰਟਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਘਰਿੰਡਾ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਸੂਤਰਾਂ ਅਨੁਸਾਰ ਟੱਕਰ ਇੰਨੀ ਭਿਆਨਕ ਸੀ ਕਿ ਕਾਰ ਬੁਰੀ ਤਰੀਕੇ ਨਾਲ ਨੁਕਸਾਨੀ ਗਈ ਤੇ ਤਿੰਨੋਂ ਜਣੇ ਉਸ ਕਾਰ 'ਚ ਫਸ ਗਏ। ਬਹੁਤ ਕੜੀ ਮਿਹਨਤ ਦੇ ਬਾਅਦ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ, ਪਰ ਜਦ ਤੱਕ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਜਾਂਦਾ, ਤਿੰਨਾਂ ਦੀ ਮੌਤ ਹੋ ਚੁੱਕੀ ਸੀ। ਇਸ ਦੌਰਾਨ ਮੌਕੇ 'ਤੇ ਪੁਲਸ ਪਹੁੰਚੀ ਅਤੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਹਾਦਸੇ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਟਰੈਕਟਰ ਟਰਾਲੀ ਨੂੰ ਸੜਕ ਉੱਤੇ ਪਲਟਿਆ ਹੋਇਆ ਅਤੇ ਕਾਰ ਨੂੰ ਅੱਗੋਂ ਭਾਰੀ ਨੁਕਸਾਨ ਹੋਇਆ ਦਿੱਖ ਰਿਹਾ ਹੈ।

## ਭਾਰਤੀ ਖੇਤਰ 'ਚ ਘੁਸਪੈਠ ਦੇ ਦੋਸ਼ 'ਚ ਬੰਗਲਾਦੇਸ਼ੀ ਨਾਗਰਿਕ ਗ੍ਰਿਫ਼ਤਾਰ

ਜੰਮੂ 11 ਮਈ। ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਦੇ ਕਟੜਾ ਤੋਂ ਬਿਨਾਂ ਜਾਇਜ਼ ਯਾਤਰਾ ਦਸਤਾਵੇਜ਼ਾਂ ਦੇ ਭਾਰਤੀ ਖੇਤਰ 'ਚ ਪ੍ਰਵੇਸ਼ ਕਰਨ ਦੇ ਦੋਸ਼ 'ਚ ਬੰਗਲਾਦੇਸ਼ ਦੇ



ਇਕ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਮਾਤਾ ਵੈਸ਼ਨੋ ਦੇਵੀ ਤੀਰਥ ਯਾਤਰੀਆਂ ਦੇ ਆਧਾਰ ਕੰਪਲੈਕ ਏਸ਼ੀਆ ਚੌਕ ਕੋਲ ਨਿਯਮਿਤ ਜਾਂਚ ਕਰ ਰਹੇ ਪੁਲਸ ਦੇ ਇਕ ਦਲ ਨੇ ਫਹੀਮ ਅਹਿਮਦ ਨੂੰ ਸ਼ੱਕੀ ਗਤੀਵਿਧੀਆਂ 'ਚ ਸ਼ਾਮਲ ਪਾਇਆ। ਪੁਲਸ ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਨੂੰ ਦੇਖ ਕੇ ਅਹਿਮਦ ਨੇ ਲੁੱਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਫੜ ਲਿਆ ਗਿਆ। ਪੁਲਸ ਅਨੁਸਾਰ, ਅਹਿਮਦ ਕੋਲੋਂ ਇਕ ਬੰਗਲਾਦੇਸ਼ੀ ਪਛਾਣ ਪੱਤਰ ਮਿਲਿਆ, ਹਾਲਾਂਕਿ ਉਹ ਭਾਰਤ 'ਚ ਆਪਣੀ ਮੌਜੂਦਗੀ ਦਾ ਕੋਈ ਜਾਇਜ਼ ਯਾਤਰਾ ਦਸਤਾਵੇਜ਼, ਵੀਜ਼ਾ ਅਤੇ ਪਾਸਪੋਰਟ ਨਹੀਂ ਦਿਖਾ ਸਕਿਆ। ਪੁਲਸ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਕਿ ਅਹਿਮਦ ਨੇ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਗੈਰ-ਕਾਨੂੰਨੀ ਤਰੀਕਿਆਂ ਨਾਲ ਭਾਰਤ 'ਚ ਪ੍ਰਵੇਸ਼ ਕੀਤਾ। ਬੁਲਾਰੇ ਨੇ ਦੱਸਿਆ ਕਿ ਕਟੜਾ ਥਾਣੇ 'ਚ ਵਿਦੇਸ਼ੀ ਐਕਟ ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਇਕ ਐੱਫਆਈਆਰ ਦਰਜ ਕਰ ਕੇ ਉਸ ਦੇ ਗੈਰ-ਕਾਨੂੰਨੀ ਪ੍ਰਵੇਸ਼ ਦੇ ਪਿੱਛੇ ਮਕਸਦ ਅਤੇ ਸੰਭਾਵਿਤ ਸੰਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

# ਹਫ਼ਤੇ ਵਿਚ ਇਕ ਵਾਰ ਕੂਲਰਾਂ ਅਤੇ ਫ਼ਰਿੱਜਾਂ ਦੀਆਂ ਟਰੇਆਂ ਨੂੰ ਖ਼ਾਲੀ ਕਰ ਕੇ ਸੁਕਾਓ-ਸਿਵਲ ਸਰਜਨ ਡਾ. ਸੰਜੇ ਕਾਮਰਾ

**ਕੌਮੀ ਪਤ੍ਰਿਕਾ**

ਸੰਗਰੂਰ, 11 ਮਈ। ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਡਾ. ਹਤਿੰਦਰ ਕੌਰ ਅਤੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਅਗਵਾਈ ਵਿੱਚ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸਥਾਨਕ ਰੋਡਵੇਜ ਵਰਕਸ਼ਾਪ, ਸਰਕਾਰੀ ਅਤੇ ਪ੍ਰਾਈਵੇਟ ਦਫਤਰਾਂ ਵਿੱਚ ਡੇਂਗੂ ਦੀ ਰੋਕਥਾਮ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਅਤੇ ਸੂਚਨਾ ਅਫ਼ਸਰ ਤਿਰਲੋਕ ਸਿੰਘ,ਹਰਦੀਪ ਜਿੰਦਲ ਬਲਾਕ ਐਜੂਕੇਟਰ, ਐਸ ਆਈ ਰਾਮ ਲਾਲ ਸਿੰਘ, ਮ ਪ ਹ ਵ (ਮ) ਯਾਦਵਿੰਦਰ ਸਿੰਘ, ਮ ਪ ਹ ਵ (ਫੀ) ਅਮਨਦੀਪ ਸਿੰਘ, ਅਕਰਮ, ਬਲਜਿੰਦਰ ਸਿੰਘ, ਐਂਟੀ ਲਾਰਵਾ ਸਟਾਫ, ਆਸ਼ਾ ਅਤੇ ਬਰੀਡ ਚੈੱਕਰ ਹਾਜ਼ਰ ਸਨ। ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਸੰਜੇ ਕਾਮਰਾ ਨੇ ਕਿਹਾ ਕਿ ਕਿਸੇ ਵੀ ਥਾਂ ਪਾਣੀ ਖੜ੍ਹਾ ਨਾ ਹੋਣ ਦਿਤਾ ਜਾਵੇ ਕਿਉਂਕਿ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਖੜ੍ਹੇ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਇਸ ਲਈ ਹਫ਼ਤੇ ਵਿਚ ਘੱਟੋ-ਘੱਟ ਇਕ ਵਾਰ ਕੂਲਰਾਂ ਅਤੇ ਫ਼ਰਿੱਜਾਂ ਦੀਆਂ ਟਰੇਆਂ ਨੂੰ ਖ਼ਾਲੀ ਕਰ ਕੇ ਸੁਕਾਓ। ਉਨ੍ਹਾਂ ਇਹ ਵੀ ਦੱਸਿਆ ਕਿ ਹਰ ਸ਼ੁਕਰਵਾਰ ਨੂੰ ਪੇਂਡੂ ਸਿਹਤ ਸਫ਼ਾਈ ਅਤੇ ਖੁਰਾਕ ਕਮੇਟੀਆਂ, ਨਰਸਿੰਗ ਸਿੱਖਿਆਰਥਣਾ ਅਤੇ ਸਮਾਜ ਸੇਵੀ ਕਲੱਬਾਂ ਦੇ ਸਹਿਯੋਗ ਨਾਲ ਪਾਣੀ ਖੜ੍ਹਨ ਦੇ ਸੋਮਿਆਂ ਵਿੱਚ ਲਾਰਵੇ ਦੀ ਜਾਂਚ ਦੇ ਨਾਲ-ਨਾਲ ਲੋਕਾਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ, ਇਸ ਲਈ ਅਜਿਹੇ ਕੱਪੜੇ ਪਾਓ, ਜਿਨ੍ਹਾਂ ਨਾਲ ਪੂਰਾ ਸਰੀਰ ਢਕਿਆ ਰਹੇ। ਤੇਜ਼ ਬੁਖ਼ਾਰ ਹੋਣ ਦੀ ਹਾਲਤ ਵਿਚ ਤੁਰਤ ਨੇੜਲੇ ਹਸਪਤਾਲ ਜਾਂ ਡਿਸਪੈਂਸਰੀ ਆਦਿ ਵਿਚ ਜਾ ਕੇ ਮੁਆਇਨਾ ਕਰਵਾਓ। ਜ਼ਿਲਾ ਐਪੀਡਿਮੋਲੋਜਿਸਟ ਡਾ. ਉਪਾਸਨਾ ਬਿੰਦਰਾ ਨੇ ਡੇਂਗੂ ਦੇ ਆਮ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਡੇਂਗੂ ਬੁਖ਼ਾਰ ਦੇ ਆਮ ਲੱਛਣ ਹਨ। ਇਸ ਤਰ੍ਹਾਂ ਹੋਣ ਤੇ ਤੁਰੰਤ ਸਰਕਾਰੀ ਹਸਪਤਾਲ ਵਿਚ ਜਾ ਕੇ ਡਾਕਟਰ ਕੋਲੋਂ ਜਾਂਚ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖ਼ਾਰ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਬਿਲਕੁਲ ਮੁਫ਼ਤ ਹੁੰਦਾ ਹੈ।

## ਭਗਤਾਂ ਵਾਲਾ ਕੂੜਾ ਡੰਪ ਉੱਤੇ ਕੂੜੇ ਨੂੰ ਖਾਦ ਵਿੱਚ ਬਦਲਣ ਦਾ ਕੰਮ ਦੁਬਾਰਾ ਛੇਤੀ ਸ਼ੁਰੂ ਹੋਵੇਗਾ- ਡਿਪਟੀ ਕਮਿਸ਼ਨਰ

ਅੰਮ੍ਰਿਤਸਰ 11 ਮਈ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਝਬਾਲ ਰੋਡ ਅਤੇ ਭਗਤਾਂ ਵਾਲਾ ਕੂੜਾ ਡੰਪ ਵਿਖੇ ਕੂੜਾ ਪ੍ਰਬੰਧਨ ਦਾ ਜਾਇਜ਼ਾ ਲੈਂਦੇ ਹੋਏ ਦੱਸਿਆ ਕਿ ਭਗਤਾਂ ਵਾਲਾ ਕੂੜਾ ਡੰਪ ਵਿਖੇ ਊੜੇ ਨੂੰ ਖਾਦ ਵਿੱਚ ਬਦਲਣ ਦਾ ਕੰਮ ਦੁਬਾਰਾ ਛੇਤੀ ਸ਼ੁਰੂ ਕੀਤਾ ਜਾ ਰਿਹਾ ਹੈ ਉਹਨਾਂ ਦੱਸਿਆ ਕਿ ਪਹਿਲੀ ਕੰਪਨੀ ਵੱਲੋਂ ਕੰਮ ਛੱਡਣ ਉਪਰੰਤ ਨਵਾਂ ਟੈਂਡਰ ਜਾਰੀ ਕੀਤਾ ਗਿਆ ਸੀ ਅਤੇ ਉਸ ਦੀ ਪਹਿਲਾ ਪੜਾ ਸਫਲਤਾ ਪੂਰਕ ਪੂਰਾ ਕਰ ਲਿਆ ਗਿਆ ਹੈ ਅਤੇ ਕੁਝ ਹੀ ਦਿਨਾਂ ਵਿੱਚ ਇਹ ਕੰਮ ਸਫਲ ਬੋਲੀ ਕਰਨ ਨੂੰ ਅਲਾਟ ਕਰਕੇ ਸ਼ੁਰੂ ਕਰਵਾ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਕੂੜਾ ਡੰਪ ਵਿਖੇ ਪਿਛਲੇ ਕਈ ਦਹਾਕਿਆਂ ਤੋਂ ਕੂੜਾ ਸੁੱਟਣ ਕਾਰਨ ਕੂੜੇ ਦਾ ਜੋ ਪਹਾੜ ਜਮਾ ਹੋਇਆ ਹੈ, ਇਸ ਨੂੰ ਖਾਦ ਵਿੱਚ ਬਦਲ ਕੇ ਇਥੋਂ ਹਟਾ ਦਿੱਤਾ ਜਾਵੇਗਾ, ਜਿਸ ਨਾਲ ਇਸ ਇਲਾਕੇ ਦੇ ਲੋਕਾਂ ਨੂੰ ਪੈਦਾ ਹੁੰਦੀ ਪਰੇਸ਼ਾਨੀ ਸਦਾ ਲਈ ਦੂਰ ਹੋ ਜਾਵੇਗੀ। ਉਨਾਂ ਅੱਜ ਬਰਸਾਤ ਦੇ ਮੌਸਮ ਨੂੰ ਧਿਆਨ 'ਚ ਰੱਖਦੇ ਝਬਾਲ ਰੋਡ ਸਥਿਤ ਕੂੜਾ ਡੰਪ ਵਾਲੇ ਸਥਾਨ ਦਾ ਦੌਰਾ ਕਰਕੇ ਕੂੜਾ ਪ੍ਰਬੰਧਨ ਅਤੇ ਸਫਾਈ ਕੰਮਾਂ ਦੀ ਸਮੀਖਿਆ ਵੀ ਕੀਤੀ। ਉਹਨਾਂ ਅਧਿਕਾਰੀਆਂ ਨੂੰ ਕੂੜੇ ਦੀ ਤੁਰੰਤ ਸਫਾਈ ਅਤੇ ਪਾਣੀ ਦੀ ਨਿਕਾਸੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਲੋਕਾਂ ਨੂੰ ਕਿਸੇ ਤਕਲੀਫ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਕਾਰਪੋਰੇਸ਼ਨ ਦੇ ਵਧੀਕ ਕਮਿਸ਼ਨਰ ਸ੍ਰੀ ਸੁਰਿੰਦਰ ਸਿੰਘ, ਜੋ ਕਿ ਮੌਕੇ ਉੱਪਰ ਹਾਜ਼ਰ ਸਨ, ਨੂੰ ਹਦਾਇਤ ਕੀਤੀ ਕਿ ਉਹ ਮੌਸਮ ਦੇ ਚੱਲਦੇ ਸ਼ਹਿਰ ਵਿੱਚ ਸਾਫ ਸਫਾਈ ਦਾ ਖਾਸ ਧਿਆਨ ਰੱਖਣ ਤਾਂ ਜੋ ਬਰਸਾਤੀ ਸੀਜਨ ਦੌਰਾਨ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਕਾਰਪੋਰੇਸ਼ਨ ਦੇ ਸਿਹਤ ਅਫਸਰ ਡਾਕਟਰ ਕਿਰਨ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਲੋਹਗੜ੍ਹ ਵਿੱਚ ਬਣ ਰਹੇ ਬਾਬਾ ਬੰਦਾ ਸਿੰਘ ਬਹਾਦੁਰ ਸਮਾਰਕ ਲਈ 26 ਲੱਖ ਰੁਪਏ ਦਾ ਦਿੱਤਾ ਯੋਗਦਾਨ

ਚੰਡੀਗੜ੍ਹ, 11 ਮਈ। ਸਿੱਖ ਵਿਰਾਸਤ ਦੇ ਸਰੰਖਣ ਵਿੱਚ ਵਰਨਣਯੋਗ ਯੋਗਦਾਨ ਦਿੰਦੇ ਹੋਏ ਤਿੰਨ ਵਿਅਕਤੀਆਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਮੈਮੋਰਿਅਲ ਫਾਉਂਡੇਸ਼ਨ ਟਰਸਟ, ਲੋਹਗੜ੍ਹ ਨੂੰ ਕੁੱਲ 26 ਲੱਖ ਰੁਪਏ ਦਾ ਦਾਨ ਪ੍ਰਦਾਨ ਕੀਤਾ। ਦਾਨ ਰਕਮ ਦੇ ਚੈਕ ਇੱਥੇ ਚੰਡੀਗੜ੍ਹ ਵਿੱਚ ਕੇਂਦਰੀ ਬਿਜਲੀ, ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਸ੍ਰੀ ਮਨੋਹਰ ਲਾਲ ਨੂੰ ਰਸਮੀ ਰੂਪ ਨਾਲ ਸੌਂਪੇ ਗਏ। ਇਸ ਮੌਕੇ 'ਤੇ ਹਰਿਆਣਾ ਸਰਕਾਰ ਦੇ ਵਿਸ਼ੇਸ਼ ਕਾਰਜ ਅਧਿਕਾਰੀ ਡਾ. ਪ੍ਰਭਲੀਨ ਸਿੰਘ ਵੀ ਮੌਜੂਦ ਸਨ, ਜੋ ਟਰਸਟ ਦੇ ਕੰਮਾਂ ਨਾਲ ਸਰਗਰਮ ਰੂਪ ਨਾਲ ਜੁੜੇ ਹੋਏ ਹਨ। ਇਸ ਨੇਕ ਕੰਮ ਵਿੱਚ ਸਹਿਯੋਗ ਦੇਣ ਲਈ ਅੱਗੇ ਆਏ ਦਾਨੀਆਂ ਵਿੱਚ ਐਚਬੀਐਸ ਅਤੇ ਸਪੇਸ ਫਾਇਵ ਆਰਕੀਟੇਕਟ ਗਰੁੱਪ ਦੇ ਡਾਇਰੈਕਟ ਸ੍ਰੀ ਹਰਕਰਣ ਸਿੰਘ ਬੋਪਾਰਾਏ ਸ਼ਾਮਿਲ ਹਨ, ਜਿਨ੍ਹਾਂ ਨੇ 11 ਲੱਖ ਰੁਪਏ ਦਾ ਯੋਗਦਾਨ ਦਿੱਤਾ, ਇੱਕ ਕੰਸਟ?ਰਕਸ਼ਨ ਗਰੁੱਪ ਦੇ ਚੇਅਰਮੈਨ ਸ੍ਰੀ ਅਸ਼ੋਕ ਸ਼ਰਮਾ, ਜਿਨ੍ਹਾਂ ਨੇ 10 ਲੱਖ ਰੁਪਏ ਦਾ ਦਾਨ ਦਿੱਤਾ ਅਤੇ ਕੌਮਾਂਤਰੀ ਗੀਤਾ ਮਹੋਤਸਵ ਅਥਾਰਿਟੀ ਦੇ ਮੈਂਬਰ ਅਤੇ ਵੜੈਚ ਹੋਮਿਓਪੈਥਿਕ ਕਲੀਨਿਕ, ਪੇਹੋਵਾ ਦੇ ਸੰਸਥਾਪਕ ਡਾ. ਅਵਨੀਤ ਸਿੰਘ ਵੜੈਚ ਨੇ 5 ਲੱਖ ਰੁਪਏ ਦਾ ਯੋਗਦਾਨ ਦੇ ਕੇ ਸਹਿਯੋਗ ਪ੍ਰਦਾਨ ਕੀਤਾ। ਵਰਨਣਯੋਗ ਹੈ ਕਿ ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਸਮਾਰਕ ਦਾ ਨਿਰਮਾਣ ਫਾਉਂਡੇਸ਼ਨ ਟਰਸਟ ਦੇ ਮਾਰਗਦਰਸ਼ਨ ਵਿੱਚ ਭਾਰਤ ਵਿੱਚ ਪਹਿਲਾ ਸੰਪ੍ਰਭੂ ਸਿੱਖ ਸਾਸ਼ਨ ਸਥਾਪਿਤ ਕਰਨ ਵਾਲੇ ਪੂਜਨੀਕ ਸਿੱਖ ਯੋਧਾ ਬਾਬਾ ਬੰਦਾ ਸਿੰਘ ਬਹਾਦੁਰ ਦੇ ਅਦੁੱਤੀ ਹਿੰਮਤ ਅਤੇ ਕੁਰਬਾਨੀ ਦੀ ਯਾਦ ਵਿੱਚ ਕੀਤਾ ਜਾ ਰਿਹਾ ਹੈ। ਇਸ ਯਾਦਗਾਰੀ ਦਾ ਉਦੇਸ਼ ਉਨ੍ਹਾਂ ਦੀ ਬਹਾਦਰੀ ਦਾ ਪ੍ਰਤੀਕ ਬਨਣਾ ਅਤੇ ਭਾਰਤੀ ਇਤਿਹਾਸ ਦੇ ਇਸ ਤੇਜੱਸਵੀ ਸਖਸ਼ੀਅਤ ਦੀ ਵਿਰਾਸਤ ਨੂੰ ਸੰਭਾਲ ਕੇ ਭਾਵੀ ਪੀੜੀਆਂ ਨੂੰ ਪੇ?ਰਰਿਤ ਕਰਨਾ ਹੈ।

# ਸਹੁਰੇ ਨੇ ਜਵਾਈ ਨੂੰ ਦਿੱਤੀ ਦਰਦਨਾਕ ਮੌਤ, ਹੋਸ਼ ਉਡਾ ਦੇਵੇਗਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 11 ਮਈ। ਆਂਧਰਾ ਪ੍ਰਦੇਸ਼ ਦੇ ਸ਼੍ਰੀ ਸੱਤਿਆ ਸਾਈਂ ਜ਼ਿਲ੍ਹੇ ਤੋਂ ਕਤਲ ਦਾ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਇੱਕ ਸਹੁਰੇ ਨੇ ਆਪਣੇ ਜਵਾਈ ਦਾ ਸਿਰ ਧੜ ਤੋਂ ਵੱਖ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਸਹੁਰੇ ਨੇ ਆਪਣੇ ਜਵਾਈ ਨੂੰ ਮਾਰਨ ਲਈ ਇੱਕ ਦੋਸਤ ਦੀ ਮਦਦ ਵੀ ਲਈ। ਇਸ ਦੌਰਾਨ, ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੇ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਾਮਲਾ ਧਰਮਵਰਮ ਇਲਾਕੇ ਦਾ ਹੈ। ਮ੍ਰਿਤਕ ਦੀ ਪਛਾਣ ਵਿਸ਼ਵਨਾਥ ਵਜੋਂ ਹੋਈ ਹੈ, ਜਦੋਂ ਕਿ ਮੁਲਜ਼ਮ ਸਹੁਰੇ ਦਾ ਨਾਮ ਵੈਂਕਟਰਮਨੱਪਾ (65) ਹੈ। ਸਹੁਰੇ ਨੇ ਆਪਣੇ ਜਵਾਈ ਨੂੰ ਮਾਰਨ ਲਈ ਆਪਣੇ ਇੱਕ ਦੋਸਤ ਦੀ ਮਦਦ ਵੀ ਲਈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਧਰਮਵਰਮ ਇਲਾਕੇ ਦੇ ਡੀਐੱਸਪੀ ਹੇਮੰਤ ਨੇ ਦੱਸਿਆ ਕਿ ਵੈਂਕਟਰਮਨੱਪਾ ਨੇ 20 ਸਾਲ ਪਹਿਲਾਂ ਆਪਣੀ ਵੱਡੀ ਧੀ ਸ਼ਿਆਮਲਾ ਦਾ ਵਿਆਹ ਵਿਸ਼ਵਨਾਥ ਨਾਲ ਕੀਤਾ ਸੀ। ਵਿਆਹ ਦੇ ਕੁਝ ਸਾਲਾਂ ਬਾਅਦ ਵਿਸ਼ਵਨਾਥ ਨੂੰ ਆਪਣੀ ਸਾਲੀ ਨਾਲ ਪਿਆਰ ਹੋ ਗਿਆ। ਇੰਨਾ ਹੀ ਨਹੀਂ ਵਿਸ਼ਵਨਾਥ ਨੇ ਆਪਣੀ ਸਾਲੀ ਨਾਲ ਨਾਜਾਇਜ਼ ਸਬੰਧ ਵੀ ਬਣਾਏ ਸਨ। ਇਸ ਸਭ ਕਾਰਨ ਵਿਸ਼ਵਨਾਥ ਦਾ



ਆਪਣੀ ਪਤਨੀ ਨਾਲ ਝਗੜਾ ਹੋ ਗਿਆ ਅਤੇ ਦੋਵਾਂ ਵਿਚਕਾਰ ਦੂਰੀ ਵਧਣ ਲੱਗੀ। ਫਿਰ ਉਹ ਵੱਖ-ਵੱਖ ਰਹਿਣ ਲੱਗ ਪਏ। ਦੋਸ਼ੀ ਵੈਂਕਟਰਮਨੱਪਾ ਅਕਸਰ ਆਪਣੀ ਪਤਨੀ ਨਾਲ ਲੜਦਾ ਵੀ ਰਹਿੰਦਾ ਸੀ ਅਤੇ ਉਨ੍ਹਾਂ ਵਿਚਕਾਰ ਦੂਰੀ ਵੀ ਵਧਣ ਲੱਗੀ। ਇਸ ਤੋਂ ਬਾਅਦ ਵਿਸ਼ਵਨਾਥ ਆਪਣੀ ਪਤਨੀ ਨੂੰ ਛੱਡ ਕੇ ਆਪਣੀ ਸਾਲੀ ਅਤੇ ਸੱਸ ਨਾਲ ਕਾਦਰੀ ਇਲਾਕੇ ਵਿੱਚ ਵੱਖਰਾ ਰਹਿਣ ਲੱਗ ਪਿਆ। ਇਸ ਕਾਰਨ ਸਹੁਰਾ ਵੈਂਕਟਰਮਨੱਪਾ ਆਪਣੇ ਜਵਾਈ ਤੋਂ ਬਹੁਤ ਨਾਰਾਜ਼ ਹੋ ਗਿਆ ਅਤੇ ਉਸ ਵਿਰੁੱਧ ਗੁੱਸਾ ਰੱਖਣ ਲੱਗ ਪਿਆ। ਪੁਲਿਸ ਦੇ ਅਨੁਸਾਰ ਵਿਸ਼ਵਨਾਥ ਨੇ ਕੁਝ ਸਮਾਂ ਪਹਿਲਾਂ ਧਰਮਵਰਮ ਵਿੱਚ ਆਪਣੀ ਸੱਸ ਦੇ ਨਾਮ 'ਤੇ ਰਜਿਸਟਰਡ ਜ਼ਮੀਨ ਵੇਚਣ ਦੀ ਕੋਸ਼ਿਸ਼ ਕੀਤੀ ਸੀ। ਇਸ ਨਾਲ ਵੈਂਕਟਰਮਨੱਪਾ ਹੋਰ ਵੀ ਗੁੱਸੇ ਵਿੱਚ ਆ ਗਿਆ। ਸਹੁਰੇ ਦਾ ਆਪਣੇ ਜਵਾਈ ਪ੍ਰਤੀ ਗੁੱਸਾ ਵਧਦਾ ਗਿਆ ਅਤੇ ਫਿਰ ਉਸਨੇ ਆਪਣੇ ਜਵਾਈ ਦੇ ਕਤਲ ਦੀ ਸਾਜ਼ਿਸ਼ ਰਚੀ। ਇਸ ਤੋਂ ਬਾਅਦ ਵੈਂਕਟਰਮਨੱਪਾ ਨੇ ਆਪਣੇ ਦੋਸਤ ਕਟਮੱਈਆ ਤੋਂ ਮਦਦ ਮੰਗੀ। ਕਟਮੱਈਆ ਨੇ 3 ਜੁਲਾਈ ਨੂੰ ਵਿਸ਼ਵਨਾਥ ਨੂੰ ਜ਼ਮੀਨ ਲਈ 50,000 ਰੁਪਏ ਦੇਣ ਦੀ ਗੱਲ ਕਹਿ ਕੇ ਸ਼ਹਿਰ ਤੋਂ ਬਾਹਰ ਇੱਕ ਸੁੰਨਸਾਨ ਜਗ?ਹਾ 'ਤੇ ਬੁਲਾਇਆ। ਫਿਰ ਵੈਂਕਟਰਮਨੱਪਾ ਨੇ ਕਟਮੱਈਆ ਅਤੇ ਤਿੰਨ ਹੋਰਾਂ ਦੀ ਮਦਦ ਨਾਲ ਆਪਣੇ ਜਵਾਈ ਵਿਸ਼ਵਨਾਥ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਗੁਰਦਾਸਪੁਰ ਵਲੋਂ ਫਸਲ ਦੀ ਰਹਿੰਦ ਖੂੰਹਦ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਪਿੰਡਾਂ ਦਾ ਦੌਰਾ

ਗੁਰਦਾਸਪੁਰ, 11 ਮਈ – ਅੱਜ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਵਲੋਂ ਫਸਲ ਦੀ ਰਹਿੰਦ ਖੂੰਹਦ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਆਪਣੀ ਮੌਜੂਦਗੀ ਵਿੱਚ ਖੇਤਾਂ ਵਿੱਚ ਲੱਗੀ ਅੱਗ ਨੂੰ ਫਾਇਰ ਬਿਰਗੇਡ, ਸਿਵਲ ਤੇ ਪੁਲਿਸ ਵਿਭਾਗ ਦੀਆਂ ਟੀਮਾਂ ਦੇ ਸਹਿਯੋਗ ਨਾਲ ਬੁਝਵਾਇਆ ਗਿਆ। ਇਸ ਮੌਕੇ ਐਸ.ਐਸ.ਪੀ ਗੁਰਦਾਸਪੁਰ, ਆਦਿਤਿਆ ਅਤੇ ਐਸ.ਡੀ.ਐਮ ਸ੍ਰੀਮਤੀ ਅਨੁਪ੍ਰੀਤ ਕੌਰ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਰਣਧੀਰ ਠਾਕਰ ਵੀ ਮੌਜੂਦ ਸਨ।



ਡਿਪਟੀ ਕਮਿਸ਼ਨਰ, ਆਦਿਤਿਆ ਉੱਪਲ, ਅੱਜ ਜਦ ਬਲਾਕ ਕਾਹਨੂੰਵਾਨ ਦੇ ਵੱਖ ਵੱਖ ਪਿੰਡਾਂ ਕੋਟ ਧੰਦਲ, ਗੋਤ, ਭਿੱਟੇਵਿੰਡ, ਜਾਗੋਵਾਲ ਬਾਂਗਰ, ਕੀੜੀ ਅਤੇ ਨੈਨੇਕੋਟ ਦਾ ਦੌਰਾ ਕਰ ਰਹੇ ਸਨ ਤਾਂ ਉਨ੍ਹਾਂ ਰਸਤੇ ਵਿਚ ਖੇਤਾਂ ਵਿੱਚ ਲੱਗੀ ਅੱਗ ਨੂੰ ਦੇਖਿਆ। ਉਨ੍ਹਾਂ ਵਲੋਂ ਤੁਰੰਤ ਕਾਰ ਰੋਕ ਕੇ, ਖੁਦ ਖੇਤ ਵਿੱਚ ਗਏ ਤੇ ਫਾਇਰ ਬਿਰਗੇਡ ਤੇ ਸਿਵਲ ਤੇ ਪੁਲਿਸ ਦੀਆਂ ਟੀਮਾਂ ਦੇ ਸਹਿਯੋਗ ਨਾਲ ਲੱਗੀ ਅੱਗ ਨੂੰ ਬੁਝਵਾਇਆ।

ਇਸ ਮੌਕੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੁੱਚਾ ਪ੍ਰਸ਼ਾਸਨ, ਜਿਸ ਵਿੱਚ ਸਿਵਲ ਤੇ ਪੁਲਿਸ ਵਿਭਾਗ ਸ਼ਾਮਲ ਹੈ, ਵਲੋਂ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਮਿਲ ਰਹੇ ਹਨ ਅਤੇ ਕਣਕ ਦੀ ਫਸਲ ਦੀ ਰਹਿੰਦ ਖੂੰਹਦ ਨਾ ਸਾੜਨ ਦੀ ਅਪੀਲ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਦੀਆਂ ਵਾਪਰ ਰਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਦੇ ਉਹ ਆਪ ਖੁਦ ਜਿਲ੍ਹੇ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰ ਰਹੇ ਹਨ ਤਾਂ ਜੋ ਕਿਸਾਨਾਂ ਨੂੰ ਮਿਲ ਕੇ ਨਾੜ ਨਾ ਸਾੜਨ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਦੱਸਿਆ ਅੱਜ ਐਤਵਾਰ ਵਾਲੇ ਦਿਨ ਵੀ ਸਮੂਹ ਐੱਸ.ਡੀ.ਐੱਮਜ਼, ਡੀ.ਐੱਸ.ਪੀਜ਼, ਕਲੱਸਟਰ ਅਫਸਰ, ਨੋਡਲ ਅਫਸਰ, ਖੇਤੀਬਾੜੀ ਵਿਭਾਗ ਦੇ ਅਧਿਕਾਰੀ ਫੀਲਡ ਵਿੱਚ ਮੌਜੂਦ ਰਹੇ ਹਨ, ਤਾਂ ਜੋ ਪਰਾਲੀ/ਨਾੜ ਨੂੰ ਅੱਗ ਲਗਾਉਣ ਦੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਪਿੰਡਾਂ ਦੇ ਕਿਸਾਨਾਂ ਨੂੰ ਮਿਲਕੇ ਨਾੜ ਨਾ ਸਾੜਨ ਦੀ ਅਪੀਲ ਕੀਤੀ। ਇਸ ਮੌਕੇ ਕਿਸਾਨਾਂ ਵਲੋਂ ਪਰਾਲੀ ਨਾ ਸਾੜਨ ਲਈ ਜਿਲ੍ਹਾ ਪਰਸ਼ਾਸਨ ਨਾਲ ਸਹਿਯੋਗ ਕਰਨ ਦਾ ਯਕੀਨ ਵੀ ਦਿਵਾਇਆ।

ਜਿਲ੍ਹੇ ਦੇ ਬਹੁਤਾਤ ਪਿੰਡਾਂ ਵਿੱਚ ਅਗਾਂਹਵਧੂ ਕਿਸਾਨ ਹਨ, ਜਿਨ੍ਹਾਂ ਵਲੋਂ ਪਿਛਲੇ ਕਈ ਸਾਲਾਂ ਤੋਂ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਈ ਗਈ ਅਤੇ ਉਨ੍ਹਾਂ ਵਲੋਂ ਪਰਾਲੀ ਨਾ ਸਾੜਨ ਦੇ ਫਾਇਦਿਆਂ ਬਾਰੇ ਦੂਜੇ ਕਿਸਾਨਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰਸ਼ਾਸਨ ਵੀ ਅਜਿਹੇ ਕਿਸਾਨਾਂ ਨੂੰ 'ਵਾਤਾਵਰਣ ਦੇ ਰਖਵਾਲੇ' ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰ ਰਿਹਾ ਹੈ ਅਤੇ ਅਗਾਂਹਵਧੂ ਕਿਸਾਨ ਜੋ ਵਾਤਾਵਰਣ ਨੂੰ ਸਾਫ਼ ਰੱਖਣ ਤੇ ਸਮਾਜ ਭਲਾਈ ਲਈ ਯੋਗਦਾਨ ਪਾ ਰਹੇ ਹਨ।

## ਭਾਜਪਾ ਵਿਰੋਧੀ ਸਰਕਾਰਾਂ ਨੂੰ ਕੁਚਲਣ ਲਈ ਈਡੀ, ਸੀਬੀਆਈ ਅਤੇ ਚੋਣ ਕਮਿਸ਼ਨ ਦੀ ਵਰਤੋਂ ਕਰ ਰਹੀ ਹੈ: ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 11 ਮਈ– ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ, ਦੇਸ਼ ਭਰ ਵਿੱਚ ਵਿਰੋਧੀ ਪਾਰਟੀਆਂ ਨੂੰ ਕੁਚਲਣ ਲਈ ਲੋਕਤੰਤਰ ਨੂੰ ਯੋਜਨਾਬੱਧ ਤਰੀਕੇ ਨਾਲ ਖਤਮ ਕਰਨ ਅਤੇ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਿਸ਼ਾਨਾ ਬਣਾਉਣ ਲਈ 3 ਕਰੋੜ ਪੰਜਾਬੀ ਭਾਜਪਾ ਨੂੰ ਮੂੰਹਤੋੜ ਜਵਾਬ ਦੇਣਗੇ ਅਤੇ ਉਨ੍ਹਾਂ ਨੇ 'ਆਪ' ਵਰਕਰਾਂ ਵੱਲੋਂ ਭਾਜਪਾ ਦੀ ਬਦਲੇਖੋਰੀ ਅਤੇ ਡਰਾਉਣ-ਧਮਕਾਉਣ ਦੀ ਰਾਜਨੀਤੀ ਨੂੰ ਬੇਨਕਾਬ ਕਰਨ ਲਈ ਭਾਜਪਾ ਦਫ਼ਤਰਾਂ ਦਾ ਘਿਰਾਓ ਕਰਨ ਦਾ ਐਲਾਨ ਵੀ ਕੀਤਾ।

ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਲਾਲਾ ਲਾਜਪਤ ਰਾਏ ਵਰਗੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਸਦਕਾ ਸਥਾਪਿਤ ਹੋਇਆ ਲੋਕਤੰਤਰ ਅੱਜ ਭਾਜਪਾ ਤੋਂ ਗੰਭੀਰ ਖ਼ਤਰੇ ਵਿੱਚ ਹੈ। ਦੇਸ਼ ਦੀ ਆਜ਼ਾਦੀ ਅਤੇ ਲੋਕਤੰਤਰ ਦੀ ਸਥਾਪਨਾ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪਰ ਹੁਣ ਭਾਜਪਾ ਦੀ ਤਾਨਾਸ਼ਾਹੀ ਰਾਜਨੀਤੀ ਕਾਰਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵੱਲੋਂ ਤਿਆਰ ਕੀਤਾ ਗਿਆ ਸੰਵਿਧਾਨ ਖ਼ਤਰੇ ਹੇਠ ਹੈ।



ਕੇਂਦਰੀ ਏਜੰਸੀਆਂ ਦੀ ਭੂਮਿਕਾ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਰਾਜਾਂ ਵਿੱਚ ਜਿੱਥੇ ਵੀ ਚੋਣਾਂ ਹੋਣੀਆਂ ਹੁੰਦੀਆਂ ਹਨ, ਭਾਜਪਾ ਪਹਿਲਾਂ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਿਭਾਗ ਵਰਗੀਆਂ ਏਜੰਸੀਆਂ ਭੇਜਦੀ ਹੈ, ਅਤੇ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰਨ ਲਈ ਚੋਣ ਕਮਿਸ਼ਨ ਦੀ ਵਰਤੋਂ ਵੀ ਕਰਦੀ ਹੈ। ਇਹ ਏਜੰਸੀਆਂ ਕਦੇ ਵੀ ਭਾਜਪਾ ਸ਼ਾਸਤ ਰਾਜਾਂ ਵਿੱਚ ਨਹੀਂ ਵਰਤੀਆਂ ਜਾਂਦੀਆਂ ਕਿਉਂਕਿ ਭਾਜਪਾ ਦਾ ਇੱਕੋ ਇੱਕ ਉਦੇਸ਼ ਵਿਰੋਧੀ ਸਰਕਾਰਾਂ ਨੂੰ ਅਸਥਿਰ ਕਰਨਾ ਅਤੇ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣਾ ਹੈ।

ਪੰਜਾਬ ਵਿੱਚ ਹਾਲ ਹੀ ਵਿੱਚ ਹੋਈ ਈਡੀ ਦੀ ਕਾਰਵਾਈ ਨੂੰ ਲੈ ਕੇ ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਮੰਤਰੀ ਨੇ ਅੱਗੇ ਕਿਹਾ ਕਿ ਪੱਛਮੀ ਬੰਗਾਲ ਚੋਣਾਂ ਤੋਂ ਤੁਰੰਤ ਬਾਅਦ ਈਡੀ ਨੇ ਆਪਣਾ ਧਿਆਨ ਪੰਜਾਬ ਵੱਲ ਮੋੜ ਲਿਆ। ਭਾਜਪਾ ਪੰਜਾਬ ਵਿੱਚ ਵੀ ਡਰਾਉਣ-ਧਮਕਾਉਣ ਅਤੇ ਸਿਆਸੀ ਹੇਰਾਫੇਰੀ ਦੇ ਉਸੇ ਮਾਡਲ ਨੂੰ ਦੁਹਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਈਡੀ ਨੇ ਪਹਿਲਾਂ ਕਾਰੋਬਾਰੀ ਅਤੇ ਸੰਸਦ ਮੈਂਬਰ ਅਸ਼ੋਕ ਮਿੱਤਲ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ 'ਤੇ ਭਾਜਪਾ 'ਚ ਸ਼ਾਮਲ ਹੋਣ ਲਈ ਦਬਾਅ ਪਾਇਆ। ਇਸ ਤੋਂ ਤੁਰੰਤ ਬਾਅਦ ਈਡੀ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਘਰ ਪਹੁੰਚੀ। ਸੰਜੀਵ ਅਰੋੜਾ ਨੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਅਤੇ ਇਸ ਤੋਂ ਬਾਅਦ ਜੋ ਹੋਇਆ ਉਹ ਪੂਰੇ ਦੇਸ਼ ਨੇ ਦੇਖਿਆ—ਸਾਰਾ ਦਿਨ ਛਾਪੇਮਾਰੀ ਅਤੇ ਫਿਰ ਗ੍ਰਿਫਤਾਰੀ। ਭਾਜਪਾ ਦੀ ਕਾਰਜਪ੍ਰਣਾਲੀ ਬਾਰੇ ਦੱਸਦਿਆਂ ਉਨ੍ਹਾਂ ਖੁਲਾਸਾ ਕੀਤਾ ਕਿ ਭਾਜਪਾ ਦਾ ਮਾਡਲ ਸਧਾਰਨ ਹੈ। ਜਿਹੜੇ ਡਰ ਜਾਂਦੇ ਹਨ ਉਹ ਭਾਜਪਾ ਵਿੱਚ ਸ਼ਾਮਲ ਹੋ ਜਾਂਦੇ ਹਨ, ਅਤੇ ਜੋ ਇਨਕਾਰ ਕਰਦੇ ਹਨ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਭਾਜਪਾ ਜਾਣਬੁੱਝ ਕੇ ਵਿਰੋਧੀ ਸ਼ਾਸਤ ਰਾਜਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀ ਹੈ ਤਾਂ ਜੋ ਜਾਂ ਤਾਂ ਨੇਤਾਵਾਂ ਨੂੰ ਝੁਕਣ ਲਈ ਮਜਬੂਰ ਕੀਤਾ ਜਾ ਸਕੇ ਜਾਂ ਕੇਂਦਰੀ ਏਜੰਸੀਆਂ ਰਾਹੀਂ ਉਨ੍ਹਾਂ ਨੂੰ ਫਸਾਇਆ ਜਾ ਸਕੇ। ਪੱਛਮੀ ਬੰਗਾਲ ਚੋਣਾਂ ਦੌਰਾਨ ਭਾਜਪਾ ਨੇ ਸੱਤਾ ਹਥਿਆਉਣ ਲਈ ਵੋਟਰ ਸੂਚੀ ਵਿੱਚੋਂ 90 ਲੱਖ ਵੋਟਰ ਕੱਟ ਦਿੱਤੇ ਸਨ। ਭਾਜਪਾ ਹੁਣ ਪੰਜਾਬ ਵਿੱਚ ਵੀ ਅਜਿਹੀਆਂ ਚਾਲਾਂ ਦੁਹਰਾਉਣ ਦੇ ਸੁਪਨੇ ਦੇਖ ਰਹੀ ਹੈ, ਪਰ ਪੰਜਾਬੀ ਅਜਿਹੀ ਰਾਜਨੀਤੀ ਅੱਗੇ ਕਦੇ ਨਹੀਂ ਝੁਕਣਗੇ।

ਪੰਜਾਬ ਦੀ ਇਨਕਲਾਬੀ ਵਿਰਾਸਤ ਦਾ ਹਵਾਲਾ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਦੀਆਂ ਰਗਾਂ ਵਿੱਚ ਇਨਕਲਾਬੀਆਂ ਅਤੇ ਸ਼ਹੀਦਾਂ ਦਾ ਖੂਨ ਵਗਦਾ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਵਾਲੇ ਸ਼ਹੀਦਾਂ ਦਾ ਜਜ਼ਬਾ ਹਰ ਪੰਜਾਬੀ ਦੇ ਅੰਦਰ ਵੱਸਦਾ ਹੈ।

## ਪੰਜਾਬੀਆਂ ਲਈ ਵੱਡੇ ਖ਼ਤਰੇ ਦੀ ਘੰਟੀ ! ਹੋਸ਼ ਉਡਾ ਦੇਵੇਗੀ ਇਹ ਰਿਪੋਰਟ

ਚੰਡੀਗੜ੍ਹ, 11 ਮਈ : ਪੰਜਾਬ ਵਿਚ ਐੱਚ.ਆਈ.ਵੀ. ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ। ਕੌਮੀ ਏਡਜ਼ ਨਿਯੰਤਰਣ ਸੰਗਠਨ (NACO) ਦੀ ਤਾਜ਼ਾ ਰਿਪੋਰਟ ਅਨੁਸਾਰ, ਪਿਛਲੇ 5 ਸਾਲਾਂ ਵਿਚ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਸਾਲ 2021-22 ਵਿਚ ਜਿੱਥੇ 890 ਦੀ ਲਪੇਟ ਵਿਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 8,049 ਸੀ, ਉੱਥੇ ਹੀ 2025-26 ਤੱਕ ਇਹ ਅੰਕੜਾ ਵਧ ਕੇ 13,490 ਤੱਕ ਪਹੁੰਚ ਗਿਆ ਹੈ। ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਵਿਚ ਏਡਜ਼ ਇਕ 'ਸਾਈਲੈਂਟ ਐਪੀਡੈਮਿਕ' ਦਾ ਰੂਪ ਲੈ ਚੁੱਕਾ ਹੈ। ਲੋਕਾਂ ਵਿਚ ਜਾਗਰੂਕਤਾ ਦੀ ਕਾਫ਼ੀ ਕਮੀ ਹੈ, ਖਾਸ ਕਰਕੇ ਨਸ਼ੇ ਦੌਰਾਨ ਸੂਈਆਂ ਸਾਂਝੀਆਂ ਕਰਨ ਵਾਲੇ ਆਈਡੀਯੂ (94") ਡਰੱਗ ਯੂਜ਼ਰਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਸਿਹਤ ਮਾਹਿਰਾਂ ਅਨੁਸਾਰ, ਇਸ ਉਛਾਲ ਪਿੱਛੇ ਸਭ ਤੋਂ ਘਾਤਕ ਕਾਰਨ ਨਸ਼ੇ ਦੇ ਇੰਜੈਕਸ਼ਨਾਂ ਦੀ ਸਾਂਝੀ ਵਰਤੋਂ ਹੈ। ਰਿਪੋਰਟ ਮੁਤਾਬਕ, ਸਾਲ 2024-25 ਵਿਚ 56.15 ਫ਼ੀਸਦੀ ਨਵੇਂ ਐੱਚ.ਆਈ.ਵੀ. ਮਾਮਲੇ ਸੰਕਰਮਿਤ ਸੂਈਆਂ ਅਤੇ ਸਰਿੰਜਾਂ ਦੀ ਵਰਤੋਂ ਕਾਰਨ ਹੋਏ ਹਨ। ਅਤੇ ਟਰੱਕ ਡਰਾਈਵਰਾਂ ਦਾ ਟ੍ਰਾਂਸਪੋਰਟ ਨੈੱਟਵਰਕ ਵੀ ਸੰਕਰਮਣ ਨੂੰ ਇਕ ਥਾਂ ਤੋਂ ਦੂਜੀ ਥਾਂ ਫੈਲਾਉਣ ਦਾ ਵੱਡਾ ਕਾਰਨ ਬਣ ਰਿਹਾ ਹੈ। ਸਥਿਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਵੱਲੋਂ ਰਾਜ ਦੀਆਂ ਸਾਰੀਆਂ ਜੇਲ੍ਹਾਂ ਅਤੇ ਓਟ ਸੈਂਟਰਾਂ ਵਿਚ ਮਾਸ-ਟੈਸਟਿੰਗ ਮੁਹਿੰਮ ਸ਼ੁਰੂ ਕੀਤੀ ਹੈ। ਸਿਹਤ ਮੰਤਰਾਲੇ ਦੇ ਵਧੀਕ ਸਕੱਤਰ ਡਾ. ਰਾਕੇਸ਼ ਗੁਪਤਾ ਨੇ ਜ਼ਿਲ੍ਹਾ ਪੱਧਰ 'ਤੇ ਤੁਰੰਤ ਕਾਰਵਾਈ ਅਤੇ ਜਵਾਬਦੇਹੀ ਤੈਅ ਕਰਨ 'ਤੇ ਜ਼ੋਰ ਦਿੱਤਾ ਹੈ।

## ਪੰਜਾਬ: 20 ਮਈ ਨੂੰ ਦੁਕਾਨਾਂ ਬੰਦ ਦੇ ਐਲਾਨ ਬਾਰੇ ਆ ਗਿਆ ਨਵਾਂ ਫੈਸਲਾ

ਅੰਮ੍ਰਿਤਸਰ, 11 ਮਈ : ਪੰਜਾਬ ਭਰ ਵਿਚ 20 ਮਈ ਨੂੰ ਮੈਡੀਕਲ ਸਟੋਰ ਬੰਦ ਕਰਨ ਦੀ ਕਾਲ ਨੂੰ ਲੈ ਕੇ ਚੱਲ ਰਹੀ ਉਥਲ-ਪੁਥਲ ਵਿਚਕਾਰ ਹੁਣ ਵੱਡਾ ਸਪਸ਼ਟੀਕਰਨ ਸਾਹਮਣੇ ਆ ਗਿਆ ਹੈ। ਪੰਜਾਬ ਕੈਮਿਸਟ ਐਸੋਸੀਏਸ਼ਨ (ਰਜਿ.) ਵੱਲੋਂ ਅੱਜ ਸਾਰੀ ਸਥਿਤੀ ਨੂੰ ਸਾਫ ਕਰਦਿਆਂ ਐਲਾਨ ਕੀਤਾ ਹੈ ਕਿ 20 ਮਈ ਨੂੰ ਸੂਬੇ ਦੇ ਕਿਸੇ ਵੀ ਹਿੱਸੇ ਵਿਚ ਮੈਡੀਕਲ ਸਟੋਰ ਬੰਦ ਨਹੀਂ ਹੋਣਗੇ ਅਤੇ ਸਾਰੇ ਸਟੋਰ ਆਮ ਦਿਨਾਂ ਵਾਂਗ ਖੁੱਲ੍ਹੇ ਰਹਿਣਗੇ। ਇਹ ਮਹੱਤਵਪੂਰਨ ਫ਼ੈਸਲਾ ਅੰਮ੍ਰਿਤਸਰ ਦੇ ਮਾਲ ਰੋਡ ਸਥਿਤ 'ਚ ਹੋਈ ਸੂਬਾ ਪੱਧਰੀ ਮੀਟਿੰਗ ਦੌਰਾਨ ਲਿਆ ਗਿਆ, ਜਿਸਦੀ ਅਗਵਾਈ ਪ੍ਰਧਾਨ ਅਸ਼ੋਕ ਗੋਇਲ ਨੇ ਕੀਤੀ। ਮੀਟਿੰਗ ਵਿਚ ਪੰਜਾਬ ਭਰ ਦੇ ਜ਼ਿਲ੍ਹਾ ਪ੍ਰਧਾਨਾਂ, ਜਨਰਲ ਸਕੱਤਰਾਂ ਅਤੇ ਹੋਰ ਅਹੁਦੇਦਾਰਾਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ, ਜਿਸ ਨਾਲ ਇਹ ਫੈਸਲਾ ਪੂਰੀ ਇਕ ਮਤ ਨਾਲ ਪਾਸ ਕੀਤਾ ਗਿਆ। ਪ੍ਰਧਾਨ ਅਸ਼ੋਕ ਗੋਇਲ ਨੇ ਕਿਹਾ ਕਿ ਕੁਝ ਲੋਕਾਂ ਵੱਲੋਂ ਦਿੱਤੀ ਗਈ ਬੰਦ ਦੀ ਕਾਲ ਨਾ ਸਿਰਫ ਗੈਰ-ਜ਼ਿੰਮੇਵਾਰਾਨਾ ਹੈ, ਸਗੋਂ ਜਨਹਿੱਤ ਦੇ ਖਿਲਾਫ ਵੀ ਹੈ। ਕੈਮਿਸਟ ਆਗੂ ਨੇ ਦੋ-ਟੂਕ ਕਿਹਾ ਕਿ ਦਵਾਈਆਂ ਅਤੇ ਸਿਹਤ ਸੇਵਾਵਾਂ ਐਮਰਜੈਂਸੀ ਸੇਵਾਵਾਂ ਹਨ ਅਤੇ ਇਨ੍ਹਾਂ ਨੂੰ ਬੰਦ ਕਰਨਾ ਮਰੀਜ਼ਾਂ ਦੀ ਜ਼ਿੰਦਗੀ ਨਾਲ ਖੇਡਣ ਦੇ ਬਰਾਬਰ ਹੈ। ਐਸੋਸੀਏਸ਼ਨ ਦੇ ਵਰਕਿੰਗ ਪ੍ਰਧਾਨ ਰਾਜਕੁਮਾਰ ਸ਼ਰਮਾ ਅਤੇ ਜਨਰਲ ਸਕੱਤਰ ਮਨਮੋਹਨ ਸਿੰਘ ਨੇ ਤਿੱਖੇ ਲਹਿਜ਼ੇ ਵਿਚ ਦੋਸ਼



ਲਗਾਇਆ ਕਿ ਕੁਝ ਲੋਕ ਆਪਣੇ ਨਿੱਜੀ ਸਵਾਰਥਾਂ ਅਤੇ ਲੀਡਰੀ ਚਮਕਾਉਣ ਲਈ ਭਾਈਚਾਰੇ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਦੇ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ ਅਤੇ ਕੈਮਿਸਟ ਭਾਈਚਾਰਾ ਇਕ ਜੁੱਟ ਹੋ ਕੇ ਇਸ ਦਾ ਮੁਕਾਬਲਾ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੈਮਿਸਟ ਸਿਰਫ ਵਪਾਰੀ ਨਹੀਂ, ਸਗੋਂ ਸਿਹਤ ਸੇਵਾ ਦੇ ਅਹਿਮ ਸਾਥੀ ਹਨ। ਕੋਰੋਨਾ ਮਹਾਮਾਰੀ ਦੌਰਾਨ ਜਦੋਂ ਲੋਕ ਘਰਾਂ ਵਿਚ ਕੈਦ ਸਨ, ਉਸ ਵੇਲੇ ਮੈਡੀਕਲ ਸਟੋਰ ਹੀ ਲੋਕਾਂ ਲਈ ਜੀਵਨ ਰੇਖਾ ਸਾਬਤ ਹੋਏ। ਰਾਤ-ਦਿਨ ਸੇਵਾ ਦੇ ਕੇ ਕੈਮਿਸਟਾਂ ਨੇ ਬੇਮਿਸਾਲ ਮਿਸਾਲ ਕਾਇਮ ਕੀਤੀ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ ਮੈਡੀਕਲ ਸਟੋਰ ਲੋਕਾਂ ਲਈ ਪਹਿਲੀ ਸਹਾਇਤਾ ਦਾ ਕੇਂਦਰ ਹਨ। ਬਹੁਤ ਸਾਰੇ ਮਰੀਜ਼ ਡਾਕਟਰ ਤੱਕ ਪਹੁੰਚਣ ਤੋਂ ਪਹਿਲਾਂ ਕੈਮਿਸਟ ਤੋਂ ਦਵਾਈ ਲੈ ਕੇ ਰਾਹਤ ਪ੍ਰਾਪਤ ਕਰਦੇ ਹਨ। ਅਜਿਹੇ ਵਿਚ ਬੰਦ ਦੀ ਕਾਲ ਦੇਣਾ ਨਾ ਸਿਰਫ ਗਲਤ ਹੈ, ਸਗੋਂ ਮਨੁੱਖਤਾ ਦੇ ਖ਼ਿਲਾਫ ਵੀ ਹੈ। ਐਸੋਸੀਏਸ਼ਨ ਨੇ ਸਾਰੇ ਰਿਟੇਲਰ ਅਤੇ ਹੋਲਸੇਲ ਕੈਮਿਸਟਾਂ ਨੂੰ ਨਿਰਦੇਸ਼ ਦਿੱਤੇ ਹਨ ਕਿ 20 ਮਈ ਨੂੰ ਜ਼ਰੂਰੀ ਅਤੇ ਜੀਵਨ ਰੱਖਿਆ ਦਵਾਈਆਂ ਦੀ ਉਪਲਬਧਤਾ ਹਰ ਹਾਲਤ ਵਿਚ ਯਕੀਨੀ ਬਣਾਈ ਜਾਵੇ, ਤਾਂ ਜੋ ਕਿਸੇ ਵੀ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਆਗੂਆਂ ਨੇ ਕਿਹਾ ਕਿ ਜੇ ਕੋਈ ਵਿਅਕਤੀ ਜਾਂ ਸੰਗਠਨ ਗਲਤ ਜਾਣਕਾਰੀ ਫੈਲਾਉਂਦਾ ਹੈ ਤਾਂ ਉਸ ਖਿਲਾਫ ਕੜੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਤਰ੍ਹਾਂ ਕੈਮਿਸਟ ਭਾਈਚਾਰੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਲੋਕਾਂ ਦੀ ਸਿਹਤ ਨਾਲ ਸਮਝੌਤਾ ਨਹੀਂ ਕਰੇਗਾ। 20 ਮਈ ਨੂੰ ਦੁਕਾਨਾਂ ਖੁੱਲ੍ਹੀਆਂ ਰੱਖਣ ਦਾ ਫੈਸਲਾ ਜਿੱਥੇ ਜਨਤਾ ਲਈ ਵੱਡੀ ਰਾਹਤ ਹੈ।

## ਪੰਜਾਬ ਦੇ ਇਸ ਇਲਾਕੇ ਵਿਚ ਪੈ ਗਏ ਮੋਟੇ-ਮੋਟੇ ਗੜ੍ਹੇ, ਵੀਡੀਓ ਦੇਖ ਨਹੀਂ ਆਵੇਗਾ ਯਕੀਨ

ਮਹਿਲ ਕਲਾਂ –11 ਮਈ : ਪੰਜਾਬ ਵਿਚ ਜਿੱਥੇ ਕਈ ਥਾਈਂ ਤੇਜ਼ ਧੁੱਪ ਨਿਕਲੀ ਹੈ ਅਤੇ ਲੋਕਾਂ ਨੂੰ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਹੀ ਮਹਿਲ ਕਲਾਂ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਬੀਹਲਾ ਵਿਖੇ ਤੇਜ਼ ਮੀਂਹ ਦੇ ਨਾਲ-ਨਾਲ ਭਾਰੀ ਗੜ੍ਹੇਮਾਰੀ ਹੋਈ ਹੈ। ਆਲਮ ਇਹ ਸੀ ਕਿ ਇਕ ਵਾਰ ਤਾਂ ਗੜ੍ਹੇਮਾਰੀ ਨਾਲ ਜ਼ਮੀਨ ਉਪਰ ਬਰਫ ਦੀ ਚਿੱਟੀ ਚਾਦਰ ਤੱਕ ਵਿੱਛ ਗਈ। ਉਂਝ ਮਹਿਲ ਕਲਾਂ ਵਿਖੇ ਦਿਨ ਦਾ ਤਾਪਮਾਨ 35 ਡਿਗਰੀ ਸੈਲਸੀਅਸ ਨੋਟ ਕੀਤਾ ਗਿਆ ਤੇ ਰਾਤ ਦੇ ਤਾਪਮਾਨ 25 ਡਿਗਰੀ ਸੈਲਸੀਅਸ ਰਿਹਾ। ਮੌਸਮ ਵਿਭਾਗ ਮੁਤਾਬਕ ਪੰਜਾਬ ਵਿਚ ਅਗਲੇ ਦਿਨਾਂ ਦੌਰਾਨ ਮੌਸਮ ਵਿਚ ਵੱਡੀ ਤਬਦੀਲੀ ਵੇਖਣ ਨੂੰ ਮਿਲੇਗੀ। ਮੌਸਮ ਵਿਭਾਗ ਨੇ 14 ਤਾਰੀਖ਼ ਤੱਕ ਪੰਜਾਬ 'ਚ ਓਰੇਂਜ ਅਤੇ ਯੈਲੋ ਅਲਰਟ ਜਾਰੀ ਕੀਤਾ ਹੈ। ਵਿਭਾਗ ਨੇ ਕਿਹਾ ਕਿ 10 ਮਈ ਤੋਂ ਪੱਛਮੀ ਹਿਮਾਲੀਅਨ ਖੇਤਰਾਂ 'ਚ ਇਕ ਨਵਾਂ ਪੱਛਮੀ ਗੜਬੜ ਸਰਗਰਮ ਹੋ ਚੁੱਕਾ ਹੈ। ਇਸ ਨਾਲ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਮੌਸਮ ਫਿਰ ਬਦਲ ਸਕਦਾ ਹੈ। ਕਈ ਖੇਤਰਾਂ ਵਿਚ ਮੀਂਹ, ਗਰਜ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। 11 ਮਈ ਨੂੰ ਮੌਸਮ ਵਿਚ ਵੱਡਾ ਬਦਲਾਅ ਵੇਖਣ ਨੂੰ ਮਿਲੇਗਾ। ਇਥੇ ਇਹ ਵੀ ਦੱਸ ਦਈਏ ਕਿ ਬੀਤੀ ਰਾਤ ਜਲੰਧਰ ਸਣੇ ਪੰਜਾਬ ਦੇ ਕਈ ਹਿੱਸਿਆਂ ਵਿਚ ਤੇਜ਼ ਤੂਫਾਨ ਨੇ ਦਸਤਕ ਦਿੱਤੀ, ਜਿਸ ਨਾਲ ਸੂਬੇ ਭਰ ਵਿਚ ਕਈ ਥਾਈਂ ਨੁਕਸਾਨ ਦੀਆਂ ਖਬਰਾਂ ਆ ਰਹੀਆਂ ਹਨ।

## ਲੁਧਿਆਣਾ ਦੇ ਕਾਰੋਬਾਰੀ ਦੀ ਮੌਤ ਮਾਮਲੇ 'ਚ ਸਨਸਨੀਖੇਜ਼ ਖ਼ੁਲਾਸਾ, ਪੁੱਤ ਨੇ ਲਿਖਿਆ ਸੀ ਜਾਅਲੀ ਸੁਸਾਈਡ ਨੋਟ

ਹਲਵਾਰਾ (ਲਾਡੀ): ਨਜ਼ਦੀਕੀ ਪਿੰਡ ਐਤੀਆਣਾ ਦੇ ਰਹਿਣ ਵਾਲੇ ਪਸ਼ੂ ਚਾਰਾ ਵਪਾਰੀ ਕੁੰਦਨ ਲਾਲ ਦੀ ਖੁਦਕੁਸ਼ੀ ਦੇ ਮਾਮਲੇ ਵਿਚ ਹੈਰਾਨ ਕਰਨ ਵਾਲਾ ਖ਼ੁਲਾਸਾ ਹੋਇਆ ਹੈ। ਮ੍ਰਿਤਕ ਦੀ ਜੇਬ ਵਿਚੋਂ ਮਿਲਿਆ ਦੋ ਪੰਨਿਆਂ ਦਾ ਕਥਿਤ ਸੁਸਾਈਡ ਨੋਟ ਜਾਅਲੀ ਨਿਕਲਿਆ, ਜਿਸ ਨੂੰ ਮ੍ਰਿਤਕ ਦੇ ਪੁੱਤਰ ਧਰਮਿੰਦਰ ਕੁਮਾਰ ਨੇ ਹੀ ਤਿਆਰ ਕੀਤਾ ਸੀ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਇਸ ਨੋਟ ਰਾਹੀਂ ਕੁਝ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਅਤੇ ਉਨ੍ਹਾਂ ਤੋਂ ਲੱਖਾਂ ਰੁਪਏ ਦੀ ਉਗਰਾਹੀ ਕਰਨ ਦੀ ਯੋਜਨਾ ਬਣਾਈ ਗਈ ਸੀ।

ਜਾਂਚ ਦੌਰਾਨ ਸਭ ਤੋਂ ਵੱਡਾ ਸ਼ੱਕ ਉਸ ਵੇਲੇ ਪੈਦਾ ਹੋਇਆ ਜਦੋਂ ਸੁਸਾਈਡ ਨੋਟ ਦੇ ਅੰਤ ਵਿੱਚ ਮ੍ਰਿਤਕ ਦੇ ਨਾਮ ਦੀ ਥਾਂ "ਕੁੰਦਨ ਸਿੰਘ" ਲਿਖਿਆ ਹੋਇਆ ਮਿਲਿਆ, ਜਦਕਿ ਮ੍ਰਿਤਕ ਦਾ ਅਸਲ ਨਾਮ "ਕੁੰਦਨ ਲਾਲ" ਸੀ। ਪੁਲਸ ਨੇ ਇਸ ਗਲਤੀ ਨੂੰ ਗੰਭੀਰਤਾ ਨਾਲ ਲੈਂਦਿਆਂ ਧਰਮਿੰਦਰ ਕੁਮਾਰ ਤੋਂ ਪੁੱਛਗਿੱਛ ਕੀਤੀ, ਜਿਸ ਦੌਰਾਨ ਉਸ ਨੇ ਨੋਟ ਤਿਆਰ ਕਰਨ ਦੀ ਗੱਲ ਮੰਨ ਲਈ। ਥਾਣਾ ਸੁਧਾਰ ਦੇ ਇੰਚਾਰਜ ਇੰਸਪੈਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਸੁਸਾਈਡ ਨੋਟ ਵਿੱਚ ਕਈ ਵਪਾਰੀਆਂ ਅਤੇ ਦੁਕਾਨਦਾਰਾਂ ਦੇ ਨਾਮ ਲਿਖ ਕੇ ਲਗਭਗ 35 ਲੱਖ ਰੁਪਏ ਦੀ ਲੈਣਦਾਰੀ ਦਰਸਾਈ ਗਈ ਸੀ। ਨੋਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਪੈਸੇ ਵਾਪਸ ਨਾ ਮਿਲਣ ਅਤੇ ਲੋਕਾਂ ਵੱਲੋਂ ਫੋਨ ਨਾ ਚੁੱਕਣ ਕਾਰਨ ਕੁੰਦਨ ਲਾਲ ਮਾਨਸਿਕ ਤਣਾਅ ਵਿੱਚ ਸਨ। ਪੁਲਸ ਮੁਤਾਬਕ, ਮਾਮਲਾ ਉਸ ਵੇਲੇ ਸ਼ੱਕੀ ਲੱਗਾ ਜਦੋਂ ਇਹ ਗੱਲ ਸਾਹਮਣੇ ਆਈ ਕਿ ਜਿਨ੍ਹਾਂ ਲੋਕਾਂ ਤੋਂ ਮ੍ਰਿਤਕ ਨੂੰ ਲੱਖਾਂ ਰੁਪਏ ਲੈਣੇ ਸਨ, ਉਹ ਖੁਦਕੁਸ਼ੀ ਕਰਨ ਵਾਲੀ ਸਥਿਤੀ ਵਿੱਚ ਕਿਵੇਂ ਆ ਸਕਦਾ ਹੈ। ਇੰਸਪੈਕਟਰ ਗੁਰਦੀਪ ਸਿੰਘ ਨੇ ਕਿਹਾ ਕਿ ਆਪਣੇ ਲੰਬੇ ਸੇਵਾ ਅਨੁਭਵ ਦੌਰਾਨ ਉਨ੍ਹਾਂ ਨੇ ਅਕਸਰ ਕਰਜ਼ੇ ਦੇ ਦਬਾਅ ਕਾਰਨ ਖੁਦਕੁਸ਼ੀਆਂ ਦੇ ਕੇਸ ਵੇਖੇ ਹਨ, ਪਰ ਇਹ ਪਹਿਲਾ ਮਾਮਲਾ ਸੀ ਜਿੱਥੇ ਕਿਸੇ ਵਿਅਕਤੀ ਨੇ ਲੋਕਾਂ ਤੋਂ ਪੈਸੇ ਲੈਣ ਦੇ ਬਾਵਜੂਦ ਜ਼ਹਿਰ ਨਿਗਲਿਆ ਹੋਵੇ।

ਜਾਂਚ ਦੌਰਾਨ ਸੁਸਾਈਡ ਨੋਟ ਦੀ ਲਿਖਤ ਵੀ ਸ਼ੱਕੀ ਪਾਈ ਗਈ। ਪੁਲਸ ਅਨੁਸਾਰ ਲਿਖਤ ਕਿਸੇ 81-82 ਸਾਲਾ ਬਜ਼ੁਰਗ ਵਿਅਕਤੀ ਦੀ ਨਹੀਂ ਲੱਗ ਰਹੀ ਸੀ। ਇਸ ਤੋਂ ਬਾਅਦ ਧਰਮਿੰਦਰ ਕੁਮਾਰ ਨੂੰ ਸਖ਼ਤ ਪੁੱਛਗਿੱਛ ਲਈ ਬੁਲਾਇਆ ਗਿਆ, ਜਿੱਥੇ ਪੂਰੀ ਸਾਜ਼ਿਸ਼ ਬੇਨਕਾਬ ਹੋ ਗਈ। ਇਸ ਮਾਮਲੇ ਵਿਚ ਪਿੰਡ ਦੀ ਪੰਚਾਇਤ ਨੇ ਵੀ ਧਰਮਿੰਦਰ ਕੁਮਾਰ ਤੋਂ ਦੂਰੀ ਬਣਾ ਲਈ ਅਤੇ ਸਪੱਸ਼ਟ ਕਰ ਦਿੱਤਾ ਕਿ ਉਹ ਕਿਸੇ ਵੀ ਝੂਠੇ ਮਾਮਲੇ ਵਿਚ ਉਸ ਦਾ ਸਾਥ ਨਹੀਂ ਦੇਵੇਗੀ। ਜਾਣਕਾਰੀ ਅਨੁਸਾਰ ਕੁੰਦਨ ਲਾਲ ਨੂੰ ਸ਼ਨੀਵਾਰ ਰਾਤ ਲੁਧਿਆਣਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਐਤਵਾਰ ਤੜਕੇ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਵੱਲੋਂ ਲਾਸ਼ ਦਾ ਪੰਚਨਾਮਾ ਕਰਨ ਸਮੇਂ ਇਹ ਕਥਿਤ ਸੁਸਾਈਡ ਨੋਟ ਬਰਾਮਦ ਕੀਤਾ ਗਿਆ ਸੀ। ਫਿਲਹਾਲ ਪੁਲਸ ਨੇ ਇਸ ਮਾਮਲੇ ਵਿਚ ਕਿਸੇ ਵੀ ਵਿਅਕਤੀ ਖ਼?ਲਾਫ਼ ਕੋਈ ਅਪਰਾਧਿਕ ਕੇਸ ਦਰਜ ਨਹੀਂ ਕੀਤਾ। ਪੁਲਸ ਨੇ ਧਾਰਾ 174 ਤਹਿਤ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਹਵਾਲੇ ਕਰ ਦਿੱਤੀ।

## ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਔਰਤ ਨਾਲ ਕੁੱਟਮਾਰ, 8 ਲੋਕਾਂ ਖ਼ਲਾਫ਼ ਮਾਮਲਾ ਦਰਜ

ਗੁਰੂਹਰਸਹਾਏ –11 ਮਈ: ਗੁਰੂਹਰਸਹਾਏ ਦੇ ਅਧੀਨ ਆਉਂਦੀ ਨਵੀਂ ਆਬਾਦੀ ਭੱਠਾ ਬਸਤੀ ਵਿਖੇ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਇਕ ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਗੁਰੂਹਰਸਹਾਏ ਪੁਲਸ ਨੇ 10 ਲੋਕਾਂ ਖ਼?ਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਪਾਲੋ ਰਾਣੀ ਪਤਨੀ ਰੇਸ਼ਮ ਸਿੰਘ ਵਾਸੀ ਨਵੀਂ ਆਬਾਦੀ ਭੱਠਾ ਬਸਤੀ ਗੁਰੂਹਰਸਹਾਏ ਨੇ ਦੱਸਿਆ ਕਿ ਮਿਤੀ 9 ਅਪ੍ਰੈਲ 2026 ਨੂੰ ਕਰੀਬ 2 ਵਜੇ ਦੁਪਹਿਰ ਉਹ ਸਮੇਤ ਪਰਿਵਾਰ ਘਰ ਵਿਚ ਹਾਜ਼ਰ ਸੀ ਤਾਂ ਇਸ ਦੌਰਾਨ ਹਰਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ, ਮੁਖਤਿਆਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀਅਨ ਟਰਿਆ ਖੁਰਦ, ਸ਼ਾਮ ਲਾਲ ਪੁੱਤਰ ਚਾਂਦੀ ਰਾਮ, ਅਮਨਦੀਪ ਸਿੰਘ ਪੁੱਤਰ ਸ਼ਾਮ ਲਾਲ, ਸੋਮਾ ਰਾਣੀ ਪਤਨੀ ਸ਼ਾਮ ਲਾਲ ਵਾਸੀਅਨ ਸੜੀਆ ਥਾਣਾ ਵੈਰੋਕੇ ਜ਼ਿਲ੍ਹਾ ਫਾਜ਼ਿਲਕਾ, ਨਿਸ਼ਾਨ ਸਿੰਘ ਪੁੱਤਰ ਇਕਬਾਲ ਸਿੰਘ, ਵੀਰੋ ਬਾਈ ਪਤਨੀ ਇਕਬਾਲ ਸਿੰਘ, ਜਗਦੀਸ਼ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਤਾਰੇ ਵਾਲੇ ਖੂਹ, ਗੁਰਸ਼ਰਨ ਸਿੰਘ ਉਰਫ ਪਟਵਾਰੀ ਪੁੱਤਰ ਬਲਕਾਰ ਸਿੰਘ ਵਾਸੀ ਮੇਘਾ ਰਾਏ ਉਤਾੜ, ਚੰਨਣ ਸਿੰਘ ਪੁੱਤਰ ਮਾਛੀ ਰਾਮ ਵਾਸੀ ਗਲੀ ਨੰਬਰ 4 ਨੇੜੇ ਗੁਰੂ ਗੋਬਿੰਦ ਸਿੰਘ ਸਕੂਲ ਗੁਰੂਹਰਸਹਾਏ ਉਸ ਦੇ ਘਰ ਦਾਖ਼ਲ ਹੋਏ।

## ਪਿੰਡ ਕਾਦੀਆਂ ਦੇ 18 ਸਾਲਾ ਨੌਜਵਾਨ ਦੀ ਸੜਕ ਹਾਦਸੇ 'ਚ ਦਰਦਨਾਕ ਮੌਤ

ਲੁਧਿਆਣਾ–11 ਮਈ : ਥਾਣਾ ਲਾਡੋਵਾਲ ਦੇ ਅਧੀਨ ਆਉਂਦੇ ਪਿੰਡ ਕਾਦੀਆਂ ਵਿਚ ਅੱਜ ਇਕ ਤੇਜ਼ ਰਫ਼ਤਾਰ ਟਿੱਪਰ ਚਾਲਕ ਨੇ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਦਰੜ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਪਹੁੰਚੇ ਥਾਣਾ ਲਾਡੋਵਾਲ ਦੇ ਜਾਂਚ ਅਧਿਕਾਰੀ ਥਾਣੇਦਾਰ ਮੇਜਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਰਵੀ (18), ਪੁੱਤਰ ਬਲਕਾਰ ਸਿੰਘ, ਵਾਸੀ ਪਿੰਡ ਕਾਦੀਆਂ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਰਵੀ ਮੋਟਰਸਾਈਕਲ 'ਤੇ ਆਪਣੀ ਮਾਤਾ ਨੂੰ ਹਾਈਵੇਅ 'ਤੇ ਛੱਡ ਕੇ ਘਰ ਵਾਪਸ ਜਾ ਰਿਹਾ ਸੀ ਅਤੇ ਉਸੇ ਦੌਰਾਨ ਸਾਹਮਣੇ ਤੋਂ ਇਕ ਤੇਜ਼ ਰਫ਼ਤਾਰ ਟਿੱਪਰ ਚਾਲਕ ਨੇ ਉਸ ਨੂੰ ਟੱਕਰ ਮਾਰ ਦਿੱਤੀ। ਟਿੱਪਰ ਦਾ ਟਾਇਰ ਉਸ ਦੇ ਸਿਰ ਦੇ ਉੱਪਰੋਂ ਲੰਘ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਵੱਲੋਂ ਮ੍ਰਿਤਕ ਰਵੀ ਦੀ ਦੇਹ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਟਿੱਪਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ ਹੈ ਅਤੇ ਉਸ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਸ ਅਨੁਸਾਰ, ਜਿਸ ਤਰ੍ਹਾਂ ਦੇ ਉਸੇ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

## ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲੇ 7,000 ਤੋਂ ਪਾਰ, 24 ਘੰਟਿਆਂ ਦੇ ਅੰਕੜੇ ਕਰਨਗੇ ਹੈਰਾਨ

ਬਠਿੰਡਾ, 11 ਮਈ : ਪੰਜਾਬ ਵਿੱਚ ਖੇਤਾਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਸੂਬੇ ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ 7 ਹਜ਼ਾਰ ਤੋਂ ਪਾਰ ਹੋ ਚੁੱਕੀ ਹੈ, ਜਦਕਿ ਪਿਛਲੇ 24 ਘੰਟਿਆਂ ਦੌਰਾਨ ਹੀ 932 ਨਵੇਂ ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ ਰਾਸ਼ਟਰੀ ਅੰਕੜਿਆਂ ਮੁਤਾਬਕ ਪੰਜਾਬ ਅਜੇ ਵੀ ਮੱਧ ਪ੍ਰਦੇਸ਼ ਤੋਂ ਪਿੱਛੇ ਹੈ। ਪੰਜਾਬ ਵਿੱਚ ਫਿਰੋਜ਼ਪੁਰ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਾ ਬਣ ਕੇ ਸਾਹਮਣੇ ਆਇਆ ਹੈ, ਜਿੱਥੇ 670 ਘਟਨਾਵਾਂ ਦਰਜ ਕੀਤੀਆਂ ਗਈਆਂ। ਇਸ ਤੋਂ ਬਾਅਦ ਬਠਿੰਡਾ ਅਤੇ ਤਰਨਤਾਰਨ ਦਾ ਨੰਬਰ ਆਉਂਦਾ ਹੈ।

ਪਰਾਲੀ ਸਾੜਨ ਦੀਆਂ ਵੱਧ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਅਧਿਕਾਰੀਆਂ ਨੇ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। ਸ਼ੁੱਕਰਵਾਰ ਸ਼ਾਮ ਤੱਕ ਬੀਐਨਐਸ ਦੀ ਧਾਰਾ 223 ਤਹਿਤ 306 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਸਭ ਤੋਂ ਵੱਧ ਕਾਰਵਾਈ ਸੰਗਰੂਰ ਵਿੱਚ 71 ਅਤੇ ਪਟਿਆਲਾ ਵਿੱਚ 57 ਮਾਮਲਿਆਂ ਵਿੱਚ ਕੀਤੀ ਗਈ। ਇਸ ਤੋਂ ਇਲਾਵਾ 503



"ਲਾਲ ਐਂਟਰੀਆਂ" ਜ਼ਮੀਨੀ ਰਿਕਾਰਡਾਂ ਵਿੱਚ ਦਰਜ ਕੀਤੀਆਂ ਗਈਆਂ ਹਨ। 875 ਮਾਮਲਿਆਂ ਵਿੱਚ ਕੁੱਲ 42.80 ਲੱਖ ਰੁਪਏ ਦਾ ਵਾਤਾਵਰਣ ਮੁਆਵਜ਼ਾ ਵੀ ਲਗਾਇਆ ਗਿਆ ਹੈ।

ਦੇਸ਼ ਭਰ ਵਿੱਚ ਕਣਕ ਦੀ ਵਾਢੀ ਦੇ ਸੀਜ਼ਨ ਦੌਰਾਨ ਹੁਣ ਤੱਕ 59,659 ਅੱਗ ਲੱਗਣ ਦੀਆਂ ਘਟਨਾਵਾਂ ਦਰਜ ਹੋ ਚੁੱਕੀਆਂ ਹਨ। ਮੱਧ ਪ੍ਰਦੇਸ਼ ਇਸ ਮਾਮਲੇ ਵਿੱਚ ਪਹਿਲੇ ਸਥਾਨ 'ਤੇ ਹੈ, ਜਿੱਥੇ 35,092 ਮਾਮਲੇ ਸਾਹਮਣੇ ਆਏ ਹਨ, ਜੋ ਕਿ ਦੇਸ਼ ਦੇ ਕੁੱਲ ਮਾਮਲਿਆਂ ਦਾ ਲਗਭਗ 59 ਫੀਸਦੀ ਬਣਦੇ ਹਨ। CREAMS ਦੇ ਲੰਬੇ ਸਮੇਂ ਦੇ ਅੰਕੜਿਆਂ ਅਨੁਸਾਰ ਮੱਧ ਪ੍ਰਦੇਸ਼ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਇਸ ਸੂਚੀ ਵਿੱਚ ਸਿਖਰ 'ਤੇ ਬਣਿਆ ਹੋਇਆ ਹੈ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਅਤੇ ਪੰਜਾਬ ਦਾ ਨੰਬਰ ਆਉਂਦਾ ਹੈ। 2025 ਦੇ ਸਾਉਣੀ ਸੀਜ਼ਨ ਦੌਰਾਨ ਵੀ ਝੋਨੇ ਦੀ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਮੱਧ ਪ੍ਰਦੇਸ਼ ਸਭ ਤੋਂ ਅੱਗੇ ਰਿਹਾ ਸੀ। ਸ਼ਨੀਵਾਰ ਨੂੰ ਹੋਰ ਰਾਜਾਂ ਵਿੱਚ ਵੀ ਕਈ ਮਾਮਲੇ ਸਾਹਮਣੇ ਆਏ। ਹਰਿਆਣਾ ਵਿੱਚ 103, ਉੱਤਰ ਪ੍ਰਦੇਸ਼ ਵਿੱਚ 251 ਅਤੇ ਮੱਧ ਪ੍ਰਦੇਸ਼ ਵਿੱਚ 379 ਘਟਨਾਵਾਂ ਦਰਜ ਕੀਤੀਆਂ ਗਈਆਂ। ਇਸ ਸੀਜ਼ਨ ਦੌਰਾਨ ਪੰਜਾਬ ਵਿੱਚ ਕੁੱਲ 7,086, ਉੱਤਰ ਪ੍ਰਦੇਸ਼ ਵਿੱਚ 14,324 ਅਤੇ ਹਰਿਆਣਾ ਵਿੱਚ 3,097 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ।

## ਪੰਜਾਬ 'ਚ ਨਗਰ ਨਿਗਮ ਤੇ ਕੌਂਸਲ ਦੀਆਂ ਚੋਣ ਤਾਰੀਖ਼ਾਂ ਦਾ ਐਲਾਨ, ਜਾਣੋ ਕਿਸ ਦਿਨ ਪੈਣਗੀਆਂ ਵੋਟਾਂ

ਚੰਡੀਗੜ੍ਹ : 11 ਮਈ : ਪੰਜਾਬ 'ਚ ਅੱਜ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੀਆਂ ਤਾਰੀਖ਼ਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਮੱਦੇਨਜ਼ਰ ਪੰਜਾਬ ਦੇ ਰਾਜ ਚੋਣ ਕਮਿਸ਼ਨਰ ਡਾ. ਰਾਜ ਕਮਲ ਚੌਧਰੀ ਵਲੋਂ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਪੰਜਾਬ ਦੇ ਰਾਜ ਚੋਣ ਕਮਿਸ਼ਨਰ ਨੇ ਐਲਾਨ ਕੀਤਾ ਹੈ ਕਿ ਪੰਜਾਬ 'ਚ 8 ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਦੀਆਂ ਚੋਣਾਂ 26 ਮਈ ਨੂੰ ਕਰਵਾਈਆਂ ਜਾਣਗੀਆਂ। ਇਸ ਦੇ ਨਾਲ ਹੀ ਇਨ੍ਹਾਂ ਦੇ ਚੋਣ ਨਤੀਜੇ 29 ਮਈ ਨੂੰ ਐਲਾਨੇ ਜਾਣਗੇ। ਵੋਟਾਂ ਪੈਣ ਦਾ ਕੰਮ ਸਵੇਰੇ 8 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੇ 5 ਵਜੇ ਤੱਕ ਚੱਲੇਗਾ। ਨਗਰ ਨਿਗਮਾਂ ਮੋਹਾਲੀ, ਮੋਗਾ, ਬਟਾਲਾ, ਬਰਨਾਲਾ, ਕਪੂਰਥਲਾ, ਅਬੋਹਰ, ਬਠਿੰਡਾ ਅਤੇ ਪਠਾਨਕੋਟ ਨਗਰ ਨਿਗਮਾਂ ਲਈ ਚੋਣਾਂ ਹੋਣਗੀਆਂ। ਰਾਜ ਚੋਣ



ਕਮਿਸ਼ਨਰ ਨੇ ਦੱਸਿਆ ਕਿ ਅੱਜ ਤੋਂ ਹੀ ਸੂਬੇ 'ਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਣਾਂ ਲਈ 13 ਮਈ ਤੋਂ ਨਾਮਜ਼ਦਗੀਆਂ ਭਰੀਆਂ ਜਾ ਸਕਦੀਆਂ ਹਨ। ਨਾਮਜ਼ਦਗੀਆਂ ਭਰਨ ਦਾ ਆਖ਼ਰੀ ਦਿਨ 16 ਮਈ ਹੋਵੇਗੀ। 18 ਮਈ ਨੂੰ ਸਕਰੂਟਨੀ ਕੀਤੀ ਜਾਵੇਗੀ ਅਤੇ 19 ਮਈ ਨੂੰ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਦੀਆਂ ਹਨ।

ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਇਸ ਵਾਰ ਰਿਟਰਨਿੰਗ ਅਫ਼ਸਰ ਏ. ਡੀ. ਸੀ., ਪੀ. ਸੀ. ਐੱਸ. ਪੱਧਰ ਦੇ ਅਫ਼ਸਰਾਂ ਨੂੰ ਲਾਇਆ ਗਿਆ ਹੈ। ਪੂਰੇ ਸੂਬੇ ਦੇ 2019 ਵਾਰਡਾਂ 'ਚ 3977 ਪੋਲਿੰਗ ਬੂਥ ਬਣਾਏ ਜਾਣਗੇ ਅਤੇ ਹਰ ਪੋਲਿੰਗ ਬੂਥ ਦੀ ਵੀਡੀਓਗ੍ਰਾਫ਼ੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਚੋਣ ਡਿਊਟੀ ਲਈ 35 ਹਜ਼ਾਰ ਤੋਂ ਵੱਧ ਪੁਲਸ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਹੈ।

## ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਫੁੱਟ ਪਾਊ ਤਾਕਤਾਂ ਪੰਜਾਬ ਵਿੱਚ ਕਦੇ ਵੀ ਸਫਲ ਨਹੀਂ ਹੋਣਗੀਆਂ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਸ੍ਰੀ ਮੁਕਤਸਰ ਸਾਹਿਬ, 11 ਮਈ– ਗਿੱਦੜਬਾਹਾ ਹਲਕੇ ਦੇ ਪਿੰਡ ਸਾਹਿਬ ਚੰਦ ਵਿਖੇ ਅੱਜ ਲੋਕ ਮਿਲਣੀ ਦੌਰਾਨ ਗੂੰਜਦੇ ਨਾਅਰਿਆਂ ਅਤੇ ਲੋਕਾਂ ਦੇ ਪਿਆਰ ਤੇ ਸਨੇਹ ਦਰਮਿਆਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਵਾਗਤ ਲਈ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਪਿੰਡ ਵਾਸੀਆਂ ਪਾਸੋਂ ਆਸ਼ੀਰਵਾਦ, ਸਿਰੋਪੇ ਅਤੇ ਚਿੱਤਰ ਪ੍ਰਾਪਤ ਕੀਤੇ। ਲੋਕਾਂ ਦੇ ਉਤਸ਼ਾਹ ਦੌਰਾਨ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫੁੱਟ ਪਾਊ ਰਾਜਨੀਤੀ 'ਤੇ ਤਿੱਖਾ ਹਮਲਾ ਬੋਲਦੇ ਹੋਏ ਐਲਾਨ ਕੀਤਾ ਕਿ ਸਿਆਸੀ ਲਾਭ ਲਈ ਪੰਜਾਬ ਦੀ ਸ਼ਾਂਤੀ, ਫਿਰਕੂ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਕਦੇ ਵੀ ਭੰਗ ਨਹੀਂ ਹੋਣ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਚਿਤਾਵਨੀ ਦਿੰਦੇ ਹੋਏ ਕਿ ਪੰਜਾਬ ਵਿਰੋਧੀ ਤਾਕਤਾਂ ਫਿਰਕੂ ਧਰੁਵੀਕਰਨ ਰਾਹੀਂ ਸੂਬੇ ਨੂੰ ਕਾਲੇ ਦਿਨਾਂ ਵਿੱਚ ਵਾਪਸ ਖਿੱਚਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ ਮਿੱਟੀ ਨਫ਼ਰਤ ਅਤੇ ਦੁਸ਼ਮਣੀ ਤੋਂ ਇਲਾਵਾ ਸਭ ਕੁਝ ਪੈਦਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਡਰ ਅਤੇ ਫੁੱਟ ਫੈਲਾਉਣ ਦੀ ਹਰ ਕੋਸ਼ਿਸ਼ ਨੂੰ ਇਕੱਜੁੱਟ ਹੋ ਕੇ ਹਰਾਉਣਗੇ। ਭਾਜਪਾ 'ਤੇ ÷ਭਾਈਚਾਰਿਆਂ ਵਿਚਕਾਰ ਵੰਡੀਆਂ ਪਾਉਣ ਦੀ ਰਾਜਨੀਤੀ÷ ਦਾ ਨਿਸ਼ਾਨਾ ਲਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਹਰ ਤਿਉਹਾਰ ਇਕੱਠੇ ਮਨਾਉਂਦਾ ਹੈ ਅਤੇ ਅਜਿਹੇ ਏਜੰਡਿਆਂ ਨੂੰ ਸਖ਼ਤੀ ਨਾਲ ਰੱਦ ਕਰੇਗਾ। ਨਾਲ ਹੀ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ, 2026 ਇਹ ਯਕੀਨੀ ਬਣਾਏਗਾ ਕਿ ਬੇਅਦਬੀ ਦਾ ਕੋਈ ਵੀ ਦੋਸ਼ੀ ਕਾਨੂੰਨ ਦੀਆਂ ਕਮੀਆਂ ਦਾ ਫਾਇਦਾ ਉਠਾ ਕੇ ਸਜ਼ਾ ਤੋਂ ਬਚ ਨਾ ਸਕੇ।

ਲੋਕ ਮਿਲਣੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨਫ਼ਰਤ ਅਤੇ ਵੰਡ ਪਾਊ ਰਾਜਨੀਤੀ ਦੇ ਵਿਰੁੱਧ ਮਜ਼ਬੂਤੀ ਨਾਲ ਖੜ੍ਹੀ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਪੰਜਾਬੀਆਂ ਨੂੰ ਸੂਬੇ ਨੂੰ ਕਾਲੇ ਦਿਨਾਂ ਵਿੱਚ ਵਾਪਸ ਧੱਕਣ ਦੇ ਉਦੇਸ਼ ਨਾਲ ਕੀਤੇ ਜਾਣ ਵਾਲੇ ਹਰ ਯਤਨ ਨੂੰ ਹਰਾਉਣ ਲਈ ਇੱਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਆਪਸੀ ਪਿਆਰ, ਸਹਿਣਸ਼ੀਲਤਾ ਅਤੇ ਸਦਭਾਵਨਾ ਦਾ ਰਸਤਾ ਦਿਖਾਇਆ ਹੈ। ਉਨ੍ਹਾਂ ਕਿਹਾ, ÷ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ ਅਤੇ ਇਸ 'ਤੇ ਨਫ਼ਰਤ ਅਤੇ ਦੁਸ਼ਮਣੀ ਤੋਂ ਇਲਾਵਾ ਕੁਝ ਵੀ ਉੱਗ ਸਕਦਾ ਹੈ। ਲੋਕਾਂ ਵਿੱਚ ਸਮਾਜਿਕ ਸਾਂਝ ਪਹਿਲਾਂ ਹੀ ਬਹੁਤ ਮਜ਼ਬੂਤ ਹੈ ਅਤੇ ਲੋਕਾਂ ਨੂੰ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਇਕੱਠੇ ਹੋਣਾ ਚਾਹੀਦਾ ਹੈ।÷

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬੀਆਂ ਨੂੰ ਇੱਕਜੁੱਟ ਹੋ ਕੇ ਸੂਬੇ ਦੀ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰਕ ਸਾਂਝ ਦੇ ਵਿਰੁੱਧ ਫੁੱਟ ਪਾਊ ਤਾਕਤਾਂ ਨੂੰ ਢੁਕਵਾਂ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ, ÷ਜੋ ਲੋਕ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਪੰਜਾਬ ਦੇ ਦੁਸ਼ਮਣ ਹਨ ਕਿਉਂਕਿ



ਉਹ ਸੂਬੇ ਨੂੰ ਫਿਰ ਤੋਂ ਕਾਲੇ ਦਿਨਾਂ ਵਿੱਚ ਧੱਕਣਾ ਚਾਹੁੰਦੇ ਹਨ। ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਭਗਵਾਂ ਪਾਰਟੀ ਨੇ ਫੁੱਟ ਪਾਊ ਰਾਜਨੀਤੀ ਰਾਹੀਂ ਮਹਾਰਾਸ਼ਟਰ, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼ ਅਤੇ ਬੰਗਾਲ ਵਿੱਚ ਸੱਤਾ ਹਾਸਲ ਕੀਤੀ ਹੈ, ਪਰ ਪੰਜਾਬ ਵਿੱਚ ਕਦੇ ਵੀ ਸਫਲ ਨਹੀਂ ਹੋਵੇਗੀ ਕਿਉਂਕਿ ਪੰਜਾਬੀ ਹਰ ਤਿਉਹਾਰ ਇਕੱਠੇ ਮਨਾਉਂਦੇ ਹਨ। ਉਨ੍ਹਾਂ ਕਿਹਾ, ÷ਕੁਝ ਰਾਜਨੀਤਿਕ ਪਾਰਟੀਆਂ ਧਰਮ ਦੇ ਨਾਮ 'ਤੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਭਾਜਪਾ ਦੀ ਰਾਜਨੀਤੀ ਭਾਈਚਾਰਿਆਂ ਵਿੱਚ ਫੁੱਟ ਪਾਉਣ ਅਤੇ ਫਿਰ ਵੋਟਾਂ ਲਈ ਦੋਵਾਂ ਧਿਰਾਂ ਨੂੰ ਡਰਾਉਣ ਦੇ ਆਲੇ-ਦੁਆਲੇ ਘੁੰਮਦੀ ਹੈ। ਪੰਜਾਬ ਨੂੰ ਅਜਿਹੀਆਂ ਤਾਕਤਾਂ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ ਕਿਉਂਕਿ ਸੂਬਾ ਪਹਿਲਾਂ ਹੀ ਪਿਛਲੇ ਸਮੇਂ ਵਿੱਚ ਕਾਲੇ ਦਿਨ ਦੇਖ ਚੁੱਕਾ ਹੈ ਜਿਸ ਨੇ ਇਸਦੇ ਵਿਕਾਸ ਨੂੰ ਪਟੜੀ ਤੋਂ ਉਤਾਰ ਦਿੱਤਾ ਸੀ। ਸ਼ੁਕਰਾਨਾ ਯਾਤਰਾ ਬਾਰੇ ਬੋਲਦਿਆਂ, ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਇਹ ਯਾਤਰਾ ਪਰਮਾਤਮਾ ਦਾ ਧੰਨਵਾਦ ਕਰਨ ਲਈ ਕੀਤੀ ਹੈ ਜਿਸਨੇ ਉਨ੍ਹਾਂ ਨੂੰ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ ਸੋਧ ਐਕਟ, 2026 ਨੂੰ ਲਾਗੂ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸੰਗਤ ਦੇ ਵੱਡੇ ਇਕੱਠ ਨੇ ਉਨ੍ਹਾਂ ਦਾ ਸਵਾਗਤ ਅਸ਼ੀਰਵਾਦ, ਫੁੱਲਾਂ ਅਤੇ ਸਿਰੋਪਿਆਂ ਨਾਲ ਕੀਤਾ ਗਿਆ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਗਏ ਸਨ। ਉਨ੍ਹਾਂ ਕਿਹਾ, ਤੇਜ਼ ਗਰਮੀ ਦੇ ਬਾਵਜੂਦ, ਮਾਵਾਂ, ਭੈਣਾਂ ਅਤੇ ਲੱਖਾਂ ਲੋਕ ਰਸਤੇ 'ਤੇ ਇਕੱਠੇ ਹੋਏ ਹਨ। ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣਾ ਆਸ਼ੀਰਵਾਦ ਅਤੇ ਸਮਰਥਨ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਤਾਂ ਲੱਖਾਂ ਲੋਕਾਂ ਦੀ ਮਾਨਸਿਕਤਾ ਨੂੰ ਬਹੁਤ ਠੇਸ ਪਹੁੰਚੀ। ਉਨ੍ਹਾਂ ਕਿਹਾ ਕਿ ਹਮੇਸ਼ਾ ਉਮੀਦ ਸੀ ਕਿ ਦੋਸ਼ੀਆਂ ਨੂੰ ਫੜਿਆ ਜਾਵੇਗਾ ਅਤੇ ਸਜ਼ਾ ਦਿੱਤੀ ਜਾਵੇਗੀ, ਪਰ ਕਾਨੂੰਨ ਵਿੱਚ ਕਮੀਆਂ ਨੇ ਉਨ੍ਹਾਂ ਨੂੰ ਆਪਣੇ ਆਪ ਨੂੰ ਮਾਨਸਿਕ ਰੋਗੀ ਐਲਾਨ ਕੇ ਸਜ਼ਾ ਤੋਂ ਬਚਣ ਦਿੱਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਕਈ ਵਾਰ, ਦੋਸ਼ੀ 'ਮੇਰਾ ਮਨ ਪਰੇਸ਼ਾਨ ਹੈ' ਜਾਂ 'ਉਹ ਮਾਨਸਿਕ ਤੌਰ 'ਤੇ ਬਿਮਾਰ ਹੈ' ਕਹਿ ਕੇ ਫਾਂਸੀ ਦੇ ਤਖ਼ਤੇ ਤੋਂ ਬਚ ਗਏ, ਅਤੇ ਉਹ ਆਜ਼ਾਦ ਹੋ ਗਏ। ਹਾਲਾਂਕਿ, ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਮਾਨਸਿਕ ਰੋਗੀ ਦਾ ਦਾਅਵਾ ਕਰਨ ਵਾਲਾ ਵਿਅਕਤੀ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਕਿਉਂ ਨਿਸ਼ਾਨਾ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੱਚਮੁੱਚ ਮਾਨਸਿਕ ਤੌਰ 'ਤੇ ਬਿਮਾਰ ਹੈ, ਤਾਂ ਉਹ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਕਿਉਂ ਨਿਸ਼ਾਨਾ ਬਣਾਉਂਦਾ ਹੈ? ਉਹ ਰੇਲਗੱਡੀ ਦੇ ਇੰਜਣ ਨਾਲ ਕਿਉਂ ਨਹੀਂ ਟਕਰਾਉਂਦਾ ਜਾਂ ਬਿਜਲੀ ਦੀਆਂ ਤਾਰਾਂ ਨੂੰ ਕਿਉਂ ਨਹੀਂ ਛੂਹਦਾ? ਸੱਚਾਈ ਇਹ ਹੈ ਕਿ ਅਜਿਹੀਆਂ ਕਾਰਵਾਈਆਂ ਅਕਸਰ ਜਾਣਬੁੱਝ ਕੇ ਅਤੇ ਯੋਜਨਾਬੱਧ ਢੰਗ ਨਾਲ ਕੀਤੀਆਂ ਜਾਂਦੀਆਂ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਨਵੇਂ ਕਾਨੂੰਨ ਰਾਹੀਂ ਅਜਿਹੀਆਂ ਕਮੀਆਂ ਨੂੰ ਦੂਰ ਕਰ ਦਿੱਤਾ ਹੈ, ਜਿਸ ਵਿੱਚ ਇੱਕ ਧਾਰਾ ਸ਼ਾਮਲ ਕੀਤੀ ਗਈ ਹੈ ਕਿ ਭਾਵੇਂ ਕਿਸੇ ਨੂੰ ਡਾਕਟਰੀ ਤੌਰ 'ਤੇ ਮਾਨਸਿਕ ਰੋਗੀ ਐਲਾਨਿਆ ਜਾਂਦਾ ਹੈ, ਉਨ੍ਹਾਂ ਦੇ ਰੱਖਿਅਕ, ਮਾਪੇ, ਸਰਪ੍ਰਸਤ ਜਾਂ ਦੇਖਭਾਲ ਕਰਨ ਵਾਲਿਆਂ ਨੂੰ ਵੀ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਅੱਗੇ ਕਿਹਾ, ਘੱਟੋ-ਘੱਟ ਦਸ ਸਾਲਾਂ ਲਈ ਕੋਈ ਜ਼ਮਾਨਤ ਨਹੀਂ ਹੋਵੇਗੀ ਅਤੇ ਗੰਭੀਰ ਮਾਮਲਿਆਂ ਵਿੱਚ ਸਜ਼ਾ ਉਮਰ ਕੈਦ ਤੱਕ ਵਧ ਸਕਦੀ ਹੈ।

## ਕਿਸੇ ਵੀ ਇਨਸਾਨ ਦੇ ਕਿਰਦਾਰ ਦਾ ਪਤਾ ਮੁਸੀਬਤ ਦੇ ਸਮੇਂ ਲੱਗਦਾ ਹੈ,ਸੰਜੀਵ ਅਰੋੜਾ ਦੀ ਹਿੰਮਤ ਨੂੰ ਸਲਾਮ- ਕੇਜਰੀਵਾਲ

ਨਵੀਂ ਦਿੱਲੀ, 11 ਮਈ- ਆਮ ਆਦਮੀ ਪਾਰਟੀ ਨੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਇੱਕ ਫ਼ਰਜ਼ੀ ਕੇਸ ਵਿੱਚ ਗ੍ਰਿਫ਼ਤਾਰ ਕਰਨ ਨੂੰ ਪੰਜਾਬ ਦੇ ਲੋਕਾਂ ਦੇ ਭਰੋਸੇ, ਵਿਕਾਸ ਅਤੇ ਭਵਿੱਖ ਨਾਲ ਧੋਖਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸਮੇਤ ਹੋਰਨਾਂ ਆਗੂਆਂ ਨੇ ਸੰਕਟ ਦੀ ਇਸ ਘੜੀ ਵਿੱਚ ਵੀ ਸੰਜੀਵ ਅਰੋੜਾ ਦੇ ਅਡੋਲ ਰਹਿਣ ਅਤੇ ਭਾਜਪਾ ਵਿੱਚ ਸ਼ਾਮਲ ਨਾ ਹੋਣ ਦੇ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ। ਅਰਵਿੰਦ ਕੇਜਰੀਵਾਲ ਨੇ 'ਐਕਸ' (✓) 'ਤੇ ਕਿਹਾ ਕਿ ਕਿਸੇ ਵੀ ਇਨਸਾਨ ਦੇ ਕਿਰਦਾਰ ਦਾ ਪਤਾ ਮੁਸੀਬਤ ਦੇ ਸਮੇਂ ਲੱਗਦਾ ਹੈ। ਸੰਜੀਵ ਅਰੋੜਾ ਨੇ ਭਾਜਪਾ ਵਿੱਚ ਜਾਣ ਦੀ ਬਜਾਏ ਜੇਲ੍ਹ ਜਾਣਾ ਪਸੰਦ ਕੀਤਾ। ਸੰਜੀਵ ਅਰੋੜਾ ਦੀ ਹਿੰਮਤ ਨੂੰ ਸਲਾਮ ਹੈ।



'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਸੰਜੀਵ ਅਰੋੜਾ ਇੱਕ ਅਜਿਹੇ ਆਗੂ ਹਨ ਜੋ ਨਾ ਸਿਰਫ਼ ਇਮਾਨਦਾਰ ਅਤੇ ਮਿਹਨਤੀ ਹਨ, ਸਗੋਂ ਪੰਜਾਬ ਲਈ ਉਨ੍ਹਾਂ ਕੋਲ ਇੱਕ ਸਪਸ਼ਟ ਵਿਜ਼ਨ, ਡੂੰਘੀ ਸਮਝ ਅਤੇ ਬਦਲਾਅ ਦਾ ਜਨੂੰਨ ਵੀ ਹੈ। ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਵਿੱਚ ਉਦਯੋਗਿਕ ਨਿਵੇਸ਼ ਲਿਆਉਣ ਲਈ ਜਿਸ ਗੰਭੀਰਤਾ ਅਤੇ ਰਫ਼ਤਾਰ ਨਾਲ ਕੰਮ ਕੀਤਾ, ਉਸ ਦੀ ਅੱਜ ਹਰ ਪਾਸੇ ਚਰਚਾ ਹੈ। ਪੰਜਾਬ ਦੇ ਕਿਸੇ ਵੀ ਉਦਯੋਗਪਤੀ ਤੋਂ ਪੁੱਛ ਲਓ- ਸ਼ਾਇਦ ਹੀ ਕੋਈ ਅਜਿਹਾ ਮਿਲੇ ਜੋ ਸੰਜੀਵ ਅਰੋੜਾ ਦੀ ਉਦਯੋਗਿਕ ਨੀਤੀ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਦੀ ਤਾਰੀਫ਼ ਨਾ ਕਰਦਾ ਹੋਵੇ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਨ੍ਹਾਂ ਨੇ ਸ਼ਹਿਰਾਂ ਨੂੰ ਸਾਫ਼-ਸੁਥਰਾ ਅਤੇ ਵਿਵਸਥਿਤ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਸ਼ੁਰੂ ਕੀਤਾ। ਸਟਰੀਟ ਲਾਈਟਾਂ ਨਾਲ ਸ਼ਹਿਰਾਂ ਨੂੰ ਰੁਸ਼ਨਾਉਣ, ਸੜਕਾਂ ਅਤੇ ਗਲੀਆਂ ਵਿੱਚ ਫੈਲੇ ਬਿਜਲੀ ਦੀਆਂ ਤਾਰਾਂ ਦੇ ਜਾਲ ਨੂੰ ਵਿਵਸਥਿਤ ਕਰਨ ਅਤੇ ਆਧੁਨਿਕ ਅਰਬਨ ਇਨਫਰਾਸਟਰਕਚਰ ਖੜ੍ਹਾ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕੀਤਾ। ਹਾਲ ਹੀ ਵਿੱਚ ਪਿੰਡਾਂ ਅਤੇ ਖੇਤਾਂ ਵਿੱਚ ਫੈਲੀਆਂ ਨੰਗੀਆਂ ਬਿਜਲੀ ਦੀਆਂ ਤਾਰਾਂ ਨੂੰ ਅੰਡਰ-ਗਰਾਊਂਡ ਕਰਨ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਹਿਮ ਯੋਜਨਾ ਨੂੰ ਜ਼ਮੀਨ 'ਤੇ ਉਤਾਰਨ ਦੀ ਜ਼ਿੰਮੇਵਾਰੀ ਵੀ ਸੰਜੀਵ ਅਰੋੜਾ ਹੀ ਪੂਰੀ ਮਿਹਨਤ ਅਤੇ ਵਚਨਬੱਧਤਾ ਨਾਲ ਨਿਭਾ ਰਹੇ ਸਨ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਜਦੋਂ ਭਾਜਪਾ ਅਜਿਹੇ ਮਿਹਨਤੀ, ਨਤੀਜੇ ਦੇਣ ਵਾਲੇ ਅਤੇ ਵਿਜ਼ਨਰੀ ਆਗੂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕਰਦੀ ਹੈ, ਤਾਂ ਇਹ ਮਾਮਲਾ ਸਿਰਫ਼ ਇੱਕ ਆਗੂ ਨੂੰ ਪਰੇਸ਼ਾਨ ਕਰਨ ਤੱਕ ਨਹੀਂ ਰਹਿ ਜਾਂਦਾ, ਸਗੋਂ ਇਹ ਪੰਜਾਬ ਦੀ ਜਨਤਾ ਦੇ ਭਰੋਸੇ, ਪੰਜਾਬ ਦੇ ਵਿਕਾਸ ਅਤੇ ਪੰਜਾਬ ਦੇ ਭਵਿੱਖ ਨਾਲ ਧੋਖਾ ਬਣ ਜਾਂਦਾ ਹੈ। ਅਤੇ ਪੰਜਾਬੀ ਆਪਣੇ ਨਾਲ ਤਾਂ ਕੀ, ਕਿਸੇ ਦੂਜੇ ਨਾਲ ਧੋਖਾ ਕਰਨ ਵਾਲੇ ਨੂੰ ਵੀ ਸਬਕ ਸਿਖਾਉਣਾ ਜਾਣਦੇ ਹਨ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੁਰਦੁਆਰਾ ਜੋਤੀਸਰ ਸਾਹਿਬ ਵਿਖੇ ਮੱਥਾ ਟੇਕਿਆ, ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦਾ ਬਲ ਬਖ਼ਸ਼ਣ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ

ਸੰਗਰੂਰ, 11 ਮਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਿੰਡ ਖੁਰਾਣਾ ਵਿਖੇ ਸਥਿਤ ਗੁਰਦੁਆਰਾ ਜੋਤੀਸਰ ਸਾਹਿਬ ਵਿਖੇ ਸੰਗਤ ਨਾਲ ਅਰਦਾਸ ਵਿੱਚ ਸ਼ਾਮਲ ਹੋ ਕੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026 ਨੂੰ ਲਾਗੂ ਕਰਨ ਦਾ ਬਲ ਬਖ਼ਸ਼ਣ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਇਹ ਸਖ਼ਤ ਕਾਨੂੰਨ ਬਣਨ ਨਾਲ ਪੰਥ ਕਾਫ਼ੀ ਰਾਹਤ ਅਤੇ ਸੰਤੁਸ਼ਟੀ ਮਹਿਸੂਸ ਕਰ ਰਿਹਾ ਹੈ, ਜੋ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਹਿੰਮਤ ਨਾ ਕਰੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਦੇਸ਼ ਵਾਸੀ ਸਭ ਦੇਖ ਰਹੇ ਹਨ ਕਿ ਕਿਵੇਂ ਭਾਰਤ ਦੇ ਫੈਸਲੇ ਵ?ਹਾਈਟ ਹਾਊਸ ਤੋਂ ਲਏ ਜਾ ਰਹੇ ਹਨ ਅਤੇ ਕਿਵੇਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਡਰਾਉਣ ਲਈ ਕੀਤੀ ਜਾ ਰਹੀ ਹੈ। ਇਹ ਆਖਦਿਆਂ ਕਿ ਕਿ ਪੰਜਾਬੀ ਕਦੇ ਵੀ ਦਬਾਅ ਦੀਆਂ ਚਾਲਾਂ ਅੱਗੇ ਨਾ ਝੁਕੇ ਹਨ ਤੇ ਨਾ ਹੀ ਕਦੇ ਝੁਕਣਗੇ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਲੋਕ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਦੀ ਹਰ ਕੋਸ਼ਿਸ਼ ਦਾ ਢੁਕਵਾਂ ਜਵਾਬ ਦੇਣਗੇ।



ਆਪਣੇ ਐਕਸ ਹੈਂਡਲ 'ਤੇ ਕੁਝ ਫੋਟੋਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ÷ਮੈਨੂੰ ਅੱਜ ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀਸਰ ਸਾਹਿਬ (ਛੇਵੀਂ ਪਾਤਸ਼ਾਹੀ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸ਼ਾਮਲ ਹੋ ਕੇ ਮੱਥਾ ਟੇਕਣ ਦਾ ਸੁਭਾਗ ਮਿਲਿਆ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਇਸ ਪਵਿੱਤਰ ਅਸਥਾਨ ਵਿਖੇ ਨਤਮਸਤਕ ਹੋ ਕੇ ਮੈਂ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾ ਕੇ ਸੇਵਾ ਕਰਨ ਦਾ ਬਲ ਬਖ਼ਸ਼ਣ ਲਈ ਗੁਰੂ ਸਾਹਿਬ ਦਾ ਧੰਨਵਾਦ ਕੀਤਾ। ਇਸ ਮੌਕੇ ਮੈਂ ਪੰਜਾਬ ਦੀ ਚੜ੍ਹਦੀ ਕਲਾ, ਸਰਬੱਤ ਦੇ ਭਲੇ ਅਤੇ ਸੂਬੇ ਨੂੰ ਇੱਕ ਵਾਰ ਫਿਰ ਮੁੜ ਤੋਂ 'ਰੰਗਲਾ ਪੰਜਾਬ' ਬਣਾਉਣ ਦੀ ਸਮਰੱਥਾ ਅਤੇ ਸੋਝੀ ਬਖ਼ਸ਼ਣ ਦਾ ਆਸ਼ੀਰਵਾਦ ਮੰਗਿਆ ਅਤੇ ਅਰਦਾਸ ਕੀਤੀ ਕਿ ਗੁਰੂ ਸਾਹਿਬ ਸਭਨਾਂ 'ਤੇ ਆਪਣੀ ਕਿਰਪਾ ਬਣਾ ਕੇ ਰੱਖਣ।÷

ਸੰਗਤ ਵਿੱਚ ਹਾਜ਼ਰੀ ਭਰਨ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਭਰ ਦੀ ਸਮੁੱਚੀ ਸਿੱਖ ਸੰਗਤ ਇਤਿਹਾਸਕ ਕਾਨੂੰਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਵੇਗਾ, ਦੇ ਪਾਸ ਹੋਣ 'ਤੇ ਖ਼ੁਸ਼ੀ ਤੇ ਸੰਤੁਸ਼ਟੀ ਪ੍ਰਗਟ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਮਾਤਮਾ ਦੇ ਸ਼ੁਕਰਾਨੇ ਲਈ ਅੱਜ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਹ ਸੰਗਤ ਨਾਲ ਅਰਦਾਸ ਵਿੱਚ ਸ਼ਾਮਲ ਹੋਣ ਲਈ ਇੱਥੇ ਆਏ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਪੰਜਾਬ ਦੇ ਲੋਕ ਸੂਬੇ ਦੇ ਕੋਨੇ-ਕੋਨੇ 'ਚ ਧੰਨਵਾਦੀ ਸਮਾਗਮ ਕਰਵਾ ਰਹੇ ਹਨ ਕਿਉਂਕਿ ਇਹ ਕਾਨੂੰਨ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੂੰ ਅਜਿਹੇ ਧਾਰਮਿਕ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਰੋਜ਼ਾਨਾ ਕਈ ਸੱਦੇ ਆ ਰਹੇ ਹਨ। ਉਨ੍ਹਾਂ ਕਿਹਾ "ਸਰਬਸ਼ਕਤੀਮਾਨ ਪ੍ਰਮਾਤਮਾ ਨੇ ਮੈਨੂੰ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026, ਜੋ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਕਰਦਾ ਹੈ, ਲਾਗੂ ਕਰਨ ਦਾ ਮੌਕਾ ਦੇ ਕੇ ਮਨੁੱਖਤਾ ਦੀ ਸੇਵਾ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਹੈ।ਬਖ਼ਸ਼ੀਸ਼ ਕੀਤਾ ਗਿਆ ਇਹ ਕਾਨੂੰਨ ਇਹ ਯਕੀਨੀ ਬਣਾਏਗਾ ਕਿ ਹੁਣ ਭਵਿੱਖ ਵਿੱਚ ਕੋਈ ਵੀ ਬੇਅਦਬੀ ਵਰਗਾ ਨਾ-ਮੁਆਫ਼ੀਯੋਗ ਅਪਰਾਧ ਕਰਨ ਦੀ ਹਿੰਮਤ ਨਾ ਕਰੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ-ਮਰਿਆਦਾ ਅਤੇ ਸਤਿਕਾਰ ਨੂੰ ਕਾਇਮ ਰੱਖਣ ਪ੍ਰਤੀ 'ਆਪ' ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਦੀ ਸਰਕਾਰ ਸਿੱਖ ਮਰਿਆਦਾ ਅਤੇ ਲੋਕਾਂ ਦੀਆਂ ਭਾਵਨਾਵਾਂ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਇਹ ਕਾਨੂੰਨ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਵਿਰੁੱਧ ਮਜ਼ਬੂਤ ਰੋਕਥਾਮ ਵਜੋਂ ਕੰਮ ਕਰੇਗਾ।

## ਕੇਰਲ 'ਚ ਕਾਂਗਰਸ ਨੇ ਸ਼ੁਰੂ ਕੀਤੀ ਸਰਕਾਰ ਦੇ ਗਠਨ ਦੀ ਪ੍ਰਕਿਰਿਆ

ਨਵੀਂ ਦਿੱਲੀ, 11 ਮਈ- ਕਾਂਗਰਸ ਨੇ ਕੇਰਲ 'ਚ ਸਰਕਾਰ ਦੇ ਗਠਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿੱਥੇ ਪਾਰਟੀ ਦੀ ਅਗਵਾਈ ਵਾਲੇ ਯੂ. ਡੀ. ਐੱਫ. ਨੇ ਵਿਧਾਨ ਸਭਾ ਚੋਣਾਂ 'ਚ ਜ਼ਿਕਰਯੋਗ ਜਿੱਤ ਦਰਜ ਕੀਤੀ ਹੈ ਅਤੇ 140 ਮੈਂਬਰੀ ਵਿਧਾਨ ਸਭਾ 'ਚ 102 ਸੀਟਾਂ ਜਿੱਤੀਆਂ ਹਨ। ਹਾਲਾਂਕਿ ਕਾਂਗਰਸ ਵਿਧਾਇਕ ਦਲ, ਜੋ 7 ਮਈ ਨੂੰ ਤਿਰੂਵਨੰਤਪੁਰਮ 'ਚ ਮਿਲਿਆ ਸੀ, ਉਸ ਨੇ ਕੇਰਲ ਦੇ ਅਗਲੇ ਮੁੱਖ ਮੰਤਰੀ ਨੂੰ ਚੁਣਨ ਲਈ ਹਾਈਕਮਾਨ ਨੂੰ ਅਧਿਕਾਰਤ ਕਰਨ ਦਾ ਪ੍ਰਸਤਾਵ ਪਾਸ ਕੀਤਾ ਹੈ, ਉੱਥੇ ਹੀ ਵਿਰੋਧੀ ਧਿਰ ਦੇ ਨੇਤਾ ਵੀ. ਡੀ. ਸਤੀਸਨ, ਏ. ਆਈ. ਸੀ. ਸੀ. ਜਨਰਲ ਸਕੱਤਰ (ਸੰਗਠਨ) ਅਤੇ ਸੰਸਦ ਮੈਂਬਰ ਕੇ. ਸੀ. ਵੇਣੂਗੋਪਾਲ ਅਤੇ ਸੀਨੀਅਰ ਨੇਤਾ ਰਮੇਸ਼ ਚੇਨੀਥਲਾ ਵਿਧਾਇਕਾਂ ਦਾ ਸਮਰਥਨ ਹਾਸਲ ਕਰਨ ਦੀ ਦੌੜ 'ਚ ਲੱਗੇ ਹੋਏ ਸਨ। ਹਾਲਾਂਕਿ, ਸਾਬਕਾ ਕੇ. ਪੀ. ਸੀ. ਸੀ. ਪ੍ਰਧਾਨ ਕੇ. ਸੁਧਾਕਰਨ ਸੀ. ਐੱਮ. ਅਹੁਦੇ ਲਈ ਕੇ. ਸੀ. ਵੇਣੂਗੋਪਾਲ ਦਾ ਸਮਰਥਨ ਕਰ ਰਹੇ ਹਨ। ਵੇਣੂਗੋਪਾਲ ਨੂੰ ਰਾਹੁਲ ਗਾਂਧੀ ਦੇ ਅੱਖ ਅਤੇ ਕੰਨ ਮੰਨਿਆ ਜਾਂਦਾ ਹੈ। ਦੂਜੇ ਪਾਸੇ, ਵੀ. ਡੀ. ਸਤੀਸਨ ਨੂੰ ਮੁੱਖ ਮੰਤਰੀ ਅਹੁਦੇ ਲਈ ਸਭ ਤੋਂ ਪ੍ਰਮੁੱਖ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਸਤੀਸਨ ਦੇ ਖੇਮੇ ਨੇ ਦਾਅਵਾ ਕੀਤਾ ਕਿ 63 ਪਾਰਟੀ ਵਿਧਾਇਕਾਂ 'ਚੋਂ ਲਗਭਗ 35 ਸਤੀਸਨ ਦੇ ਪੱਖ 'ਚ ਹਨ। ਉਨ੍ਹਾਂ ਨੇ 2016 ਅਤੇ 2021 'ਚ ਹਾਰ ਤੋਂ ਬਾਅਦ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਸੰਭਾਲਿਆ ਅਤੇ ਪਾਰਟੀ ਦੇ ਜਥੇਬੰਦਕ ਅਤੇ ਚੋਣ ਆਧਾਰ ਨੂੰ ਮੁੜ ਉਸਾਰਿਆ। ਉਨ੍ਹਾਂ ਦੀ ਅਗਵਾਈ 'ਚ, ਯੂ. ਡੀ. ਐੱਫ. ਨੇ 2024 ਦੀਆਂ ਲੋਕ ਸਭਾ ਚੋਣਾਂ 'ਚ 20 'ਚੋਂ 18 ਸੀਟਾਂ ਜਿੱਤੀਆਂ ਅਤੇ 2025 ਦੀਆਂ ਸਥਾਨਕ ਚੋਣਾਂ 'ਚ ਚੰਗਾ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਲਗਾਤਾਰ ਐੱਲ. ਡੀ. ਐੱਫ. ਸਰਕਾਰ ਅਤੇ ਸੀ. ਐੱਮ. ਪਿਨਾਰਾਈ ਵਿਜਯਨ ਨੂੰ ਸ਼ਾਸਨ ਦੇ ਮੁੱਦਿਆਂ 'ਤੇ ਨਿਸ਼ਾਨਾ ਬਣਾਇਆ ਅਤੇ ਅੰਦਰੂਨੀ ਮਾਮਲਿਆਂ 'ਚ ਸਖਤ ਰੁਖ ਅਪਣਾਇਆ। ਪ੍ਰਚਾਰ ਦੇ ਰੂਪ 'ਚ ਦੇਖੇ ਜਾਣ ਵਾਲੇ ਸਤੀਸਨ ਨੂੰ ਇੰਡੀਅਨ ਯੂਨੀਅਨ ਮੁਸਲਿਮ ਲੀਗ (ਆਈ. ਯੂ. ਐੱਮ. ਐੱਲ.), ਕੇਰਲ ਕਾਂਗਰਸ (ਜੈਕਬ) ਅਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਵਰਗੇ ਪ੍ਰਮੁੱਖ ਸਹਿਯੋਗੀਆਂ ਦਾ ਸਮਰਥਨ ਪ੍ਰਾਪਤ ਹੈ। ਉੱਥੇ ਹੀ ਸੀਨੀਅਰ ਨੇਤਾ ਰਮੇਸ਼ ਚੇਨੀਥਲਾ ਵੀ ਇਕ ਮਜ਼ਬੂਤ ਦਾਅਵੇਦਾਰ ਹਨ। ਚੇਨੀਥਲਾ ਸੋਨੀਆ ਗਾਂਧੀ ਦੇ ਕਰੀਬੀ ਹਨ।



ਵਿਜੇ ਨੇ ਤਾਮਿਲਨਾਡੂ 'ਚ ਸਰਕਾਰ ਬਣਾਉਣ ਲਈ ਕਦਮ ਚੁੱਕੇ : ਅਦਾਕਾਰ-ਸਿਆਸਤਦਾਨ ਵਿਜੇ ਦੀ 'ਤਮਿਲਗਾ ਵੇਤਰੀ ਕੜਗਮ' (ਟੀ. ਵੀ. ਕੇ.) ਨੇ ਤਾਮਿਲਨਾਡੂ 'ਚ ਸਰਕਾਰ ਬਣਾਉਣ ਲਈ ਕਦਮ ਚੁੱਕੇ ਹਨ। 234 ਮੈਂਬਰੀ ਵਿਧਾਨ ਸਭਾ 'ਚ 108 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਤੋਂ ਬਾਅਦ, ਟੀ. ਵੀ. ਕੇ. ਨੇ ਡੀ. ਐੱਮ. ਕੇ., ਏ. ਆਈ. ਏ. ਡੀ. ਐੱਮ. ਕੇ. ਅਤੇ ਭਾਜਪਾ ਨੂੰ ਛੱਡ ਕੇ ਤਾਮਿਲਨਾਡੂ ਦੀ ਹਰ ਸਿਆਸੀ ਪਾਰਟੀ ਨੂੰ ਰਸਮੀ ਪੱਤਰ ਭੇਜੇ ਹਨ। ਹਾਲਾਂਕਿ, ਕਾਂਗਰਸ ਜਿਸ ਦੇ ਪੰਜ ਵਿਧਾਇਕ ਚੁਣੇ ਗਏ ਹਨ, ਨੇ ਸਰਕਾਰ ਬਣਾਉਣ 'ਚ ਮਦਦ ਕਰਨ ਲਈ ਟੀ. ਵੀ. ਕੇ. ਨਾਲ ਸਾਂਝੇਦਾਰੀ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਗੱਠਜੋੜ 'ਚ ਵਿਧਾਇਕਾਂ ਦੀ ਕੁੱਲ ਗਿਣਤੀ 113 ਹੋ ਗਈ ਹੈ। ਡੀ. ਐੱਮ. ਕੇ. ਨਾਲ ਆਪਣੇ ਦਹਾਕਿਆਂ ਪੁਰਾਣੇ ਗੱਠਜੋੜ ਨੂੰ ਖਤਮ ਕਰਨ ਦੇ ਗ੍ਰੈਂਡ ਓਲਡ ਪਾਰਟੀ ਦੇ ਕਦਮ ਨੇ 'ਇੰਡੀਆ' ਬਲਾਕ ਦੇ ਅੰਦਰ ਵੰਡ ਪੈਦਾ ਕਰ ਦਿੱਤੀ ਹੈ। ਸੂਤਰਾਂ ਅਨੁਸਾਰ, ਟੀ. ਵੀ. ਕੇ. ਨੇ ਬਦਲੇ 'ਚ ਨਵੀਂ ਸਰਕਾਰ 'ਚ ਕਾਂਗਰਸ ਲਈ ਦੋ ਕੈਬਨਿਟ ਅਹੁਦੇ ਅਤੇ ਰਾਹੁਲ ਗਾਂਧੀ ਦੇ ਕਰੀਬੀ ਸਹਿਯੋਗੀ ਪ੍ਰਵੀਨ ਚੱਕਰਵਰਤੀ ਨੂੰ ਰਾਜ ਸਭਾ ਟਿਕਟ ਦੇਣ ਦਾ ਵਾਅਦਾ ਕੀਤਾ ਸੀ, ਜੋ ਟੀ. ਵੀ. ਕੇ.-ਕਾਂਗਰਸ ਗੱਠਜੋੜ ਦੇ ਪਿੱਛੇ ਇਕੋ-ਇਕ ਕਾਰਨ ਸਨ, ਇਸ ਦੌਰਾਨ, ਰਾਜਪਾਲ ਰਾਜੇਂਦਰ ਅਰਲੇਕਰ ਨੇ ਤਾਮਿਲਨਾਡੂ 'ਚ ਸਰਕਾਰ ਬਣਾਉਣ ਲਈ ਵਿਜੇ ਨੂੰ ਸੱਦਾ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਅਜੇ ਤੱਕ ਬਹੁਮਤ ਹਾਸਲ ਨਹੀਂ ਕਰ ਸਕੇ ਹਨ। ਹੁਣ ਪੂਰਾ ਧਿਆਨ ਇਸ ਗੱਲ 'ਤੇ ਹੈ ਕਿ ਕੀ ਡੀ. ਐੱਮ. ਕੇ. ਦੇ ਨੇੜੇ ਮੰਨੇ ਜਾਣ ਵਾਲੇ ਸੀ. ਪੀ. ਆਈ. (ਐੱਮ), ਸੀ. ਪੀ. ਆਈ. ਅਤੇ ਵੀ. ਸੀ. ਕੇ. ਅਧਿਕਾਰਤ ਤੌਰ 'ਤੇ ਟੀ. ਵੀ. ਕੇ. ਦਾ ਸਮਰਥਨ ਕਰਨਗੀਆਂ, ਤਾਂ ਜੋ ਅੜਿੱਕਾ ਟੁੱਟ ਸਕੇ? ਅਖਿਲੇਸ਼ ਦਾ ਮਮਤਾ ਨੂੰ ਭਾਵਨਾਤਮਕ ਸਮਰਥਨ : 'ਇੰਡੀਆ' ਬਲਾਕ ਦੇ ਅੰਦਰ ਵਧਦੇ ਸਬੰਧਾਂ ਨੂੰ ਉਜਾਗਰ ਕਰਦੇ ਹੋਏ ਇਕਜੁੱਟਤਾ ਦੇ ਪ੍ਰਗਟਾਵੇ 'ਚ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 'ਚ ਭਾਰੀ ਹਾਰ ਤੋਂ ਬਾਅਦ ਮਮਤਾ ਬੈਨਰਜੀ ਨੂੰ ਭਾਵਨਾਤਮਕ ਸਮਰਥਨ ਦਿੰਦੇ ਹੋਏ ਟੀ. ਐੱਮ. ਸੀ. ਸੁਪਰੀਮੋ ਨਾਲ ਮੁਲਾਕਾਤ ਕੀਤੀ।

## ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਨੇ 83 ਫ਼ੀਸਦ ਸਫ਼ਲਤਾ ਦਰ ਕੀਤੀ ਹਾਸਲ, 25 ਕੈਡਿਟਾਂ ਨੇ ਐਨਡੀਏ-1 ਲਿਖਤੀ ਪ੍ਰੀਖਿਆ ਕੀਤੀ ਪਾਸ

ਚੰਡੀਗੜ੍ਹ/ਐਸਏਐਸ ਨਗਰ, 11 ਮਈ:-ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮਆਰਐਸਏਐਫਪੀਆਈ), ਮੋਹਾਲੀ ਦੇ 30 ਵਿੱਚੋਂ 25 ਕੈਡਿਟਾਂ ਨੇ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਵਿਖੇ 157ਵੇਂ ਕੋਰਸ ਲਈ ਐਨਡੀਏ (1) ਲਿਖਤੀ ਪ੍ਰੀਖਿਆ ਪਾਸ ਕਰ ਲਈ ਹੈ। ਯੂਪੀਐਸਸੀ ਵੱਲੋਂ ਐਲਾਨੇ ਨਤੀਜਿਆਂ ਵਿੱਚ ਪ੍ਰਾਪਤ ਕੀਤੀ ਸ਼ਾਨਦਾਰ 83 ਫ਼ੀਸਦ ਦੀ ਸਫਲਤਾ ਦਰ ਇਹ ਦਰਸਾਉਂਦੀ ਹੈ ਕਿ ਸੰਸਥਾ ਨੇ ਆਪਣੇ ਇਤਿਹਾਸ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਸਫਲਤਾ ਦਰ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਹੁਣ ਇਹ 25 ਕੈਡੇਟ ਸਰਵਿਸਿਜ਼ ਸਿਲੈਕਸ਼ਨ ਬੋਰਡ (ਐਸਐਸਬੀ) ਇੰਟਰਵਿਊ ਦੇਣਗੇ ਜੋ ਕਿ ਨੈਸ਼ਨਲ ਡਿਫੈਂਸ ਅਕੈਡਮੀ ਵਿੱਚ ਦਾਖਲੇ ਦਾ ਆਖਰੀ ਸਕ੍ਰੀਨਿੰਗ ਪੜਾਅ ਹੈ।

ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਐਸਐਸਬੀ ਇੰਟਰਵਿਊ ਅਤੇ ਅਗਲੇਰੀ ਸਿਖਲਾਈ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਕੈਡਿਟ ਪੰਜਾਬ ਦਾ ਮਾਣ ਹਨ। ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਦ੍ਰਿੜ ਵਚਨਬੱਧਤਾ ਨੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ (ਸੇਵਾਮੁਕਤ) ਅਜੈ ਐਚ ਚੌਹਾਨ, ਵੀਐਸਐਮ ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਯੂਪੀਐਸਸੀ ਪਾਸ ਕਰਨਾ ਇੱਕ ਮੀਲ ਪੱਥਰ ਹੈ ਪਰ ਐਸਐਸਬੀ ਅਸਲ ਪ੍ਰੀਖਿਆ ਹੈ। ਉਨ੍ਹਾਂ ਕੈਡਿਟਾਂ ਨੂੰ ਇਮਾਨਦਾਰੀ ਅਤੇ ਸਵੈ -ਪੜਚੋਲ ਨਾਲ ਆਪਣੇ ਮਨ ਨੂੰ ਇਕਾਗਰ ਅਤੇ ਸਿੱਖਿਅਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਫੈਕਲਟੀ ਨੂੰ ਵੀ ਵਧਾਈ ਦਿੱਤੀ ਜਿਨ੍ਹਾਂ ਨੇ ਇਹਨਾਂ ਨਤੀਜਿਆਂ ਲਈ ਸਖ਼ਤ ਮਿਹਨਤ ਕੀਤੀ। ਉਨ੍ਹਾਂ ਦੱਸਿਆ ਕਿ ਸੰਸਥਾ ਦੇ 25 ਕੈਡਿਟ ਇਸ ਸਾਲ ਜੂਨ ਵਿੱਚ ਸ਼ੁਰੂ ਹੋਣ ਵਾਲੇ ਐਨਡੀਏ, ਟੀਈਐਸ (ਤਕਨੀਕੀ ਐਂਟਰੀ ਸਕੀਮ) ਅਤੇ ਸੀਡੀਐਸ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਕਾਲ ਲੈਟਰਾਂ ਦੀ ਉਡੀਕ ਕਰ ਰਹੇ ਹਨ।

## ਧੂੜ ਭਰੀਆਂ ਹਨ੍ਹੇਰੀਆਂ ਨਾਲ ਜਨ ਜੀਵਨ ਪ੍ਰਭਾਵਿਤ, ਗਰਮੀ ਤੋਂ ਰਾਹਤ

ਬਠਿੰਡਾ -11 ਮਈ- ਦੁਪਹਿਰ ਵੇਲੇ ਬਠਿੰਡਾ ਅਤੇ ਆਸ-ਪਾਸ ਦੇ ਇਲਾਕਿਆਂ 'ਚ ਆਈਆਂ ਧੂੜ ਭਰੀਆਂ ਹਨ੍ਹੇਰੀਆਂ ਨੇ ਜਨ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤ। ਹਵਾਵਾਂ ਨੇ ਬਿਜਲੀ ਅਤੇ ਸੰਚਾਰ ਪ੍ਰਣਾਲੀਆਂ ਨੂੰ ਵੀ ਪ੍ਰਭਾਵਿਤ ਕੀਤਾ, ਜਿਸ ਨਾਲ ਜਨਤਾ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿੱਥੇ ਧੂੜ ਭਰੀਆਂ ਹਨ੍ਹੇਰੀਆਂ ਅਸੁਵਿਧਾ ਦਾ ਕਾਰਨ ਸਨ, ਉੱਥੇ ਹੀ ਹਵਾਵਾਂ ਕਾਰਨ ਤਾਪਮਾਨ 'ਚ ਗਿਰਾਵਟ ਆਈ ਅਤੇ ਲੋਕਾਂ ਨੂੰ ਗਰਮੀ ਤੋਂ ਕੁੱਝ ਰਾਹਤ ਦਿਵਾਈ। ਸਵੇਰ ਤੋਂ ਹੀ ਅਸਮਾਨ ਵਿਚ ਬੱਦਲਵਾਈ ਛਾਈ ਹੋਈ ਸੀ ਅਤੇ ਜ਼ਿਲ੍ਹੇ ਦੇ ਕੁੱਝ ਹਿੱਸਿਆਂ 'ਚ ਹਲਕੀ ਬੂੰਦਾਬਾਂਦੀ ਹੋਈ, ਜਿਸ ਕਾਰਨ ਮੌਸਮ ਸੁਹਾਵਣਾ ਹੋ ਗਿਆ। ਹਾਲਾਂਕਿ, ਦੁਪਹਿਰ ਵੇਲੇ ਤੇਜ਼ ਧੂੜ ਭਰੀਆਂ ਹਨ੍ਹੇਰੀਆਂ ਤੋਂ ਬਾਅਦ ਗਰਮੀ ਲੋਕਾਂ ਨੂੰ ਗਰਮੀ ਤੋਂ ਕੁੱਝ ਰਾਹਤ ਮਿਲੀ। ਮੌਸਮ ਵਿਭਾਗ ਅਨੁਸਾਰ ਅਗਲੇ ਇੱਕ ਤੋਂ ਦੋ ਦਿਨਾਂ ਤੱਕ ਅਸਮਾਨ ਬੱਦਲਵਾਈ ਅਤੇ ਧੂੜ ਭਰਿਆ ਰਹਿ ਸਕਦਾ ਹੈ। ਵਿਭਾਗ ਨੇ 12 ਮਈ ਲਈ ਸੰਤਰੀ ਅਲਰਟ ਵੀ ਜਾਰੀ ਕੀਤਾ ਹੈ। ਵਿਭਾਗ ਅਨੁਸਾਰ ਉਸ ਦਿਨ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਉਮੀਦ ਹੈ ਅਤੇ ਕੁੱਝ ਥਾਵਾਂ 'ਤੇ ਹਲਕੀ ਬਾਰਸ਼ ਵੀ ਹੋਣ ਦੀ ਉਮੀਦ ਹੈ। ਤੇਜ਼ ਹਵਾਵਾਂ ਨੇ ਲੋਕਾਂ ਨੂੰ ਤੇਜ਼ ਗਰਮੀ ਤੋਂ ਕੁਝ ਰਾਹਤ ਦਿੱਤੀ, ਜਿਸ ਨਾਲ ਤਾਪਮਾਨ ਵਿਚ ਕੁੱਝ ਰਾਹਤ ਮਿਲੀ।

## ਸਰਦੂਲ ਸਿਕੰਦਰ ਰੋਡ ਦੀ ਹਾਲਤ ਤਰਸਯੋਗ, ਕਈ ਪਿੰਡਾਂ ਦੇ ਲੋਕਾਂ ਨੇ ਲਾਇਆ ਪੱਕਾ ਧਰਨਾ

ਖੰਨਾ -11 ਮਈ-ਪੰਜਾਬ ਦੇ ਮਸ਼ਹੂਰ ਗਾਇਕ ਰਹੇ ਸਵ. ਸਰਦੂਲ ਸਿਕੰਦਰ ਦੇ ਨਾਂ 'ਤੇ ਬਣੀ ਖੰਨਾ ਤੋਂ ਚੰਡੀਗੜ੍ਹ ਸੜਕ ਦੀ ਤਰਸਯੋਗ ਹਾਲਤ ਦੇ ਖ਼?ਲਾਫ਼ ਸੈਂਕੜੇ ਪਿੰਡਾਂ ਦੇ ਲੋਕਾਂ ਨੇ ਪੱਕਾ ਧਰਨਾ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰਦਰਸ਼ਨ ਵਿਚ ਕਿਸਾਨ ਯੂਨੀਅਨ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਵੀ ਆਪਣਾ ਸਮਰਥਨ ਦਿੱਤਾ ਹੈ। ਪ੍ਰਦਰਸ਼ਨਕਾਰੀਆਂ ਵਿਚ ਸ਼ਾਮਲ ਕ੍ਰਿਸ਼ਨ, ਕਿਸਾਨ ਯੂਨੀਅਨ ਪ੍ਰਧਾਨ ਬੈਨੀਪਾਲ, ਹਰਮਿੰਦਰ ਪਾਲ ਸਿੰਘ, ਰਾਜਾ, ਮਲਕੀਤ ਸਿੰਘ ਅੰਬੇਮਾਜਰਾ, ਬਲਕਾਰ ਸਿੰਘ, ਅਸਲਮ ਅਤੇ ਸਤਨਾਮ ਸਿੰਘ ਨੇ ਪ੍ਰਸ਼ਾਸਨ ਦੇ ਖ਼?ਲਾਫ਼ ਰੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਖੰਨਾ ਤੋਂ ਖੇੜੀ ਹੁੰਦੇ ਹੋਏ ਚੰਡੀਗੜ੍ਹ ਜਾਣ ਵਾਲੀ ਇਹ ਮੁੱਖ ਸੜਕ ਪਿਛਲੇ ਕਈ ਸਾਲਾਂ ਤੋਂ ਨਿਰਮਾਣ ਦੀ ਉਡੀਕ ਕਰ ਰਹੀ ਹੈ। ਸੜਕ ਦੀ ਹਾਲਤ ਇੰਨੀ ਖ਼ਰਾਬ ਹੋ ਚੁੱਕੀ ਹੈ ਕਿ ਜਗਹਾ-ਜਗ?ਹਾ ਵੱਡੇ ਟੋਏ ਪੈ ਗਏ ਹਨ ਅਤੇ ਸੜਕ ਹੁਣ ਸੜਕ ਨਹੀਂ ਸਗੋਂ ਟਿੱਲਿਆਂ ਵਰਗੀ ਦਿਖਾਈ ਦਿੰਦੀ ਹੈ। ਸਥਾਨਕ ਲੋਕਾਂ ਅਨੁਸਾਰ ਇਸ ਸੜਕ ਨਾਲ 50 ਤੋਂ ਵੱਧ ਪਿੰਡ ਸਿੱਧੇ ਤੌਰ 'ਤੇ ਜੁੜੇ ਹੋਏ ਹਨ।

## ਆਨਲਾਈਨ ਭੁਗਤਾਨਾਂ ਨਾਲ ਸਬੰਧਿਤ ਠੱਗੀਆਂ ਦੇ ਲਗਾਤਾਰ ਵੱਧ ਰਹੇ ਮਾਮਲੇ

ਭੁੱਚੋ ਮੰਡੀ -11 ਮਈ- ਇਲਾਕੇ 'ਚ ਆਨਲਾਈਨ ਭੁਗਤਾਨਾਂ ਨਾਲ ਸਬੰਧਿਤ ਠੱਗੀਆਂ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ, ਜਿਸ ਕਾਰਨ ਦੁਕਾਨਦਾਰਾਂ 'ਚ ਚਿੰਤਾ ਦਾ ਮਾਹੌਲ ਪਾਇਆ ਜਾ ਰਿਹਾ ਹੈ। ਠੱਗ ਨਵੇਂ ਤਰੀਕਿਆਂ ਨਾਲ ਵਪਾਰੀਆਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ ਅਤੇ ਭੁਗਤਾਨ ਹੋਣ ਦਾ ਝੂਠਾ ਭਰਮ ਪੈਦਾ ਕਰ ਕੇ ਸਾਮਾਨ ਲੈ ਕੇ ਫ਼ਰਾਰ ਹੋ ਰਹੇ ਹਨ। ਸ਼ਾਮ ਨੂੰ ਭੁੱਚੋ ਮੰਡੀ ਦੇ ਰੇਲਵੇ ਰੋਡ 'ਤੇ ਇਕ ਦੁਕਾਨ 'ਤੇ ਮੋਟਰਸਾਈਕਲ ਸਵਾਰ ਦੋ ਨੌਜਵਾਨ ਪਹੁੰਚੇ। ਜਿਨ੍ਹਾਂ ਇਕ ਨੌਜਵਾਨ ਮੋਟਰਸਾਈਕਲ 'ਤੇ ਹੀ ਬੈਠਾ ਰਿਹਾ, ਜਦਕਿ ਦੂਜਾ ਨੌਜਵਾਨ ਦੁਕਾਨ ਅੰਦਰ ਗਿਆ ਅਤੇ ਕੁੱਝ ਸਮਾਨ ਖ਼ਰੀਦਿਆ। ਸਮਾਨ ਦੀ ਚੋਣ ਕਰਨ ਤੋਂ ਬਾਅਦ ਉਸਨੇ ਦੁਕਾਨਦਾਰ ਨੂੰ ਦੱਸਿਆ ਕਿ ਉਹ ਆਨਲਾਈਨ ਭੁਗਤਾਨ ਕਰੇਗਾ। ਨੌਜਵਾਨ ਨੇ ਮੋਬਾਇਲ ਫੋਨ ਨੂੰ ਸਕੈਨਰ ਵੱਲ ਕਰ ਕੇ ਭੁਗਤਾਨ ਕਰਨ ਦਾ ਦਿਖਾਵਾ ਕੀਤਾ ਅਤੇ ਕੁੱਝ ਪਲਾਂ ਬਾਅਦ ਇਕ ਪੁਰਾਣਾ ਸਕ੍ਰੀਨਸ਼ਾਟ ਦਿਖਾ ਕੇ ਭੁਗਤਾਨ ਹੋਣ ਦਾ ਦਾਅਵਾ ਕੀਤਾ।




ਦੁਕਾਨਦਾਰ ਨੂੰ ਸ਼ੱਕ ਹੋਣ 'ਤੇ ਉਸਨੇ ਨੌਜਵਾਨ ਨੂੰ ਕੁਝ ਸਮਾਂ ਰੁਕਣ ਲਈ ਕਿਹਾ ਅਤੇ ਦੱਸਿਆ ਕਿ ਉਸਦੇ ਮੋਬਾਇਲ 'ਤੇ ਅਜੇ ਤੱਕ ਕੋਈ ਭੁਗਤਾਨ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਦੌਰਾਨ ਦੋਵੇਂ ਨੌਜਵਾਨ ਤੁਰੰਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੌਕੇ ਤੋਂ ਫ਼ਰਾਰ ਹੋ ਗਏ। ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਵੀ ਰੇਲਵੇ ਰੋਡ ਬਾਜ਼ਾਰ 'ਚ ਇਕ ਕਰਿਆਨੇ ਦੀ ਦੁਕਾਨ 'ਤੇ ਇਸੇ ਤਰ੍ਹਾਂ ਦੀ ਠੱਗੀ ਕੀਤੀ ਗਈ ਸੀ। ਉਸ ਘਟਨਾ ਵਿਚ ਵੀ ਨੌਜਵਾਨ ਆਨਲਾਈਨ ਭੁਗਤਾਨ ਦਾ ਝਾਂਸਾ ਦੇ ਕੇ ਸਮਾਨ ਲੈ ਗਏ ਸਨ। ਵਪਾਰ ਮੰਡਲ ਦੇ ਆਗੂਆਂ ਨੇ ਦੁਕਾਨਦਾਰਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਸਿਰਫ ਸਕ੍ਰੀਨਸ਼ਾਟ ਦੇ ਆਧਾਰ 'ਤੇ ਭਰੋਸਾ ਨਾ ਕਰਨ। ਉਨ੍ਹਾਂ ਕਿਹਾ ਕਿ ਗਾਹਕ ਨੂੰ ਸਮਾਨ ਦੇਣ ਤੋਂ ਪਹਿਲਾਂ ਮੋਬਾਇਲ ਜਾਂ ਬੈਂਕ ਖ਼ਾਤੇ ਵਿਚ ਭੁਗਤਾਨ ਦੀ ਪੂਰੀ ਪੁਸ਼ਟੀ ਜ਼ਰੂਰ ਕਰ ਲੈਣੀ ਚਾਹੀਦੀ ਹੈ। ਵਪਾਰੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਅਜਿਹੇ ਠੱਗ ਗਿਰੋਹਾਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਵਪਾਰੀਆਂ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ।

## ਵਿਧਾਇਕ ਜਿੰਪਾ ਨੇ ਵਾਰਡ ਨੰਬਰ 8 'ਚ 58 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

ਹੁਸ਼ਿਆਰਪੁਰ, 11 ਮਈ : ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 8 ਵਿਚ ਕਰੀਬ 58 ਲੱਖ ਰੁਪਏ ਦੀ ਲਾਗਤ ਨਾਲ ਸਵਾ ਦੋ ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ।



ਇਸ ਮੌਕੇ ਉਨ੍ਹਾਂ ਕਿਹਾ ਕਿ ਨਗਰ ਨਿਗਮ ਵਲੋਂ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਬਿਨਾ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਬੇਹਤਰ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣਾ ਉਨ੍ਹਾਂ ਦੀ ਤਰਜ਼ੀਹ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਵਾਰਡ ਨੰਬਰ 8 ਦੇ ਵਿਕਾਸ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਮੌਜੂਦਾ ਕਾਰਜਕਾਲ ਦੌਰਾਨ ਇਸ ਵਾਰਡ ਵਿਚ ਹੁਣ ਤੱਕ ਲਗਭਗ ਢਾਈ ਕਰੋੜ ਰੁਪਏ ਦੀ ਰਾਸ਼ੀ ਵੱਖ-ਵੱਖ ਵਿਕਾਸ ਕੰਮਾਂ 'ਤੇ ਖਰਚ ਕੀਤੀ ਜਾ ਚੁੱਕੀ ਹੈ। ਇਸ ਵਿਚ ਸੜਕ ਨਿਰਮਾਣ, ਗਲੀਆਂ ਦੀ ਮੁਰੰਮਤ, ਸੀਵਰੇਜ ਵਿਵਸਥਾ ਅਤੇ ਹੋਰ ਲੋਕ ਹਿੱਤ ਦੇ ਕੰਮ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂਵਿਕਾਸ ਨੂੰ ਗਤੀ ਦਿੱਤੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਸੁਵਿਧਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਕਾਸ ਪ੍ਰੋਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ। ਸਥਾਨਕ ਨਿਵਾਸੀਆਂ ਨੇ ਵੀ ਸੜਕ ਨਿਰਮਾਣ ਕੰਮ ਸ਼ੁਰੂ ਹੋਣ 'ਤੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਨਾਲ ਹਲਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਮੁਖੀ ਰਾਮ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।

## ਪਹਾੜਾਂ ਦੀ ਸੈਰ ਕਰ ਕੇ ਪਰਤ ਰਹੇ ਮੁੰਡਿਆਂ ਨਾਲ ਪੰਜਾਬ 'ਚ ਹੋਈ ਲੁੱਟ, ਥਾਣੇ ਦੇ ਬਾਹਰੋਂ ਖੋਹ ਕੇ ਲੈ ਗਏ iPhone-15

ਲੁਧਿਆਣਾ-11 ਮਈ- ਪੁਲਸ ਦੀ ਸੰਵੇਦਨਹੀਣਤਾ ਅਤੇ ਬੇਲਗਾਮ ਅਪਰਾਧੀਆਂ ਦੇ ਹੌਸਲਿਆਂ ਨੇ ਇਕ ਵਾਰ ਫਿਰ ਲੁਧਿਆਣਾ ਪੁਲਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਲੱਦਾਖ ਦੀਆਂ ਹਸੀਨ ਵਾਦੀਆਂ ਦੀ ਸੈਰ ਕਰਕੇ ਗਵਾਲੀਅਰ ਪਰਤ ਰਹੇ ਦੋ ਦੋਸਤਾਂ ਨੂੰ ਕੀ ਪਤਾ ਸੀ ਕਿ ਪੰਜਾਬ ਦੀ ਉਦਯੋਗਿਕ ਰਾਜਧਾਨੀ ਵਿਚ ਉਨ੍ਹਾਂ ਨਾਲ ਖੂਨੀ ਵਾਰਦਾਤ ਹੋ ਜਾਵੇਗੀ। ਥਾਣਾ ਸਾਹਨੇਵਾਲ ਦੇ ਬਿਲਕੁਲ ਸਾਹਮਣੇ ਸਥਿਤ ਇਕ ਢਾਬੇ 'ਤੇ ਐਕਟਿਵਾ ਸਵਾਰ ਲੁਟੇਰਿਆਂ ਨੇ ਨਾ ਸਿਰਫ਼ ਵਿਦਿਆਰਥੀਆਂ 'ਤੇ ਚਾਕੂ ਨਾਲ ਹਮਲਾ ਕੀਤਾ, ਸਗੋਂ ਉਨ੍ਹਾਂ ਦਾ ਕੀਮਤੀ ਆਈਫੋਨ-15 ਵੀ ਲੁੱਟ ਲਿਆ। ਹੱਦ ਤਾਂ ਉਦੋਂ ਹੋ ਗਈ ਜਦੋਂ ਲਹੂ-ਲੁਹਾਨ ਹਾਲਤ ਵਿਚ ਮਦਦ ਮੰਗਣ ਪਹੁੰਚੇ ਪੀੜਤਾਂ ਨੂੰ ਥਾਣੇ ਵਿਚ ਤਾਇਨਾਤ ਮੁਨਸ਼ੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ 'ਇੱਥੇ ਤਾਂ ਰੋਜ਼ ਅਜਿਹੀਆਂ ਵਾਰਦਾਤਾਂ ਹੁੰਦੀਆਂ ਹਨ, ਪਹਿਲਾਂ ਹਸਪਤਾਲ ਜਾਓ ਅਤੇ ਸਵੇਰੇ ਆਇਓ।' ਗਵਾਲੀਅਰ ਦੇ ਰਹਿਣ ਵਾਲੇ ਬੀ.ਬੀ.ਏ. ਵਿਦਿਆਰਥੀ ਰਵੀ ਗੁੱਜਰ ਨੇ ਦੱਸਿਆ ਕਿ ਉਹ ਆਪਣੇ ਤਿੰਨ ਦੋਸਤਾਂ ਨਾਲ ਲੱਦਾਖ ਟ੍ਰਿਪ ਤੋਂ ਵਾਪਸ ਆ ਰਿਹਾ ਸੀ। 9 ਮਈ ਦੀ ਰਾਤ ਕਰੀਬ 1:30 ਵਜੇ ਜਦੋਂ ਉਹ ਸਾਹਨੇਵਾਲ ਥਾਣੇ ਦੇ ਕੋਲ ਇਕ ਢਾਬੇ 'ਤੇ ਰੁਕੇ, ਉਦੋਂ ਹੀ ਐਕਟਿਵਾ ਸਵਾਰ ਦੋ ਨੌਜਵਾਨ ਰਸਤਾ ਪੁੱਛਣ ਦੇ ਬਹਾਨੇ ਉਨ੍ਹਾਂ ਕੋਲ ਆਏ। ਜਿਵੇਂ ਹੀ ਰਵੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਦੂਜੇ ਸੂਬੇ ਤੋਂ ਹੈ, ਨੌਜਵਾਨਾਂ ਨੇ ਤੁਰੰਤ ਚਾਕੂ ਕੱਢ ਲਿਆ ਅਤੇ ਪੈਸਿਆਂ ਦੀ ਮੰਗ ਕੀਤੀ। ਵਿਰੋਧ ਕਰਨ 'ਤੇ ਲੁਟੇਰਿਆਂ ਨੇ ਰਵੀ ਦਾ ਆਈਫੋਨ-15 ਝਪਟ ਲਿਆ। ਜਦੋਂ ਵਿਦਿਆਰਥੀ ਨੇ ਫ਼ੋਨ ਦਾ ਪਾਸਵਰਡ ਦੱਸਣ ਤੋਂ ਇਨਕਾਰ ਕੀਤਾ, ਤਾਂ ਸਨਕੀ ਲੁਟੇਰਿਆਂ ਨੇ ਉਸ 'ਤੇ ਚਾਕੂ ਨਾਲ ਤਾਬੜਤੋੜ ਹਮਲਾ ਕਰ ਦਿੱਤਾ, ਜਿਸ ਨਾਲ ਉਹ ਖੂਨ ਨਾਲ ਲੱਥਪੱਥ ਹੋ ਗਿਆ।

ਵਾਰਦਾਤ ਤੋਂ ਬਾਅਦ ਰਵੀ ਅਤੇ ਉਸ ਦਾ ਦੋਸਤ ਰੋਹਿਤ ਇਨਸਾਫ਼ ਦੀ ਉਮੀਦ ਵਿਚ ਭੱਜਦੇ ਹੋਏ ਕੁਝ ਕਦਮਾਂ ਦੀ ਦੂਰੀ 'ਤੇ ਸਥਿਤ ਥਾਣਾ ਸਾਹਨੇਵਾਲ ਪਹੁੰਚੇ। ਉੱਥੇ ਡਿਊਟੀ 'ਤੇ ਤਾਇਨਾਤ ਨਾਈਟ ਮੁਨਸ਼ੀ ਗੁਰਦੀਪ ਸਿੰਘ ਤੋਂ ਉਨ੍ਹਾਂ ਨੇ ਨਾਲ ਚੱਲਣ ਅਤੇ ਲੁਟੇਰਿਆਂ ਨੂੰ ਫੜਨ ਦੀ ਗੁਹਾਰ ਲਗਾਈ। ਪੀੜਤ ਦਾ ਦੋਸ਼ ਹੈ ਕਿ ਪੁਲਸ ਕਰਮਚਾਰੀ ਨੇ ਮਦਦ ਕਰਨ ਦੀ ਬਜਾਏ ਬੇਹੱਦ ਗੈਰ-ਜ਼ਿੰਮੇਵਾਰਾਨਾ ਰਵੱਈਆ ਅਪਣਾਇਆ। ਰਵੀ ਅਨੁਸਾਰ, ਮੁਨਸ਼ੀ ਨੇ ਦੋ ਟੁੱਕ ਕਹਿ ਦਿੱਤਾ ਕਿ ਥਾਣੇ ਵਿਚ ਇਸ ਵੇਲੇ ਕੋਈ ਹੋਰ ਪੁਲਸ ਮੁਲਾਜ਼ਮ ਨਹੀਂ ਹੈ ਅਤੇ ਇਸ ਇਲਾਕੇ ਵਿਚ ਲੁੱਟ-ਖੋਹ ਹੋਣਾ ਆਮ ਗੱਲ ਹੈ।

## ਭਾਰਤ ਸਰਕਾਰ ਦੀ ਅਗਵਾਈ 'ਚ ਹਰਿਆਣਾ ਸਰਕਾਰ ਇਸ ਪਾਵਨ ਕਾਰਜ 'ਚ ਆਪਣਾ ਦੇ ਰਹੀ ਸਹਿਯੋਗ

ਨਵੀਂ ਦਿੱਲੀ, 11 ਮਈ- ਭਾਰਤੀ ਸਮਾਜ ਸਾਡੀ ਪ੍ਰਾਚੀਨ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਅਟੁੱਟ ਸੰਗਮ ਹੈ। ਸਾਡੇ ਦੇਸ਼ 'ਚ ਅਨੇਕਾਂ ਅਜਿਹੇ ਪੂਜਨੀਕ ਸਥਾਨ ਹਨ, ਜੋ ਸਾਡੀ ਆਸਥਾ ਅਤੇ ਸੰਸਕ੍ਰਿਤੀ ਨੂੰ ਹੋਰ ਮਜ਼ਬੂਤ ਕਰਦੇ ਹਨ। ਗੁਜਰਾਤ ਸਥਿਤ ਸੋਮਨਾਥ ਮੰਦਰ ਕੇਵਲ ਇਕ ਪੂਜਾ ਸਥਾਨ ਨਹੀਂ, ਸਗੋਂ ਇਹ ਭਾਰਤ ਦੇ ਅਧਿਆਤਮਿਕ ਸੰਕਲਪ ਦਾ ਜੀਵੰਤ ਪ੍ਰਤੀਕ ਹੈ। ਭਗਵਾਨ ਸ਼ਿਵ ਦੇ 12 ਆਦਿ ਜਯੋਤਿਰਲਿੰਗਾਂ 'ਚ ਪਹਿਲਾ ਸਥਾਨ ਰੱਖਣ ਵਾਲਾ ਸੋਮਨਾਥ ਮੰਦਰ ਭਾਰਤ ਦੇ ਪਵਿੱਤਰ ਭੂਗੋਲ 'ਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਹਰੇਕ ਭਾਰਤੀ ਦੇ ਜੀਵਨ 'ਚ ਰਚਿਆ-ਵਸਿਆ ਹੋਇਆ ਹੈ, ਜਿਸ ਤੋਂ ਬਿਨਾਂ ਉਹ ਆਪਣੀ ਹੋਂਦ ਦੀ ਕਲਪਨਾ ਨਹੀਂ ਕਰ ਸਕਦਾ।

ਭਾਰਤ ਸਰਕਾਰ ਦੀ ਅਗਵਾਈ 'ਚ ਹਰਿਆਣਾ ਸਰਕਾਰ ਇਸ ਪਾਵਨ ਕਾਰਜ 'ਚ ਆਪਣਾ ਸਹਿਯੋਗ ਦੇ ਰਹੀ ਹੈ, ਜਿਵੇਂ ਕਿ ਭਾਰਤ ਸਰਕਾਰ 8 ਮਈ ਤੋਂ 11 ਮਈ, 2026 ਤੱਕ ਸੋਮਨਾਥ ਸਵਾਭਿਮਾਨ ਪਰਵ ਦੇ ਰੂਪ 'ਚ ਮਨਾ ਰਹੀ ਹੈ, ਜੋ ਕਿ ਸੋਮਨਾਥ ਮੰਦਰ 'ਤੇ ਹੋਏ ਪਹਿਲੇ ਹਮਲੇ ਦੇ 1000 ਸਾਲ ਬਾਅਦ ਵੀ ਮੰਦਰ ਦੇ ਸਦੀਵੀ ਅਤੇ ਅਵਿਨਾਸ਼ੀ ਹੋਣ ਦਾ ਪਰਵ ਹੈ। ਇਸ ਮੰਦਰ ਨੇ ਸਦੀਆਂ ਤੱਕ ਹਮਲੇ ਅਤੇ ਮੁੜ-ਨਿਰਮਾਣ ਦਾ ਇਕ ਵਿਲੱਖਣ ਇਤਿਹਾਸ ਦੇਖਿਆ ਹੈ। ਸਾਲ 1026 'ਚ ਹੋਏ ਹਮਲੇ ਤੋਂ ਬਾਅਦ ਵੀ ਹਰ ਵਾਰ ਇਸ ਦਾ ਮੁੜ-ਨਿਰਮਾਣ ਹੋਇਆ, ਜੋ ਭਾਰਤੀ ਸਮਾਜ ਦੀ ਅਟੁੱਟ ਆਸਥਾ ਅਤੇ ਸੱਭਿਆਚਾਰਕ ਚੇਤਨਾ ਦਾ ਪ੍ਰਮਾਣ ਹੈ।

ਆਜ਼ਾਦੀ ਤੋਂ ਬਾਅਦ ਸਰਦਾਰ ਵੱਲਭਭਾਈ ਪਟੇਲ ਦੇ ਯਤਨਾਂ ਨਾਲ ਮੰਦਰ ਦਾ ਮੁੜ-ਨਿਰਮਾਣ ਹੋਇਆ ਅਤੇ 11 ਮਈ, 1951 ਨੂੰ ਇਸ ਦਾ ਪ੍ਰਾਣ-ਪ੍ਰਤਿਸ਼ਠਾ ਸਮਾਰੋਹ ਸੰਪੰਨ ਹੋਇਆ ਜੋ ਭਾਰਤ ਦੇ ਸੱਭਿਆਚਾਰਕ ਸਵਾਭਿਮਾਨ ਦਾ ਪ੍ਰਤੀਕ ਬਣਿਆ। ਇਸ ਪਰਵ ਨੂੰ ਮਨਾਉਣ ਦਾ ਇਹੀ ਮੂਲ ਉਦੇਸ਼ ਹੈ ਕਿ ਕਿੰਨੇ ਹੀ ਉਤਰਾਅ-ਚੜ੍ਹਾਅ ਆਏ, ਪਰ ਸੋਮਨਾਥ ਸਾਡੀ ਅਟੁੱਟ ਆਸਥਾ ਦਾ ਪ੍ਰਤੀਕ ਸੀ ਅਤੇ ਰਹੇਗਾ। ਇਹ ਭਾਰਤੀ ਜਨ ਮਾਨਸ ਦੇ ਹਿਰਦੇ 'ਚ ਵਾਸ ਕਰਦਾ ਹੈ। ਇਹ ਪਰਵ ਉਨ੍ਹਾਂ ਅਣਗਿਣਤ ਮਹਾਨ ਸ਼ਖ਼ਸੀਅਤਾਂ ਨੂੰ ਯਾਦ ਕਰਨ ਦਾ ਵੀ ਹੈ, ਜੋ ਸੋਮਨਾਥ 'ਤੇ ਜ਼ਾਲਮਾਨਾ ਹਮਲਿਆਂ ਦੇ ਬਾਵਜੂਦ ਉਨ੍ਹਾਂ ਦੇ ਸਾਹਮਣੇ ਡਟ ਕੇ ਖੜ੍ਹੇ ਰਹੇ।

1940 ਦੇ ਦਹਾਕੇ 'ਚ ਆਜ਼ਾਦੀ ਦੀ ਭਾਵਨਾ ਪੂਰੇ ਭਾਰਤ 'ਚ ਫੈਲ ਰਹੀ ਸੀ, ਸਰਦਾਰ ਪਟੇਲ ਵਰਗੇ ਮਹਾਨ ਨੇਤਾਵਾਂ ਦੀ ਅਗਵਾਈ 'ਚ ਆਜ਼ਾਦ ਭਾਰਤ ਦੀ ਨੀਂਹ ਰੱਖੀ ਜਾ ਰਹੀ ਸੀ। ਅਜਿਹੇ 'ਚ ਉਨ੍ਹਾਂ ਨੂੰ ਸੋਮਨਾਥ ਮੰਦਰ ਦੀ ਦੁਰਦਸ਼ਾ ਦੁਖੀ ਕਰ ਰਹੀ ਸੀ। 13 ਨਵੰਬਰ, 1947 ਨੂੰ ਦੀਵਾਲੀ ਦੇ ਸਮੇਂ ਸਰਦਾਰ ਪਟੇਲ ਨੇ ਸੋਮਨਾਥ ਦੇ ਜਰਜਰ ਅਵਸ਼ੇਸ਼ਾਂ ਦੇ ਸਾਹਮਣੇ ਖੜ੍ਹੇ ਹੋ ਕੇ ਸਮੁੰਦਰ ਦਾ ਜਲ ਹੱਥ 'ਚ ਲੈ ਕੇ ਸੰਕਲਪ ਲਿਆ ਸੀ 'ਇਸ (ਗੁਜਰਾਤੀ) ਨਵੇਂ ਸਾਲ 'ਤੇ ਸਾਡਾ ਨਿਸ਼ਚਾ ਹੈ ਕਿ ਸੋਮਨਾਥ 'ਤੇ ਸਾਡਾ ਮੁੜ-ਨਿਰਮਾਣ ਹੋਵੇਗਾ। ਸੌਰਾਸ਼ਟਰ



ਦੇ ਲੋਕਾਂ ਨੂੰ ਇਸ ਦੇ ਲਈ ਹਰ ਤਰ੍ਹਾਂ ਨਾਲ ਆਪਣਾ ਯੋਗਦਾਨ ਦੇਣਾ ਹੋਵੇਗਾ। ਇਹ ਇਕ ਪਾਵਨ ਕਾਰਜ ਹੈ, ਜਿਸ 'ਚ ਹਰ ਕਿਸੇ ਨੂੰ ਭਾਈਵਾਲੀ ਨਿਭਾਉਣੀ ਹੋਵੇਗੀ।' ਉਨ੍ਹਾਂ ਦੇ ਇਸ ਸੱਦੇ ਨੇ ਸਿਰਫ਼ ਗੁਜਰਾਤ ਹੀ ਨਹੀਂ, ਸਗੋਂ ਸੰਪੂਰਨ ਭਾਰਤ ਨੂੰ ਨਵੇਂ ਉਤਸ਼ਾਹ ਨਾਲ ਭਰ ਦਿੱਤਾ। ਬਦਕਿਸਮਤੀ ਨਾਲ ਸਰਦਾਰ ਪਟੇਲ ਆਪਣੇ ਉਸ ਸੁਪਨੇ ਨੂੰ ਸਾਕਾਰ ਹੁੰਦੇ ਨਹੀਂ ਦੇਖ ਸਕੇ, ਜਿਸ ਲਈ ਉਨ੍ਹਾਂ ਨੇ ਖ਼ੁਦ ਨੂੰ ਸਮਰਪਿਤ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਕਿ ਨਵੀਨੀਕਰਨ ਤੋਂ ਬਾਅਦ ਸੋਮਨਾਥ ਮੰਦਰ ਭਗਤਾਂ ਲਈ ਖੁੱਲ੍ਹਦਾ, ਉਨ੍ਹਾਂ ਨੇ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਪ੍ਰਧਾ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਇਸ ਪਾਵਨ ਮੌਕੇ 'ਤੇ ਸੋਮਨਾਥ ਪ੍ਰਤੀ ਆਪਣੀ ਡੂੰਘੀ ਸ਼ਰਧਾ ਪ੍ਰਗਟਾਈ ਹੈ, ਕਿਉਂਕਿ ਬੀਤੇ 75 ਸਾਲਾਂ 'ਚ ਇਹ ਮੰਦਰ ਸਿਰਫ ਮੁੜ-ਨਿਰਮਾਣ ਦਾ ਪ੍ਰਤੀਕ ਨਹੀਂ ਰਿਹਾ, ਸਗੋਂ ਭਾਰਤ ਦੇ ਸੱਭਿਆਚਾਰਕ ਆਤਮਵਿਸ਼ਵਾਸ ਅਤੇ ਅਟੁੱਟ ਆਸਥਾ ਦਾ ਸ਼ਕਤੀਸ਼ਾਲੀ ਕੇਂਦਰ ਬਣ ਕੇ ਉੱਭਰਿਆ ਹੈ। ਸ਼੍ਰੀ ਨਰਿੰਦਰ ਮੋਦੀ ਨੇ ਸ਼੍ਰੀ ਸੋਮਨਾਥ ਟਰੱਸਟ ਦੇ ਪ੍ਰਧਾਨ ਹੋਣ ਦੇ ਨਾਤੇ ਵੀ ਇਸ ਵਿਰਾਸਤ ਨੂੰ ਸੰਭਾਲ ਕੇ ਰੱਖਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਇਕ ਸੰਕਲਪ ਲਿਆ ਹੈ। ਅੱਜ ਸੋਮਨਾਥ ਮੰਦਰ ਸ਼ਾਨਦਾਰ ਵਾਸਤੂਕਲਾ, ਅਧਿਆਤਮਿਕ ਊਰਜਾ ਅਤੇ ਸੱਭਿਆਚਾਰਕ ਵਿਰਾਸਤ ਦਾ ਵਿਲੱਖਣ ਸੰਗਮ ਹੈ। ਇਹ ਸਿਰਫ ਇਕ ਮੰਦਰ ਨਹੀਂ, ਸਗੋਂ ਦੇਸ਼ ਦੀ ਆਤਮਾ ਨਾਲ ਜੁੜਿਆ ਇਕ ਜੀਵੰਤ ਤੀਰਥ ਹੈ, ਜੋ ਹਰ ਦਿਨ ਲੱਖਾਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ। ਸੋਮਨਾਥ ਮੰਦਰ ਕੰਪਲੈਕਸ 'ਚ ਆਧੁਨਿਕ ਸਹੂਲਤਾਂ ਦਾ ਵਿਸਥਾਰ, ਤੀਰਥ ਯਾਤਰੀਆਂ ਲਈ ਬਿਹਤਰ ਪ੍ਰਬੰਧ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਸ਼ਕਤੀਕਰਨ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਇਹ ਪਵਿੱਤਰ ਧਾਮ ਅੱਜ ਆਸਥਾ ਦੇ ਨਾਲ-ਨਾਲ ਸੈਰ-ਸਪਾਟਾ ਅਤੇ ਸੱਭਿਆਚਾਰਕ ਖ਼ੁਸ਼ਹਾਲੀ ਦਾ ਵੀ ਪ੍ਰਮੁੱਖ ਕੇਂਦਰ ਬਣ ਚੁੱਕਾ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਦੇਸ਼ ਭਰ ਦੇ ਧਾਰਮਿਕ ਅਤੇ ਤੀਰਥ ਸਥਾਨਾਂ ਨੂੰ ਵਿਸ਼ਵ ਪ੍ਰਸਿੱਧ ਕਰਕੇ ਹਿੰਦੂ ਧਰਮ ਨੂੰ ਪ੍ਰਬਲ ਪ੍ਰਤੀਨਿਧਤਾ ਦਿੱਤੀ ਹੈ, ਉਨ੍ਹਾਂ ਨੇ 'ਵਿਕਾਸ ਵੀ, ਵਿਰਾਸਤ ਵੀ' ਦੇ ਮੂਲ ਮੰਤਰ ਤੋਂ ਪ੍ਰੇਰਿਤ ਹੋ ਕੇ ਸੋਮਨਾਥ ਤੋਂ ਕਾਸ਼ੀ, ਕਾਮਾਖਿਆ ਤੋਂ ਕੇਦਾਰਨਾਥ, ਅਯੁੱਧਿਆ ਤੋਂ ਉੱਜੈਨ ਤੱਕ ਅਧਿਆਤਮਿਕ ਕੇਂਦਰਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਹੈ, ਨਾਲ ਹੀ ਉਨ੍ਹਾਂ ਦੀ ਰਵਾਇਤੀ ਪਛਾਣ ਨੂੰ ਵੀ ਦਰਸ਼ਨ ਕਰਨ ਉਮੜ ਰਹੀ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਨਰਿੰਦਰ ਮੋਦੀ ਜੀ ਦੀ ਅਗਵਾਈ ਨੇ ਹਿੰਦੂ ਧਰਮ ਨੂੰ ਮੁੜ ਸੁਰਜੀਤ ਕੀਤਾ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਦੁਨੀਆ ਭਰ ਦੇ ਭਾਰਤੀ ਆਪਣੀਆਂ ਹਨ ਅਤੇ ਹਿੰਦੂ ਧਰਮ ਦੇ ਮਹੱਤਵ ਨੂੰ ਸਮਝ ਰਹੇ ਹਨ। ਸ਼੍ਰੀ ਨਰਿੰਦਰ ਮੋਦੀ ਦਾ ਇਹੀ ਦੇਸ਼ ਪ੍ਰੇਮ ਦਾ ਭਾਵ ਸਾਨੂੰ ਹਮੇਸ਼ਾ ਪ੍ਰੇਰਿਤ ਕਰਦਾ ਹੈ। ਨਰਿੰਦਰ ਮੋਦੀ ਜੀ ਨੇ ਸੱਦਾ ਦਿੱਤਾ ਹੈ ਕਿ ਸੋਮਨਾਥ ਦੇ ਦਰਸ਼ਨ ਕਰਨ ਨਾਲ ਸਾਨੂੰ ਉਸ ਅਜੇਤੂ ਆਤਮਾ ਦਾ ਅਨੁਭਵ ਹੋਵੇਗਾ, ਜਿਸ ਨੇ ਹਰ ਚੋਟ ਦੇ ਬਾਵਜੂਦ ਆਪਣੀ ਪਛਾਣ ਅਤੇ ਸੰਸਕ੍ਰਿਤੀ ਨੂੰ ਬਰਕਰਾਰ ਰੱਖਿਆ। ਸਾਡੀ ਸੰਸਕ੍ਰਿਤੀ ਇੰਨੀ ਅਮੀਰ ਅਤੇ ਜੀਵੰਤ ਹੈ ਕਿ ਅੱਜ ਭਾਰਤ ਵਿਸ਼ਵ ਸ਼ਕਤੀ ਬਣਨ ਵੱਲ ਵਧ ਰਿਹਾ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਅਦਭੁਤ ਧਾਰਮਿਕ ਸ਼ਕਤੀ ਦੇ ਦਰਸ਼ਨ ਮਾਤਰ ਨਾਲ ਹੀ ਤੁਹਾਨੂੰ ਇਕ ਅਦਭੁਤ ਅਨੁਭਵ ਹੋਵੇਗਾ।

ਕੌਮੀ ਪਤ੍ਰਿਕਾ

# ਸੰਪਾਦਕੀ

## ਪੱਛਮ ਵਿਚ ਕਮਿਊਨਿਟੀ ਲਿਵਿੰਗ ਦਾ ਵਧਦਾ ਰੁਝਾਨ

*ਹਾਲ ਹੀ 'ਚ ਇਕ ਰਿਸਰਚ ਵਿਚ ਇਹ ਗੱਲ ਸਾਹਮਣੇ ਆਈ ਕਿ ਬ੍ਰਿਟੇਨ 'ਚ ਪਰਿਵਾਰ ਦੇ ਮੈਂਬਰਾਂ (ਦਾਦਾ-ਦਾਦੀ, ਮਾਤਾ-ਪਿਤਾ, ਬੱਚੇ) ਜਾਂ ਗੈਰ-ਪਰਿਵਾਰਕ ਮੈਂਬਰਾਂ ਨਾਲ ਇਕ ਛੱਤ ਹੇਠ ਰਹਿਣ ਦਾ ਰੁਝਾਨ ਵਧ ਰਿਹਾ ਹੈ। ਸਿਰਫ ਮਾਤਾ-ਪਿਤਾ ਨਾਲ ਹੀ ਨਹੀਂ, ਸਗੋਂ ਬ੍ਰਿਟੇਨ, ਜਰਮਨੀ, ਫਰਾਂਸ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਸੈਂਕੜੇ ਕਮਿਊਨਿਟੀ ਲਿਵਿੰਗ ਗਰੁੱਪ ਬਣ ਗਏ ਹਨ, ਜਿਥੇ ਲੋਕ ਸਸਤੇ ਵਿਚ ਰਹਿੰਦੇ ਹਨ ਅਤੇ ਇਕੱਲੇਪਨ ਤੋਂ ਬਚਦੇ ਹਨ।*

*ਉਥੇ ਸਮਾਜਸ਼ਾਸਤਰੀਆਂ ਦੀ ਰਿਸਰਚ ?ਵਚ ਇਹ ਗੱਲ ਸਾਹਮਣੇ ਆਈ ਹੈ ਕਿ ਕਮਿਊਨਿਟੀ ਲਿਵਿੰਗ ਅਤੇ ਮਲਟੀ-ਜੈਨਰੇਸ਼ਨਲ ਘਰਾਂ ਵਿਚ ਰਹਿਣ ਵਾਲੇ ਲੋਕ ਇਕੱਲੇ ਅਤੇ ਨਿਊਕਲੀਅਰ ਫੈਮਿਲੀ (ਸਿੰਗਲ ਪਰਿਵਾਰ) ਵਿਚ ਰਹਿਣ ਵਾਲਿਆਂ ਦੀ ਤੁਲਨਾ ਵਿਚ ਵੱਧ ਸੰਤੁਸ਼ਟ ਅਤੇ ਖ਼ੁਸ਼ੀ ਮਹਿਸੂਸ ਕਰਦੇ ਹਨ। ਨਤੀਜੇ ਵਜੋਂ ਜੋ ਲੋਕ ਆਪਣੇ ਘਰ ਦਾ ਖਰਚ ਉਠਾ ਸਕਦੇ ਹਨ, ਉਹ ਵੀ ਹੁਣ ਕਮਿਊਨਿਟੀ ਲਿਵਿੰਗ ਚੁਣ ਰਹੇ ਹਨ, ਜਿਸ ਨਾਲ ਇਹ ਸਿਰਫ ਆਰਥਿਕ ਮਜਬੂਰੀ ਨਹੀਂ ਸਗੋਂ ਉਥੇ ਇਕ ਜੀਵਨਸ਼ੈਲੀ ਦਾ ਬਦਲ ਬਣਦਾ ਜਾ ਰਿਹਾ ਹੈ।*

*ਇਸ ਦੇ ਉਲਟ ਅਸੀਂ ਪਰਸਨਲ ਸਪੇਸ ਅਤੇ ਨਿੱਜਤਾ ਵੱਲ ਭੱਜ ਰਹੇ ਹਾਂ। ਅੱਜ ਭਾਰਤ ਇਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿਥੇ ਆਰਥਿਕ ਪ੍ਰਗਤੀ, ਤਕਨੀਕੀ ਵਿਕਾਸ ਅਤੇ ਸੰਸਾਰਕ ਪਛਾਣ ਦੇ ਰੌਲੇ ਵਿਚ ਇਕ ਅਤਿਅੰਤ ਮੌਨ ਪਰ ਡੂੰਘੀ ਸਮਾਜਿਕ ਤ੍ਰਾਸਦੀ ਵਾਪਰ ਰਹੀ ਹੈ ਅਤੇ ਉਹ ਹੈ ਸਾਂਝੇ ਪਰਿਵਾਰਾਂ ਦਾ ਟੁੱਟਣਾ। ਤ੍ਰਾਸਦੀ ਇਹ ਹੈ ਕਿ ਜਿਸ ਸਾਂਝੇ ਪਰਿਵਾਰ ਦੀ ਵਿਵਸਥਾ ਨੂੰ ਭਾਰਤ ਨੇ ਪਿਛੜੇਪਣ ਦਾ ਪ੍ਰਤੀਕ ਮੰਨ ਕੇ ਤਿਆਗਣਾ ਸ਼ੁਰੂ ਕੀਤਾ, ਉਹੀ ਵਿਵਸਥਾ ਅੱਜ ਪੱਛਮੀ ਦੇਸ਼ਾਂ ਵਿਚ ਨਵੇਂ ਸਮਾਜਿਕ ਹੱਲ ਦੇ ਰੂਪ ਵਿਚ ਅਪਣਾਈ ਜਾ ਰਹੀ ਹੈ।*

*ਦਰਅਸਲ ਭਾਰਤ ਵਿਚ ਸਾਂਝਾ ਪਰਿਵਾਰ ਕਦੇ ਸਿਰਫ ਸਾਥ ਰਹਿਣ ਦੀ ਵਿਵਸਥਾ ਮਾਤਰ ਨਹੀਂ ਰਿਹਾ ਸਗੋਂ ਇਹ ਇਕ ਅਜਿਹਾ ਸੱਭਿਆਚਾਰਕ ਸੁਰੱਖਿਆ ਕਵਚ ਸੀ, ਜਿਥੇ ਬੱਚੇ ਸੰਸਕਾਰ ਸਿੱਖਦੇ ਸਨ, ਨੌਜਵਾਨ ਜ਼ਿੰਮੇਵਾਰੀ ਨਿਭਾਉਂਦੇ ਸਨ ਅਤੇ ਬਜ਼ੁਰਗ ਸਨਮਾਨ ਪਾਉਂਦੇ ਸਨ। ਇਹ ਉਹ ਵਿਵਸਥਾ ਸੀ, ਜਿਸ ਨੇ ਬਿਨਾਂ ਕਿਸੇ ਮਨੋਵਿਗਿਆਨਿਕ ਸਲਾਹ ਦੇ ਪੀੜ੍ਹੀਆਂ ਨੂੰ ਭਾਵਨਾਤਮਕ ਰੂਪ ਨਾਲ ਸੰਤੁਲਿਤ ਰੱਖਿਆ ਪਰ ਅੱਜ ਉਹੀ ਵਿਵਸਥਾ 'ਸਪੇਸ', 'ਪ੍ਰਾਈਵੇਸੀ' ਅਤੇ 'ਇੰਡੀਵਿਜੁਅਲ ਫ੍ਰੀਡਮ' ਵਰਗੇ ਸ਼ਬਦਾਂ ਦੇ ਹੇਠਾਂ ਦਮ ਤੋੜ ਰਹੀ ਹੈ ਅਤੇ ਜਦੋਂ ਪਰਿਵਾਰ ਟੁੱਟਦੇ ਹਨ, ਉਦੋਂ ਸਿਰਫ ਦੀਵਾਰਾਂ ਵੱਖ ਨਹੀਂ ਹੁੰਦੀਆਂ ਉਦੋਂ ਸੰਸਕਾਰ, ਸੰਵੇਦਨਾਵਾਂ ਅਤੇ ਸਮਾਜਿਕ ਸੰਤੁਲਨ ਵੀ ਟੁੱਟਣ ਲੱਗਦਾ ਹੈ।*

*ਅੰਕੜੇ ਇਸ ਸਮਾਜਿਕ ਬਦਲਾਅ ਦੀ ਪੁਸ਼ਟੀ ਕਰਦੇ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐੱਨ. ਐੱਫ. ਐੱਚ. ਐੱਸ.-5, 2019-21) ਅਨੁਸਾਰ ਭਾਰਤ ਵਿਚ ਲਗਭਗ 58.2 ਫੀਸਦੀ ਪਰਿਵਾਰ ਹੁਣ ਸਿੰਗਲ (ਨਿਊਕਲੀਅਰ) ਰਚਨਾ ਦੇ ਹਨ, ਜਦੋਂਕਿ ਸਾਂਝੇ ਪਰਿਵਾਰਾਂ ਦੀ ਹਿੱਸੇਦਾਰੀ ਲਗਾਤਾਰ ਘਟ ਰਹੀ ਹੈ। ਇਹ ਸਪੱਸ਼ਟ ਸੰਕੇਤ ਹੈ ਕਿ ਸਾਂਝੇ ਪਰਿਵਾਰ ਹੁਣ ਅਪਵਾਦ ਬਣਦੇ ਜਾ ਰਹੇ ਹਨ।*

*ਸ਼ਹਿਰੀਕਰਨ ਅਤੇ ਰੋਜ਼ਗਾਰ ਦੀਆਂ ਮਜਬੂਰੀਆਂ ਇਸ ਟੁੱਟਣ ਨੂੰ ਹੋਰ ਤੇਜ਼ ਕਰ ਰਹੀਆਂ ਹਨ। ਖੋਜਾਂ ਦੱਸਦੀਆਂ ਹਨ ਕਿ ਸ਼ਹਿਰੀ ਨੌਜਵਾਨਾਂ ਵਿਚ ਆਜ਼ਾਦੀ ਅਤੇ ਨਿੱਜਤਾ ਨੂੰ ਸਰਵਉੱਚ ਪਹਿਲ ਦੇਣ ਦੀ ਪ੍ਰਵਿਰਤੀ ਵਧੀ ਹੈ ਜਿਸ ਨਾਲ ਸਾਂਝੇ ਪਰਿਵਾਰਾਂ ਨਾਲ ਰਹਿਣਾ 'ਅਸੁਵਿਧਾਜਨਕ' ਸਮਝਿਆ ਜਾਣ ਲੱਗਾ ਹੈ ਪਰ ਕੀ ਸਹੂਲਤ ਦਾ ਅਰਥ ਸੰਵੇਦਨਾ ਦਾ ਤਿਆਗ ਹੋਣਾ ਚਾਹੀਦਾ? ਕੀ ਆਜ਼ਾਦੀ ਦਾ ਅਰਥ ਰਿਸ਼ਤਿਆਂ ਤੋਂ ਮੁਕਤੀ ਹੈ?*

*ਨਤੀਜੇ ਵਜੋਂ ਅੱਜ ਭਾਰਤ ਵਿਚ ਪਰਿਵਾਰ ਛੋਟੇ ਹੋ ਰਹੇ ਹਨ ਅਤੇ ਸਮੱਸਿਆਵਾਂ ਵੱਡੀਆਂ। ਪਤੀ-ਪਤਨੀ ਦੋਵੇਂ ਕੰਮਕਾਜੀ ਹਨ, ਫਿਰ ਵੀ ਮਾਨਸਿਕ ਥਕਾਨ ਵਧੀ ਹੈ। ਬੱਚੇ ਸਹੂਲਤਾਂ ਨਾਲ ਘਿਰੇ ਹਨ, ਫਿਰ ਵੀ ਭਾਵਨਾਤਮਕ ਤੌਰ 'ਤੇ ਅਸੁਰੱਖਿਅਤ ਹਨ ਅਤੇ ਬਜ਼ੁਰਗ ਜਿਨ੍ਹਾਂ ਦੇ ਤਜਰਬੇ ਕਿਸੇ ਵੀ ਸਮਾਜ ਦੀ ਸਭ ਤੋਂ ਵੱਡੀ ਪੂੰਜੀ ਹੁੰਦੇ ਹਨ, ਅੱਜ ਨਜ਼ਰਅੰਦਾਜ਼ੀ ਅਤੇ ਇਕੱਲੇਪਣ ਦੇ ਸ਼ਿਕਾਰ ਹਨ। ਜਿਸ ਸਮਾਜ ਵਿਚ ਕਦੇ ਬਜ਼ੁਰਗ ਪਰਿਵਾਰ ਦਾ ਕੇਂਦਰ ਹੁੰਦੇ ਸਨ, ਅੱਜ ਉਥੇ ਹੀ 'ਓਲਡ ਏਜ ਹੋਮ' ਇਕ ਜ਼ਰੂਰੀ ਵਿਵਸਥਾ ਬਣਦੀ ਜਾ ਰਹੀ ਹੈ। ਇਹ ਵਿਕਾਸ ਨਹੀਂ ਇਹ ਸਮਾਜਿਕ ਅਸਫਲਤਾ ਦਾ ਸੰਕੇਤ ਹੈ।*

*ਇਸ ਦੇ ਉਲਟ ਜੇਕਰ ਅਸੀਂ ਪੱਛਮੀ ਦੇਸ਼ਾਂ ਵੱਲ ਦੇਖੀਏ ਤਾਂ ਇਕ ਬਿਲਕੁਲ ਅਲੱਗ ਤਸਵੀਰ ਉਭਰਦੀ ਹੈ। ਅਮਰੀਕਾ, ਯੂਰਪ ਅਤੇ ਆਸਟ?ਰੇਲੀਆ ਵਰਗੇ ਦੇਸ਼ਾਂ ਵਿਚ ਹੁਣ ਕਮਿਊਨਿਟੀ ਲਿਵਿੰਗ, ਮਲਟੀ-ਜੈਨਰੇਸ਼ਨ ਹੋਮਸ ਅਤੇ ਫੈਮਿਲੀ ਸਪੋਰਟ ਸਿਸਟਮ ਨੂੰ ਉਤਸ਼ਾਹ ਦਿੱਤਾ ਜਾ ਰਿਹਾ ਹੈ। ਉਥੇ ਸਰਕਾਰਾਂ ਅਤੇ ਸਮਾਜ ਇਹ ਸਮਝ ਚੁੱਕੇ ਹਨ ਕਿ ਇਕੱਲਾਪਣ ਸਭ ਤੋਂ ਮਹਿੰਗੀ ਬੀਮਾਰੀ ਹੈ ਜਿਸ ਦਾ ਇਲਾਜ ਨਾ ਦਵਾਈ ਨਾਲ ਹੁੰਦਾ ਹੈ, ਨਾ ਧਨ ਨਾਲ।*

*ਜਿਥੇ ਭਾਰਤ ਸੰਯੁਕਤ ਪਰਿਵਾਰ ਤੋਂ ਭੱਜ ਰਿਹਾ ਹੈ, ਉਥੇ ਹੀ ਪੱਛਮ ਉਸ ਵੱਲ ਆਕਰਸ਼ਿਤ ਹੀ ਨਹੀਂ ਹੋ ਰਿਹਾ ਸਗੋਂ ਉਸ ਨੂੰ ਅਪਣਾ ਵੀ ਰਿਹਾ ਹੈ। ਇਹ ਵਿਰੋਧਾਭਾਸ ਸਿਰਫ ਸਮਾਜਿਕ ਨਹੀਂ, ਬੌਧਿਕ ਵੀ ਹੈ। ਅਸੀਂ ਪ੍ਰੰਪਰਾ ਨੂੰ ਬੋਝ ਸਮਝਿਆ, ਉਨ੍ਹਾਂ ਨੇ ਤਜਰਬੇ ਨੂੰ ਜਾਇਦਾਦ ਮੰਨਿਆ। ਅਸੀਂ ਬਜ਼ੁਰਗਾਂ ਨੂੰ 'ਡਿਪੈਂਡੈਂਸੀ' ਕਿਹਾ, ਉਨ੍ਹਾਂ ਨੇ ਉਨ੍ਹਾਂ ਨੂੰ ਮੈਂਟਲ ਸਟੇਬਿਲਿਟੀ ਦਾ ਆਧਾਰ ਮੰਨਿਆ।*

*ਅਸੀਂ ਭੁੱਲ ਗਏ ਕਿ ਸੰਯੁਕਤ ਪਰਿਵਾਰ ਦੀ ਵਿਵਸਥਾ ਦੀ ਸਭ ਤੋਂ ਵੱਡੀ ਤਾਕਤ ਸੀ, ਸਮੂਹਿਕ ਜ਼ਿੰਮੇਵਾਰੀ। ਬੱਚੇ ਸਿਰਫ ਮਾਤਾ-ਪਿਤਾ ਦੇ ਨਹੀਂ, ਪੂਰੇ ਪਰਿਵਾਰ ਦੇ ਹੁੰਦੇ ਸਨ। ਕਿਸੇ ਇਕ ਦੇ ਡਿੱਗਣ 'ਤੇ ਪੂਰਾ ਪਰਿਵਾਰ ਉਸ ਨੂੰ ਸੰਭਾਲ ਲੈਂਦਾ ਸੀ। ਅੱਜ ਇਸ ਦੀ ਜਗ?ਹਾ ਅਸੀਂ ਸੰਸਥਾਗਤ ਬਦਲ ਚੁਣੇ ਹਨ-ਡੇ ਕੇਅਰ, ਟਿਊਟਰ, ਕਾਊਂਸਲਰ ਅਤੇ ਕੇਅਰਟੇਕਰ, ਪਰ ਸਵਾਲ ਇਹ ਹੈ ਕਿ ਕੀ ਭਾਵਨਾਵਾਂ ਦੀ ਪੂਰਤੀ ਸੇਵਾਵਾਂ ਨਾਲ ਹੋ ਸਕਦੀ ਹੈ?*

# ਚੀਨ ਡੋਰ ਦਾ ਵਧਦਾ ਕਹਿਰ



ਪ੍ਰੰਤੂ ਬਸੰਤ ਦੇ ਤਿਉਹਾਰ ਤੋਂ ਮਹੀਨਾ-ਵੀਹ ਦਿਨ ਪਹਿਲਾਂ ਤੋਂ ਲੈ ਕੇ ਏਨੇ ਦਿਨ ਪਿੱਛੇ ਤੱਕ ਆਮ ਵਾਂਗ ਹਰ ਥਾਂ ਗਲੀਆਂ ਮਹੁੱਲਿਆਂ, ਸੜਕਾਂ ਦਰਖੱਤਾਂ ਤੇ ਹਰ ਥਾਂ ਚਾਇਨਾ ਡੋਰ ਦਾ ਜਾਲ ਵਿਛਿਆ ਹੁੰਦਾ ਹੈ। ਅੱਜ ਦੇ ਸਮੇਂ ਵਿੱਚ ਜੇ ਗੱਲ ਕਰਨੀ ਹੋਵੇ ਭਖਦੇ ਮੁੱਦਿਆਂ ਦੀ ਤਾਂ ਸੂਚੀ ਬਹੁਤ ਲੰਬੀ ਹੈ। ਇਹਨਾਂ ਮੁੱਦਿਆਂ ਦੇ ਨਤੀਜੇ ਵੀ ਬਹੁਤ ਹੀ ਦੁਖਦਾਈ ਅਤੇ ਨਿਰਾਸ਼ਾਵਾਦੀ ਹਨ। ਇਹਨਾਂ ਮੁੱਦਿਆਂ ਦੇ ਹੱਲ ਅਤੇ ਅੰਤ ਵੀ ਰਹੱਸਮਈ ਹਨ। ਕਿਸੇ ਵੀ ਸਰਕਾਰ ਲਈ ਭਾਂਵੇ ਉਹ ਬੀਤੇ ਸਮੇਂ ਦੀਆਂ ਸਰਕਾਰਾਂ ਹੋਣ ਜਾਂ ਫਿਰ ਮੌਜੂਦਾ ਸਰਕਾਰ ਹੋਵੇ, ਹਰ ਕਿਸੇ ਲਈ ਇਹਨਾਂ ਮੁੱਦਿਆਂ ਨਾਲ ਨਜਿੱਠਣਾ ਬੜਾ ਔਖਾ ਹੈ। ਇਹ ਮੁੱਦੇ ਹਮੇਸ਼ਾ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਗਲੇ ਦੀ ਹੱਡੀ ਬਣੇ ਰਹਿੰਦੇ ਹਨ।

ਜੇ ਗੱਲ ਕਰੀਏ ਇਹਨਾਂ ਚੁਣਵੇਂ ਮੁੱਦਿਆਂ ਦੀ ਜਿਵੇਂ ਕਿ ਨਸ਼ਾ ਖਾਸਕਰ ਚਿੱਟਾ, ਨਾਜਾਇਜ਼ ਮਾਈਨਿੰਗ, ਗੈਂਗਸਟਰਵਾਦ, ਰਿਸਵਤਖੋਰੀ, ਭ੍ਰਿਸਟਾਚਾਰ, ਬੇਰੁਜ਼ਗਾਰੀ, ਨਾਜਾਇਜ਼ ਹਥਿਆਰ, ਨਾਜਾਇਜ਼ ਕਬਜ਼ੇ, ਫਿਰੌਤੀਆਂ, ਪ੍ਰਵਾਸ, ਦੂਸ਼ਿਤ ਹੋ ਰਿਹਾ ਵਾਤਾਵਰਣ, ਖਤਮ ਹੁੰਦਾ ਜਾ ਰਿਹਾ ਪਾਣੀ, ਗਰੀਬੀ ਆਦਿ ਅਨੇਕਾਂ ਹੀ ਮੁੱਦੇ ਹਨ ਜੋ ਕਿ ਸਮੇਂ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਮੂੰਹ ਚਿੜਾਉਂਦੇ ਰਹਿੰਦੇ ਹਨ। ਸਰਕਾਰਾਂ ਅਤੇ ਪ੍ਰਸ਼ਾਸਨ ਚਾਹ ਕੇ ਵੀ ਇਹਨਾਂ ਨੂੰ ਖਤਮ ਨਹੀਂ ਕਰ ਸਕੇ। ਕਾਰਨ ਇਹਨਾਂ ਸਭ ਦੇ ਪਿੱਛੇ ਮਨੁੱਖੀ ਸੁਭਾਅ ਦਾ ਸਵਾਰਥਪੁਣਾ ਤੇ ਲਾਲਚ ਹੈ। ਅੱਜ ਦਾ ਮਨੁੱਖ ਏਨਾ ਲਾਲਚੀ, ਲਾਲਸੀ ਅਤੇ ਸਵਾਰਥੀ ਹੋ ਗਿਆ ਕਿ ਉਹ ਆਪਣੇ ਤੋਂ ਸਿਵਾਏ ਕਿਸੇ ਹੋਰ ਬਾਰੇ ਸੋਚਦਾ ਹੀ ਨਹੀਂ। ਇੱਥੋਂ ਤੱਕ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਬਾਰੇ ਵੀ ਨਹੀਂ ਸੋਚਦਾ, ਜਿਨ੍ਹਾਂ ਲਈ ਹਰ ਹੀਲਾ ਵਰਤ ਕੇ ਧਨ-ਦੌਲਤ, ਜ਼ਮੀਨਾਂ-ਜਾਇਦਾਦਾਂ ਇੱਕਠੀਆਂ ਕਰਦਾ ਹੈ, ਪ੍ਰੰਤੂ ਵਾਤਾਵਰਣ, ਪਾਣੀ, ਧਰਤੀ ਵਗੈਰਾ ਦੇ ਮੁੱਦਿਆਂ 'ਤੇ ਤਾਂ ਉਹ ਉਹਨਾਂ ਬਾਰੇ ਵੀ ਚਿੰਤਤ ਨਹੀਂ ਲੱਗਦਾ। ਇਨਸਾਨ ਵੱਧ ਤੋਂ ਵੱਧ ਧਨ-ਦੌਲਤ, ਸੋਹਰਤ ਅਤੇ ਤਾਕਤ ਹਾਸਲ ਕਰਨ ਲਈ ਕਿਸੇ ਦੀ ਜਾਨ ਵੀ ਕੀਮਤ 'ਤੇ ਲਗਾ ਸਕਦਾ ਹੈ। ਅੱਜ ਦਾ ਮਨੁੱਖ ਆਪਣਾ ਪੇਟ ਅਤੇ ਘਰ ਭਰਨ ਲਈ ਕਿਸੇ ਦਾ ਵੀ ਘਰ ਉਜਾੜ ਸਕਦਾ ਹੈ।

ਜੇ ਭਖਦਿਆਂ ਮੁੱਦਿਆਂ ਵਿੱਚੋਂ ਗੱਲ ਕਰੀਏ ਤਾਂ ਸਭ ਤੋਂ ਵੱਡਾ ਮੁੱਦਾ ਹੈ ਨਸ਼ੇ ਦਾ ਜਾਂ ਫਿਰ ਚਿੱਟੇ ਦਾ ਕਹਿ ਲਵੋ। ਚਿੱਟਾ ਅੱਜ ਪਿੰਡ-ਪਿੰਡ ਜਾ ਪਹੁੰਚਿਆ ਹੈ। ਇਸ ਚਿੱਟੇ ਬਾਰੇ ਇਹੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਸਰਹੱਦੋਂ ਪਾਰ ਗੁਆਂਢੀ ਮੁਲਕਾਂ ਵਿੱਚੋਂ ਸਾਨੂੰ ਬਰਬਾਦ ਕਰਨ ਲਈ ਡਰੋਨ ਵਗੈਰਾ ਦੀ ਸਹਾਇਤਾ ਨਾਲ ਅਤੇ ਹੋਰ ਵੱਖ-ਵੱਖ ਢੰਗਾਂ ਰਾਹੀਂ ਸਾਡੇ ਦੇਸ਼ ਵਿੱਚ ਦਖਲ ਕੀਤਾ ਜਾ ਰਿਹਾ ਹੈ। ਨਿੱਤ ਦਿਨ ਸਾਡੇ ਦੇਸ਼ ਦੀਆਂ ਵੱਖ-ਵੱਖ ਏਜੰਸੀਆਂ ਇਸ ਨੂੰ ਸਰਹੱਦ ਨੇੜਿਓਂ ਵੱਡੀ ਮਾਤਰਾ ਵਿੱਚ ਫੜਦੀਆਂ ਹਨ। ਸਰਹੱਦ ਨੇੜਿਓਂ ਇਸ ਦੀ ਬਰਾਮਦਗੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਬੇਗਾਨੇ ਮੁਲਕ ਇਸ ਸਾਜਿਸ਼ ਵਿੱਚ ਸ਼ਾਮਿਲ ਹਨ। ਭਾਰੀ ਮਾਤਰਾ ਵਿੱਚ ਸਰਹੱਦ ਨੇੜਿਓਂ ਫੜੇ ਜਾਣ ਦੇ ਬਾਵਜੂਦ ਇਹ ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਧੜੱਲੇ ਨਾਲ ਵਿਕ ਰਿਹਾ ਹੈ। ਜਿੰਨੀਆਂ ਖਬਰਾਂ ਇਸ ਦੇ ਫੜੇ ਜਾਣ ਦੀਆਂ ਹੁੰਦੀਆਂ ਹਨ। ਉਸ ਤੋਂ ਕਈ ਗੁਣਾ ਜ਼ਿਆਦਾ ਇਸ ਦੇ ਸੇਵਨ ਨਾਲ ਮਾਵਾਂ ਦੇ ਜਵਾਨ ਪੁੱਤ ਮਰਨ ਦੀਆਂ ਹੁੰਦੀਆਂ ਹਨ। ਪ੍ਰੰਤੂ ਅੱਜ ਮੈਂ ਗੱਲ ਕਰਨੀ ਚਾਹੁੰਦਾ ਹਾਂ ਆਉਣ ਵਾਲੇ ਦਿਨਾਂ ਵਿੱਚ ਆ ਰਹੇ ਬਸੰਤ ਦੇ ਤਿਉਹਾਰ 'ਤੇ ਵਰਤੀ ਜਾਣ ਵਾਲੀ ਚਾਇਨਾ ਡੋਰ ਦੀ। ਕੀ ਚਾਇਨਾ ਡੋਰ ਦੀ ਵਰਤੋਂ ਜਾਇਜ਼ ਹੈ? ਜੇ ਜਾਇਜ਼ ਹੈ ਤਾਂ ਇਸ ਨੂੰ ਰੋਕਣ ਲਈ ਵੱਡੀਆਂ-ਵੱਡੀਆਂ ਬਿਆਨਬਾਜ਼ੀਆਂ ਕਿਉਂ ਕੀਤੀਆਂ ਜਾਂਦੀਆਂ ਹਨ? ਹਰ ਸਾਲ ਬਸੰਤ ਦਾ ਤਿਉਹਾਰ ਆਉਣ ਤੋਂ ਪਹਿਲਾਂ ਸਰਕਾਰ ਅਤੇ ਪ੍ਰਸ਼ਾਸਨ ਚਾਇਨਾ ਡੋਰ 'ਤੇ ਪਾਬੰਦੀ ਲਗਾਉਣ ਸਬੰਧੀ ਵੱਡੇ-ਵੱਡੇ ਦਾਅਵੇ, ਚੇਤਾਵਨੀਆਂ ਅਤੇ ਧਮਕੀਆਂ ਜਾਰੀ ਕਰਦੇ ਹਨ, ਜਿੰਨ੍ਹਾ ਨੂੰ ਪੜ੍ਹਕੇ ਸੁਣਕੇ ਲੱਗਦਾ ਹੁੰਦਾ ਹੈ ਕਿ ਇਸ ਵਾਰ ਤਾਂ ਚਾਇਨਾ ਡੋਰ ਦੇ ਦਰਸ਼ਨ ਹੀ ਨਹੀਂ ਹੋਣਗੇ। ਪ੍ਰੰਤੂ ਬਸੰਤ ਦੇ ਤਿਉਹਾਰ ਤੋਂ ਮਹੀਨਾ-ਵੀਹ ਦਿਨ ਪਹਿਲਾਂ ਤੋਂ ਲੈ ਕੇ ਏਨੇ ਦਿਨ ਪਿੱਛੇ ਤੱਕ ਆਮ ਵਾਂਗ ਹਰ ਥਾਂ ਗਲੀਆਂ ਮਹੁੱਲਿਆਂ, ਸੜਕਾਂ ਦਰਖੱਤਾਂ ਤੇ ਹਰ ਥਾਂ ਚਾਇਨਾ ਡੋਰ ਦਾ ਜਾਲ ਵਿਛਿਆ ਹੁੰਦਾ ਹੈ। ਏਨੇ ਸਮੇਂ ਤੱਕ ਇਹ ਡੋਰ ਸੈਂਕੜੇ ਮਨੁੱਖਾਂ ਅਤੇ ਹਜ਼ਾਰਾਂ ਪੰਛੀਆਂ ਨੂੰ ਅਪਣੀ ਲਪੇਟ ਵਿੱਚ ਲੈ ਚੁੱਕੀ ਹੁੰਦੀ ਹੈ। ਇਹਨਾਂ ਵਿੱਚੋਂ ਕਈ ਤਾਂ ਵਿਚਾਰੇ ਅਪਣੀ ਜਾਨ ਤੋਂ ਹੀ ਹੱਥ ਧੋ ਬਹਿੰਦੇ ਹਨ ਤੇ ਬਾਕੀ ਜ਼ਖਮੀ ਜਾਂ ਅੰਗਹੀਣ ਹੋ ਚੁੱਕੇ ਹੁੰਦੇ ਹਨ। ਕੀ ਚਾਇਨਾ ਡੋਰ ਦਾ ਕਹਿਰ ਚਿੱਟੇ ਦੇ ਨਸ਼ੇ ਦੇ ਕਹਿਰ ਨਾਲੋਂ ਘੱਟ ਹੈ? ਇਹ ਤਾਂ ਪੀੜਤ ਜਾਂ ਉਸ ਦੇ ਪਿਛਲੇ ਪਰਿਵਾਰ ਵਾਲੇ ਹੀ ਦੱਸ ਤੇ ਮਹਿਸੂਸ ਕਰ ਸਕਦੇ ਹਨ। ਸਰਕਾਰ ਅਤੇ ਪ੍ਰਸ਼ਾਸਨ ਦੀਆਂ ਪਾਬੰਦੀਆਂ ਦੇ ਬਾਵਜੂਦ ਚਾਇਨਾ ਡੋਰ ਕਿਵੇਂ ਵਿਕ ਜਾਂਦੀ ਹੈ? ਪਾਬੰਦੀਆਂ ਦੇ ਬਾਵਜੂਦ ਇਹ ਕਿੱਥੋਂ ਆ ਜਾਂਦੀ ਹੈ? ਕੀ ਇਸ ਨੂੰ ਰੋਕਣ ਵਿੱਚ ਪ੍ਰਸ਼ਾਸਨ ਅਤੇ ਸਰਕਾਰ ਨਾਕਾਮ ਰਹਿੰਦੀ ਹੈ? ਜਾਂ ਫਿਰ ਇਹ ਸਭ ਰਲੀ ਮਿਲੀ ਗੱਲ ਹੈ?

# ਜੀਵਨ ਦੇ ਹਰ ਪੜਾਅ 'ਤੇ ਜਿਗਿਆਸਾ ਕਾਇਮ ਰੱਖੋ

ਇਕਾਗਰਤਾ ਮਨ ਨੂੰ ਸਹੀ ਦਿਸ਼ਾ ਵੱਲ ਮੋੜਨ ਦਾ ਵਧੀਆ ਹਥਿਆਰ ਹੈ। ਮਨੁੱਖ ਵਿਕਾਰਾਂ ਤੋਂ ਉਪਰ ਉੱਠਕੇ ਅਤੇ ਸ਼ਾਨਦਾਰ ਜੀਵਨ ਸ਼ੈਲੀ ਸਿਰਜ ਕੇ ਹੀ ਦੁਨੀਆਂ ਨੂੰ ਜਿੱਤ ਸਕਦਾ ਹੈ। ਜ਼ਿੰਦਗੀ ਇਕ ਦਰਿਆ ਵਾਂਗ ਹੈ। ਜਿਸ ਤਰ੍ਹਾਂ ਦਰਿਆ ਆਪਣਾ ਰਾਹ ਬਣਾਉਂਦੇ ਹੋਏ ਕਈ ਪਥਰਾਂ, ਰੁਕਾਵਟਾਂ ਅਤੇ ਮੋੜਾਂ ਨੂੰ ਪਾਰ ਕਰ ਲੈਂਦਾ ਹੈ, ਉਸੇ ਤਰ੍ਹਾਂ ਮਨੁੱਖੀ ਜ਼ਿੰਦਗੀ ਵੀ ਕਈ ਚੁਣੌਤੀਆਂ, ਉਤਾਰ-ਚੜ੍ਹਾਅ ਅਤੇ ਅਣਜਾਣ ਹਾਲਾਤਾਂ ਨਾਲ



ਭਰੀ ਹੋਈ ਹੈ। ਹਰ ਇਨਸਾਨ ਦੇ ਰਾਹ ਵਿਚ ਮੁਸ਼ਕਿਲਾਂ ਆਉਂਦੀਆਂ ਹਨ। ਕੁਝ ਲੋਕ ਮੁਸ਼ਕਿਲਾਂ ਤੋਂ ਘਬਰਾਂ ਕੇ ਹਾਰ ਮੰਨ ਲੈਂਦੇ ਹਨ ਅਤੇ ਤਣਾਅ ਵਿੱਚ ਰਹਿਣ ਲੱਗ ਪੈਂਦੇ ਹਨ। ਦੂਸਰੇ ਪਾਸੇ ਹਿੰਮਤੀ ਲੋਕ ਮੁਸ਼ਕਿਲਾਂ ਦਾ ਡਟਕੇ ਸਾਹਮਣਾ ਕਰਦੇ ਹੋਏ ਸਖ਼ਤ ਮਿਹਨਤ ਕਰਦੇ ਹੋਏ ਸਫ਼ਲ ਹੋ ਜਾਂਦੇ ਹਨ ਅਤੇ ਆਪਣੀ ਨਿਵੇਕਲੀ ਪਛਾਣ ਬਣਾ ਲੈਂਦੇ ਹਨ।

ਦਰਅਸਲ ਮੁਸ਼ਕਿਲ ਦੀ ਘੜੀ ਸਾਡੇ ਅੰਦਰ ਇਕ ਤਰ੍ਹਾਂ ਦੀ ਲਾਲਸਾ ਪੈਦਾ ਕਰਦੀ ਹੈ ਅਤੇ ਸਾਨੂੰ ਉਮੀਦ ਨਾਲ ਜਿਊਂਣਾ ਸਿਖਾਉਂਦੀ ਹੈ। ਜਦੋਂ ਮਨੁੱਖ ਮੁਸ਼ਕਿਲਾਂ ਦੇ ਹਨੇਰੇ ਰਾਹਾਂ ਤੋਂ ਲੰਘਦਾ ਹੈ, ਤਾਂ ਰੋਸ਼ਨੀ ਦੀ ਇੱਕ ਕਿਰਨ ਵੀ ਉਸ ਲਈ ਬੇਅੰਤ ਖ਼ੁਸ਼ੀ ਲਿਆਉਂਦੀ ਹੈ। ਮੁਸ਼ਕਿਲਾਂ ਭਰਿਆ ਸਮਾਂ ਹੀ ਸਾਡਾ ਸਭ ਤੋਂ ਵੱਡਾ ਸਬਕ ਹੁੰਦਾ ਹੈ, ਜੋ ਸਾਨੂੰ ਸਬਰ, ਸੰਤੋਖ ਅਤੇ ਹਿੰਮਤ ਸਿਖਾਉਂਦਾ ਹੈ ਅਤੇ ਜੀਵਨ ਦੀਆਂ ਅਸਲ ਸਿੰਚਾਈਆਂ ਤੋਂ ਜਾਣੂ ਕਰਵਾਉਂਦਾ ਹੈ। ਜਿਹੜਾ ਇਨਸਾਨ ਮੈਦਾਨ ਦਾ ਜੇਤੂ ਬਣਾਦ ਹੈ।

ਬੁਰੇ ਵਿਚਾਰਾਂ ਦਾ ਦਿਮਾਗ ਵਿਚ ਹਰ ਸਮੇਂ ਚਿੰਤਨ ਕਰਦੇ ਰਹਿਣਾ ਵੀ ਰੋਗਾਂ ਦਾ ਮੂਲ ਕਾਰਨ ਹੈ। ਬੁਰੇ ਵਿਚਾਰ ਆਪਣੇ ਨਾਲ ਚਿੰਤਾ, ਡਰ, ਗੁੱਸਾ ਆਦਿ ਲਿਆਉਂਦੇ ਹ ਨ। ਇਹ ਇਸ ਤਰ੍ਹਾਂ ਦੀਆਂ ਅਗਨੀਆਂ ਹਨ, ਜੋ ਥੋੜ੍ਹੇ ਹੀ ਦਿਨਾਂ ਵਿਚ ਸਰੀਰ ਨੂੰ ਖੋਖਲਾ ਕਰ ਦਿੰਦੀਆਂ ਹਨ। ਸਿਹਤਮੰਦ ਰਹਿਣ ਦੀ ਇੱਛਾ ਰੱਖਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਬੁਰੇ ਵਿਚਾਰਾਂ ਨੂੰ ਕੋਲ ਨਾ ਆਉਣ ਦੇਣ। ਸਿਹਤ ਅਸਲ ਵਿੱਚ ਮਨ ਦੀ ਖ਼ੁਸ਼ੀ ਹੈ। ਮਨ ਦੀ ਖ਼ੁਸ਼ੀ ਰੂਹ ਨੂੰ ਸਵੱਸਥ ਰੱਖਦੀ ਹੈ। ਮਨੁੱਖੀ ਸਰੀਰ ਪੰਜ ਤੱਤਾਂ ਮਿੱਟੀ, ਹਵਾ, ਅੱਗ, ਪਾਣੀ ਅਤੇ ਆਕਾਸ਼ ਤੋਂ ਮਿਲਕੇ ਬਣਿਆ ਹੈ।

ਮਿੱਟੀ ਤੋਂ ਬਣੇ ਇਸ ਸਰੀਰ ਨੂੰ ਪਾਣੀ ਜੀਵਨ ਦਿੰਦਾ ਹੈ। ਅੱਗ ਰੂਪ ਦਿੰਦੀ ਹੈ। ਹਵਾ ਇਸਨੂੰ ਪ੍ਰਕਿਰਤੀ ਨਾਲ ਜੋੜਦੀ ਹੈ ਅਤੇ ਆਕਾਸ਼ ਤੱਤ ਸੋਝੀ ਪ੍ਰਦਾਨ ਕਰਦਾ ਹੈ। ਨਰੋਈ ਸਿਹਤ ਇਨ੍ਹਾਂ ਪੰਜ ਤੱਤਾਂ ਦੇ ਸੰਤੁਲਿਨ ਉੱਪਰ ਨਿਰਧਾਰਿਤ ਹੁੰਦੀ ਹੈ। ਚੰਗੇਰੇ ਜੀਵਨ ਲਈ ਮਨ ਦੀ ਸ਼ਾਂਤੀ ਬਹੁਤ ਜ਼ਰੂਰੀ ਹੈ। ਅਸ਼ਾਂਤ ਮਨ ਦੀ ਸਥਿਤੀ ਵਿੱਚ ਵਿਅਕਤੀ ਉਲਝਣਾਂ ਅਤੇ ਦੁਚਿੱਤੀਆਂ ਵਿੱਚ ਫੱਸਿਆ ਰਹਿੰਦਾ ਹੈ ਅਤੇ ਕੰਮ-ਕਾਜ ਤੇ ਵੀ ਮਾੜਾ ਅਸਰ ਪੈਂਦਾ ਹੈ। ਜਦਕਿ ਸ਼ਾਂਤ ਮਨ ਦੀ ਸਥਿਤੀ ਵਿੱਚ ਮਨੁੱਖ ਉਲਝਣਾਂ ਤੋਂ ਬਚਿਆ ਰਹਿੰਦਾ ਹੈ। ਮਨ ਵਿੱਚ ਈਰਖਾਂ, ਕਰੋਧ ਅਤੇ ਸਵਾਰਥ ਵਰਗੇ ਨਾਂਹ ਪੱਖੀ ਭਾਵ ਭਾਰ ਜਾਣ ਕਾਰਨ ਮਨੁੱਖ ਦੀ ਮਨ ਦੀ ਸ਼ਾਂਤੀ ਭੰਗ ਹੋ ਜਾਂਦੀ ਹੈ।

ਸੁਖ ਸ਼ਾਂਤੀ ਲਈ ਮਨ ਦੀ ਢੁੱਕਵੀ ਦਿਸ਼ਾ ਅਹਿਮ ਹੈ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਮਨੁੱਖ ਮਨ ਦੀ ਸ਼ਾਂਤੀ ਲਈ ਧਾਰਮਿਕ ਅਸਥਾਨਾਂ, ਸਤਿਸੰਗ, ਰੂਹਾਨੀ ਕੇਂਦਰਾਂ, ਨਦੀ ਤੇ ਤੱਟਾਂ ਅਤੇ ਪਰਬਤਾਂ ਆਦਿ ਦਾ ਰੁਖ਼ ਕਰਦਾ ਹੈ। ਜਦਕਿ ਸ਼ਾਂਤੀ ਦਾ ਅਸਲ ਸਰੋਤ ਸਾਡੇ ਅੰਦਰ ਹੀ ਹੈ। ਮਨ ਵਿੱਚ ਚੰਗੇ ਵਿਚਾਰਾਂ, ਧਾਰਨਾਵਾਂ ਅਤੇ ਮਾਨਤਾਵਾਂ ਨੂੰ ਸੁਹੇਜਕੇ ਰੱਖਣ ਨਾਲ ਵਕਤ ਦੇ ਗੁਜ਼ਰਨ ਨਾਲ ਉਹ ਮਜ਼ਬੂਤ ਹੋ ਕੇ ਸਾਡੇ ਜੀਵਨ ਦੀ ਦਿਸ਼ਾ ਨਿਰਧਾਰਿਤ ਕਰਦੇ ਹਨ। ਹੁਣ ਤੱਕ ਵਿਗਿਆਨ ਨੇ ਜਿੰਨੀ ਤਰੱਕੀ ਕੀਤੀ ਹੈ, ਇਸ ਪਿੱਛੇ ਸ਼ਾਂਤ ਮਨ ਹੀ ਕੰਮ ਕਰ ਰਿਹਾ ਹੈ। ਸ਼ਾਂਤ ਮਨ ਨਾਲ ਹੀ ਸਵੈ ਤੇ ਕਾਬੂ ਪਾਇਆ ਜਾ ਸਕਦਾ ਹੈ। ਸ਼ਾਂਤ ਮਨ ਨਾਲ ਇਨਸਾਨ ਸਮਾਜ ਵਿੱਚ ਪ੍ਰਭਾਵਸ਼ਾਲੀ ਭਾਗੀਦਾਰੀ ਮਾਨ ਸਕਦਾ ਹੈ।

ਮਨ ਇਕ ਬਿਰਤੀ ਹੈ। ਮਨ ਚੰਚਲ ਹੈ। ਮਨ ਭਟਕਦਾ ਹੈ। ਮਨ ਡੋਲਦਾ ਹੈ। ਪਰ ਮਨ ਸਾਡੇ ਅੰਗ-ਸੰਗ ਰਹਿੰਦਾ ਹੈ। ਸਹਿਜ ਅਤੇ ਸ਼ਾਂਤ ਮਨ ਹੀ ਪਰਮ ਮਨੁੱਖ ਦੀ ਪਛਾਣ ਹੈ। ਆਪਣੇ ਮਨ ਨੂੰ ਜਿੱਤਣ ਵਾਲਾ ਵਿਅਕਤੀ ਹੀ ਦੁਨੀਆਂ ਦੀ ਹਮਾਇਤ ਅਤੇ ਪ੍ਰਸੰਸ਼ਾ ਹਾਸਿਲ ਕਰ ਸਕਦਾ ਹੈ। ਦਿਲ ਅਤੇ ਦਿਮਾਗ ਦਾ ਸੰਤੁਲਨ ਕਰਨ ਵਾਲਾ ਮਨ ਹੀ ਵਿਅਕਤੀ ਲਈ ਸੁਖਦ ਅਤੇ ਅਨੰਦ ਅਵਸਥਾ ਸਥਾਪਿਤ ਕਰ ਸਕਦਾ ਹੈ। ਕਾਬੂ ਮਨ ਮਨੁੱਖ ਲਈ ਵਰਦਾਨ ਸਾਬਤ ਹੁੰਦਾ ਹੈ। ਇਕਾਗਰਤਾ ਮਨ ਨੂੰ ਸਹੀ ਦਿਸ਼ਾ ਵੱਲ ਮੋੜਨ ਦਾ ਵਧੀਆ ਹਥਿਆਰ ਹੈ। ਮਨੁੱਖ ਵਿਕਾਰਾਂ ਤੋਂ ਉਪਰ ਉੱਠਕੇ ਅਤੇ ਸ਼ਾਨਦਾਰ ਜੀਵਨ ਸ਼ੈਲੀ ਸਿਰਜ ਕੇ ਹੀ ਦੁਨੀਆਂ ਨੂੰ ਜਿੱਤ ਸਕਦਾ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ ਵਰਗੇ ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣਾ ਮਨ ਜਿੱਤਣ ਅਤੇ ਸੰਸਾਰ ਤੇ ਜਿੱਤ ਪ੍ਰਾਪਤ ਕਰਨ ਵਰਗਾ ਹੀ ਹੁੰਦਾ ਹੈ। ਸਧਾਰਨ ਜੀਵਨ ਬਤੀਤ ਕਰਨ, ਆਪਣੀਆਂ ਇਛਾਵਾਂ ਨੂੰ ਸੀਮਤ ਘੇਰੇ ਵਿੱਚ ਰੱਖਣ ਵਾਲਾ ਮਨੁੱਖ ਹਮੇਸ਼ਾ ਸੁਖੀ ਰਹਿੰਦਾ ਹੈ। ਸਬਰ, ਸੰਤੋਖ ਨਾਲ ਜੀਵਨ ਗੁਜ਼ਾਰਨ ਵਾਲੇ ਮਨੁੱਖ ਦੀ ਸਥਿਤੀ ਦੁਨੀਆਂ ਜਿੱਤ ਲੈਣ ਵਾਲੀ ਹੀ ਹੁੰਦੀ ਹੈ।

ਮਨ ਸਵੈ-ਸ਼ਕਤੀ, ਇਛਾਵਾਂ, ਪਸੰਦਗੀਆਂ ਅਤੇ ਫੈਸਲਿਆਂ ਦਾ ਸੋਮਾ ਹੈ। ਮਨ ਅਤੇ ਸਰੀਰ ਲਗਾਤਾਰ ਚੌਗਿਰਦੇ ਦੀ ਦੁਨੀਆਂ ਤੋਂ ਸੰਦੇਸ਼ ਹਾਸਲ ਕਰਦੇ ਹਨ। ਜ਼ਿੰਦਗੀ ਵਿੱਚ ਤਰੱਕੀ ਲਈ ਮਨ ਤੇ ਕਾਬੂ ਪਾਉਣ ਦੀ ਲੋੜ ਹੈ। ਸ਼?ਰੀ ਗੁਰੂ ਨਾਨਕ ਦੇਵ ਜੀ ਨੇ ' ਮਨਿ ਜੀਤੈ ਜਗੁ ਜੀਤੁ ' ਰਾਹੀਂ ਮਨੁੱਖੀ ਜੀਵਨ ਦੀ ਇਕ ਅਟਲ ਸਚਾਈ ਨੂੰ ਪੇਸ਼ ਕੀਤਾ ਹੈ। ਸ਼?ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਜਿਹੜਾ ਮਨੁੱਖ ਆਪਣੇ ਮਨ ਨੂੰ ਜਿੱਤ ਲੈਂਦਾ ਹੈ, ਉਹ ਸਾਰੀ ਦੁਨੀਆਂ ਨੂੰ ਜਿੱਤ ਲੈਂਦਾ ਹੈ। ਜਿਹੜਾ ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਤੇ ਕਾਬੂ ਪਾ ਲੈਂਦਾ ਹੈ, ਉਹ ਮਨੁੱਖ ਹੀ ਆਪਣੇ ਜੀਵਨ ਵਿੱਚ ਸਫਲ ਹੁੰਦਾ ਹੈ। ਮਨ ਹੀ ਮਨੁੱਖੀ ਸਰੀਰਕ ਢਾਂਚੇ ਨੂੰ ਚਲਾਉਂਦਾ ਹੈ। ਮਨ ਦੇ ਹੁਕਮ ਅਨੁਸਾਰ ਹੀ ਵਿਅਕਤੀ ਦੀਆਂ ਗਿਆਨ ਇੰਦਰੀਆਂ ਕੰਮ ਕਰਦੀਆਂ ਹਨ। ਮਨੁੱਖ ਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ, ਜਿਸਦੀ ਸਮਾਜ ਆਗਿਆ ਨਹੀਂ ਦਿੰਦਾ। ਮਨੁੱਖ ਨੂੰ ਸਮਾਜ ਦੇ ਕਲਿਆਣ ਲਈ ਹੀ ਆਪਣੇ ਆਪ ਨੂੰ ਸਮਰਪਿਤ ਕਰਨਾ ਚਾਹੀਦਾ ਹੈ। ਜੋ ਮਨੁੱਖ ਮਿਹਨਤ ਕਰਦਾ ਹੈ, ਉਹ ਹਰ ਹਾਲਤ ਵਿੱਚ ਮਨ ਨੂੰ ਸ਼ਾਂਤ ਰੱਖ ਕੇ ਜੀਵਨ ਦੀ ਧਾਰਾ ਵਿੱਚ ਤੈਰਨਾ ਸਿੱਖ ਲੈਂਦਾ ਹੈ। ਅਜਿਹੇ ਵਿਅਕਤੀ ਨੂੰ ਨਾ ਤਾਂ ਸਫਲਤਾ ਦਾ ਹੰਕਾਰ ਹੁੰਦਾ ਹੈ ਅਤੇ ਨਾ ਹੀ ਅਸਫਲਤਾ ਦਾ ਦੁੱਖ। ਉਹ ਹਰ ਸਥਿਤੀ ਵਿੱਚ ਸ਼ਾਂਤ ਅਤੇ ਸਥਿਰ ਰਹਿੰਦਾ ਹੈ ਕਿਉਂਕਿ ਉਸਦੀ ਖ਼ੁਸ਼ੀ ਬਾਹਰਲੇ ਹਾਲਾਤ ਤੇ ਨਿਰਭਰ ਨਹੀਂ, ਸਗੋਂ ਅੰਦਰੂਨੀ ਪਰਮ ਸੰਤੋਸ਼ ਤੇ ਆਸ਼ਰਿਤ ਰਹਿੰਦੀ ਹੈ। ਇਹੀ ਸੁਖੀ ਜੀਵਨ ਦਾ ਸੱਚਾ ਦਰਸ਼ਨ ਅਤੇ ਪ੍ਰਬੰਧਨ ਹੈ। ਜੀਵਨ ਵਿੱਚ ਖੇੜਾ ਲਿਆਉਣ ਲਈ ਮਨੁੱਖ ਨੂੰ ਆਪਣੇ ਮਨ ਦੀ ਅਵਸਥਾ ਬਦਲਣ ਦੀ ਲੋੜ ਹੈ ਕਿਉਂਕਿ ਅਜੋਕੇ ਸਮੇਂ ਮਨੁੱਖ ਮਲੀਨ ਸੋਚ, ਈਰਖਾ, ਸਾੜਾ, ਨਫ਼ਰਤ, ਵੈਰ-ਵਿਰੋਧ ਅਤੇ ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਕਾਰਨ ਆਪਣੇ ਆਪ ਵਿੱਚ ਸਿਮਟ ਰਿਹਾ ਹੈ।

ਅਜੋਕੇ ਸਮੇਂ ਕਿਸੇ ਵੀ ਮਨੁੱਖ ਕੋਲ ਜੋ ਕੁਝ ਹੈ, ਜੇਕਰ ਉਸ ਵਿੱਚ ਹੀ ਉਹ ਸੰਤੁਸ਼ਟ ਰਹਿਣ ਜੀ ਜਾਂਚ ਸਿੱਖ ਲੈਂਦਾ ਹੈ ਤਾਂ ਉਸਦੇ ਜੀਵਨ ਦੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਸਹਿਜ ਸੁਭਾਅ ਹੱਲ ਹੋ ਜਾਂਦੀਆਂ ਹਨ। ਅਸ਼ਾਂਤ ਮਨ ਨੂੰ ਠਹਿਰਾਓ ਵਿੱਚ ਲਿਆਉਣ ਲਈ ਗੁਰਬਾਣੀ ਹੀ ਸਰਬ ਉੱਤਮ ਸਾਧਨ ਹੈ। ਜੇਕਰ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਵੇ ਤਾਂ ਉਸ ਦੇ ਅੰਦਰ ਪਰਮਾਤਮਾ ਤੋਂ ਇਲਾਵਾ ਹੋਰ ਕੋਈ ਮੋਹ ਪ੍ਰਬਲ ਨਹੀਂ ਹੋ ਸਕੇਗਾ। ਕਲਯੁਗ ਦੇ ਪ੍ਰਭਾਵ ਹੇਠ ਫਿੱਕੇ ਤੇ ਕੌੜੇ ਬੋਲ ਬੋਲਣ ਕਰਕੇ ਸਾਡਾ ਤਨ ਤੇ ਮਨ ਦੋਵੇਂ ਫਿੱਕੇ ਹੋ ਰਹੇ ਹਨ। ਫਿੱਕੇ ਸ਼ਬਦ ਬੋਲਣ ਵਾਲੇ ਨੂੰ ਦਰਗਾਹ ਅੰਦਰ ਵੀ ਕੋਈ ਢੋਈ ਨਹੀਂ। ਜਦੋਂਕਿ ਮਿੱਠੇ ਬੋਲ ਦੂਸਰਿਆਂ ਨੂੰ ਖ਼ੁਸ਼ੀ ਤੇ ਆਪਣੇ ਆਪ ਨੂੰ ਅਨੰਦ ਦੀ ਅਵਸਥਾ ਵਿੱਚ ਪਹੁੰਚਾਉਂਦੇ ਹਨ। ਮਨ ਵਿੱਚ ਨਿਮਰਤਾ, ਖਿਮਾ ਕਰਨ ਦਾ ਗੁਣ ਤੇ ਬੋਲਾਂ ਵਿੱਚ ਸੱਚੀ ਮਿਠਾਸ ਅਜਿਹੇ ਗੁਣ ਹਨ, ਜਿਨ੍ਹਾਂ ਰਾਹੀਂ ਰੂਹਾਨੀਅਤ ਮਾਰਗ ਤੇ ਚੱਲਦਿਆਂ ਅਸੀਂ ਖ਼ੁਸ਼ੀ ਮਾਣ ਸਕਦੇ ਹਾਂ। ਸਾਨੂੰ ਹਮੇਸ਼ਾ ਅਜਿਹੇ ਬੋਲ ਬੋਲਣੇ ਚਾਹੀਦੇ ਹਨ ਜੋ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚਾਉਣ।

ਜ਼ਿੰਦਗੀ ਵਿੱਚ ਹਰ ਰੰਗ ਨੂੰ ਮਾਣਨ ਲਈ ਇਨਸਾਨ ਨੂੰ ਜ਼ਿੰਦਗੀ ਉਤਸ਼ਾਹ ਨਾਲ ਜਿਉਂਣੀ ਚਾਹੀਦੀ ਹੈ। ਹਮੇਸ਼ਾ ਥੱਕੇ ਟੁੱਟੇ ਰਹਿਣਾ, ਹਰ ਕੰਮ ਲਈ ਆਲਸ ਕਰਨਾ ਜਿਉਂਣ ਦਾ ਢੰਗ ਨਹੀਂ ਹੈ ਕਿਉਂਕਿ ਆਲਸੀ ਬੰਦਾ ਕਦੇ ਵੀ ਸਫਲਤਾ ਹਾਸਿਲ ਨਹੀਂ ਕਰ ਸਕਦਾ। ਖ਼ੁਦ ਨੂੰ ਊਰਜਾ ਭਰਭੂਰ ਰੱਖਣਾ, ਹਰ ਕੰਮ ਨੂੰ ਅੱਗੇ ਹੋ ਕੇ ਕੰਮ ਕਰਨ ਦੀ ਆਦਤ ਪਾਉਣਾ, ਆਪਣੇ ਆਪ ਨੂੰ ਹਮੇਸ਼ਾ ਕੰਮ ਵਿੱਚ ਵਿਅਸਤ ਰੱਖਣਾ, ਕੁਝ ਨਵਾਂ ਸਿੱਖਣ, ਨਵਾਂ ਕਰਨ ਦੀ ਆਦਤ ਪਾਉਣਾਂ, ਹਮੇਸ਼ਾ ਕੁਝ ਨਾ ਕੁਝ ਰਚਨਾਤਮਕ ਕੰਮ ਕਰਦੇ ਰਹਿਣ ਨਾਲ ਹਰ ਇਨਸਾਨ ਸਫਲ ਹੋ ਸਕਦਾ ਹੈ। ਜ਼ਿੰਦਗੀ ਦੇ ਹਰ ਪੜਾਅ ਤੇ ਆਪਣੀ ਰੁਚੀ ਤੇ ਉਤਸੁਕਤਾ ਨੂੰ ਕਾਇਮ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਇਨਸਾਨ ਦੇ ਮਨ ਤੇ ਤਨ ਦੀ ਸ਼ਕਤੀ ਵਿੱਚ ਨਿਸ਼ਚੇ ਹੀ ਵਾਧਾ ਹੁੰਦਾ ਹੈ।

# ਨਸ਼ੇ ਦਾ ਜਾਲ

ਆਮ ਤੌਰ 'ਤੇ ਨਸ਼ੇਖੋਰੀ ਨਾ ਸਿਰਫ਼ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ ਹੈ, ਸਗੋਂ ਮਾਨਸਿਕ ਅਤੇ ਸਮਾਜਿਕ ਜੀਵਨ ਨੂੰ ਵੀ ਪ੍ਰਭਾਵਿਤ ਕਰਦੀ ਹੈ। ਇਹ ਆਦਤ ਕਦੋਂ ਨਸ਼ੇ ਵਿੱਚ ਬਦਲ ਜਾਂਦੀ ਹੈ, ਇਹ ਪਤਾ ਨਹੀਂ ਲੱਗਦਾ। ਆਦਤ ਨੂੰ ਇੱਕ ਸਕਾਰਾਤਮਕ ਸੰਕਲਪ ਵਜੋਂ ਦੇਖਿਆ ਜਾਂਦਾ ਹੈ, ਜਦੋਂ ਕਿ ਨਸ਼ਾ ਜਾਂ ਨਸ਼ੇ ਇੱਕ ਨਕਾਰਾਤਮਕ ਸੰਕਲਪ ਹਨ।

ਇਹ ਇੱਕ ਮਨੋਵਿਗਿਆਨ ਹੈ, ਕਿਉਂਕਿ ਜਿਸ ਨਸ਼ੇ ਦੇ ਆਦੀ ਹੋ ਜਾਂਦੇ ਹਨ, ਉਸ ਤੋਂ ਬਿਨਾਂ ਜ਼ਿੰਦਗੀ ਦੀ ਨਿਰੰਤਰਤਾ ਅਸੰਭਵ ਜਾਪਦੀ ਹੈ। ਆਦਤ ਬਦਲਣਾ ਸ਼ਾਇਦ ਆਸਾਨ ਹੋ ਸਕਦਾ ਹੈ, ਪਰ ਨਸ਼ੇ ਤੋਂ ਛੁਟਕਾਰਾ ਪਾਉਣਾ ਬਹੁਤ ਮੁਸ਼ਕਲ ਲੱਗਦਾ ਹੈ। ਡਾਕਟਰ ਇਹ ਵੀ ਮੰਨਦੇ ਹਨ ਕਿ ਨਸ਼ੀਲੇ ਪਦਾਰਥਾਂ ਦਾ ਸੇਵਨ ਕਈ ਬਿਮਾਰੀਆਂ ਦੀ ਜੜ੍ਹ ਹੈ। ਹਾਲਾਂਕਿ, ਜਦੋਂ ਤੁਸੀਂ ਦੇਖਦੇ ਹੋ ਤਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਿਤੇ ਨਾ ਕਿਤੇ ਸਾਡੀ ਸੱਭਿਆਚਾਰਕ ਵਿਵਸਥਾ ਦਾ ਹਿੱਸਾ ਰਹੀ ਹੈ। ਪੇਂਡੂ ਮਾਹੌਲ ਵਿੱਚ ਹੁੱਕਾ, ਬੀੜੀ ਅਤੇ ਤੰਬਾਕੂ ਆਦਿ ਦੀ ਵਰਤੋਂ ਲੋਕ ਇਸ ਤਰਕ 'ਤੇ ਕਰਦੇ ਹਨ ਤਾਂ ਜੋ ਜ਼ਿਆਦਾ ਮਿਹਨਤ ਕੀਤੀ ਜਾ ਸਕੇ ਅਤੇ ਨੀਂਦ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕੇ। ਇਹੀ ਨਹੀਂ, ਮਨੋਰੰਜਨ ਲਈ ਵੀ ਇਹਨਾਂ ਦੀ ਵਰਤੋਂ ਹੁੰਦੀ ਸੀ। ਇਸ ਦਾ ਇੱਕ ਪੱਖ ਇਹ ਵੀ ਸੀ ਕਿ ਉਹ ਲੋਕ ਖੁਦ ਤਾਂ ਇਹਨਾਂ ਦਾ ਸੇਵਨ ਕਰਦੇ ਸਨ, ਪਰ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਤੋਂ ਦੂਰ ਰਹਿਣ ਦੀ ਨਸੀਹਤ ਅਤੇ ਹਿਦਾਇਤ ਵੀ ਦਿੰਦੇ ਸਨ, ਕਿਉਂਕਿ ਉਹ ਆਪਣੇ ਆਪ ਵੀ ਮੰਨਦੇ ਸਨ ਕਿ ਇਹਨਾਂ ਪਦਾਰਥਾਂ ਦਾ ਸੇਵਨ ਸਿਹਤ ਲਈ ਨੁਕਸਾਨਦੇਹ ਹੈ।

ਇਸੇ ਤਰ੍ਹਾਂ, ਇੱਕ ਸਮੇਂ 'ਵਾਈਨ' (ਸ਼ਰਾਬ) ਪੀਣਾ ਪ੍ਰਤਿਸ਼ਠਾ, ਪੱਛਮੀ ਜੀਵਨ ਸ਼ੈਲੀ ਅਤੇ ਆਧੁਨਿਕੀਕਰਨ ਦੀ ਨਕਲ ਦਾ ਪ੍ਰਤੀਕ ਬਣ ਗਿਆ ਅਤੇ ਹੌਲੀ-ਹੌਲੀ ਕੁਝ ਲੋਕਾਂ ਦੇ ਜੀਵਨ ਵਿੱਚ ਇਹ ਇੱਕ ਆਦਤ ਬਣ ਗਈ। ਉੱਥੇ ਸਾਮੰਤਵਾਦ ਵਿੱਚ ਨਸ਼ੀਲੇ ਪਦਾਰਥਾਂ ਦਾ ਸੇਵਨ ਰਾਜਸ਼ਾਹੀ ਦਾ ਪ੍ਰਤੀਕ ਸੀ ਅਤੇ ਹੁਣ ਪੂੰਜੀਵਾਦ ਦੇ ਦੌਰ ਵਿੱਚ ਇਸਨੇ ਇੱਕ ਬਾਜ਼ਾਰ ਦਾ ਰੂਪ ਲੈ ਲਿਆ।

ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਤਿੰਨ ਦ੍ਰਿਸ਼ਟੀਕੋਣਾਂ ਦੇ ਆਧਾਰ 'ਤੇ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਪਹਿਲਾ, ਨਸ਼ੇ ਦਾ ਸੇਵਨ ਇੱਕ ਰੁਝਾਨ ਬਣ ਗਿਆ ਹੈ, ਕੁਝ ਥਾਵਾਂ 'ਤੇ ਇਸਨੂੰ ਪ੍ਰਤਿਸ਼ਠਾ ਦੀ ਪ੍ਰਤੀਕ ਮੰਨਿਆ ਜਾਂਦਾ ਹੈ, ਬੱਚੇ ਜਾਂ ਕਿਸ਼ੋਰ ਆਪਣੇ ਆਪ ਨੂੰ ਪਰਿਪੱਕ ਦਿਖਾਉਣ ਲਈ ਇਹਨਾਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ। ਦੂਜਾ, ਦੋਸਤ ਸਮੂਹਾਂ ਦੇ ਦਬਾਅ ਵਿੱਚ ਨਸ਼ੇ ਦਾ ਸੇਵਨ ਕਰਨਾ। ਕੁਝ ਲੋਕ ਇਸ ਤਰ੍ਹਾਂ ਦੇ ਦਬਾਇਤ ਵਿੱਚ ਆ ਕੇ ਜਾਂ ਘਰ ਦੇ ਕਿਸੇ ਮੈਂਬਰ ਨੂੰ ਨਸ਼ਾ ਕਰਦੇ ਹੋਏ ਇਹਨਾਂ ਆਦਤਾਂ ਨੂੰ ਅਪਨਾ ਲੈਂਦੇ ਹਨ। ਤੀਜਾ, ਰਾਜਨੀਤਿਕ- ਅਰਥਵਾਦ ਦੇ ਰੂਪ ਵਿੱਚ ਨਸ਼ੇ ਦਾ ਸੇਵਨ ਕਰਨਾ। ਇਸ ਦ੍ਰਿਸ਼ਟੀਕੋਣ ਤੋਂ ਦੇਖੋ ਤਾਂ ਨਸ਼ੀਲੇ ਪਦਾਰਥਾਂ ਦੇ ਬਾਜ਼ਾਰ ਤੋਂ ਮਾਲੀਆ ਦੀ ਪ੍ਰਾਪਤੀ ਹੁੰਦੀ ਹੈ, ਜੋ ਕਿਸੇ ਵੀ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ।

ਦੂਜੇ ਪਾਸੇ ਇਸਦਾ ਸੇਵਨ ਮਜ਼ਦੂਰ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ, ਮਨੁੱਖੀ ਪੂੰਜੀ ਨੂੰ ਖਤਮ ਕਰਦਾ ਹੈ ਅਤੇ ਉਤਪਾਦਕਤਾ ਦਾ ਘੇਰਾ ਘਟਾਉਂਦਾ ਹੈ। ਇੱਥੇ ਇਹ ਸਵਾਲ ਵਿਚਾਰਨਯੋਗ ਹੈ ਕਿ ਨੁਕਸਾਨ ਕਿਸ ਵਿੱਚ ਜ਼ਿਆਦਾ ਹੈ? ਇਸ ਦਾ ਇੱਕ ਪਹਿਲੂ ਇਹ ਵੀ ਹੋ ਸਕਦਾ ਹੈ ਕਿ ਨਸ਼ੇ ਦਾ ਵਿਸ਼ਵਵਿਆਪੀ ਬਾਜ਼ਾਰ ਨੌਜਵਾਨ ਸ਼ਕਤੀ ਨੂੰ ਨਿਰਬਲ ਕਰਨ ਦਾ ਅੰਤਰਰਾਸ਼ਟਰੀ ਸਾਜ਼ਿਸ਼ ਹੋਵੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੋਈ ਦੇਸ਼ ਜੇ ਕਮਜ਼ੋਰ ਹੈ, ਤਾਂ ਉਹ ਦੂਜੇ ਦੇਸ਼ ਨੂੰ ਹਰਾਉਣ ਲਈ ਜਾਂ ਉਸਦੀ ਆਰਥਿਕਤਾ ਨੂੰ ਤਬਾਹ ਕਰਨ ਲਈ ਜਾਂ ਉਸ ਸਮਾਜ ਵਿੱਚ ਬਿਖਰਾਓ ਲਿਆਉਣ ਲਈ ਨਸ਼ੀਲੇ ਪਦਾਰਥਾਂ ਦਾ ਬਾਜ਼ਾਰ ਵਿਕਸਤ ਕਰ ਸਕਦਾ ਹੈ।

ਵਿਸ਼ਵ ਸਿਹਤ ਸੰਗਠਨ ਦੇ ਇੱਕ ਨਵੇਂ ਰਿਪਟ ਵਿੱਚ ਦੱਸਿਆ ਗਿਆ ਹੈ ਕਿ ਹਰ ਸਾਲ 2.6 ਲੱਖ ਮੌਤਾਂ ਸ਼ਰਾਬ ਪੀਣ ਕਾਰਨ ਹੁੰਦੀਆਂ ਹਨ, ਜੋ ਕਿ ਕੁੱਲ ਮੌਤਾਂ ਦਾ 4.7 ਪ੍ਰਤੀਸ਼ਤ ਹੈ। 15-29 ਸਾਲ ਦੀ ਉਮਰ ਦੇ ਲੋਕਾਂ ਵਿੱਚ ਸਿਗਰਟਨੋਸ਼ੀ ਦੀ ਲਤ ਵੀ ਵਧੀ ਹੈ, ਪੇਂਡੂ ਖੇਤਰਾਂ ਵਿੱਚ ਇਹ ਵਾਧਾ 26 ਪ੍ਰਤੀਸ਼ਤ ਹੈ ਜਦੋਂ ਕਿ ਸ਼ਹਿਰਾਂ ਵਿੱਚ 68 ਪ੍ਰਤੀਸ਼ਤ ਹੈ। ਹਾਲ ਹੀ ਵਿੱਚ ਸਾਹਮਣੇ ਆਏ ਟੋਰਾਂਟੋ ਯੂਨੀਵਰਸਿਟੀ ਦੇ ਇੱਕ ਅਧਿਐਨ ਦੇ ਅਨੁਸਾਰ, ਭਾਰਤ ਵਿੱਚ 18 ਸਾਲ ਦੀ ਉਮਰ ਵਿੱਚ ਸਿਗਰਟਨੋਸ਼ੀ ਕਰਨ ਵਾਲੇ ਮਰਦਾਂ ਦੀ ਗਿਣਤੀ ਵਿੱਚ 36 ਫੀਸਦੀ ਵਾਧਾ ਹੋਇਆ ਹੈ। ਰਪਟ ਵਿੱਚ ਕਿਹਾ ਗਿਆ ਹੈ ਕਿ ਨਸ਼ੇਦਾਰ ਪਦਾਰਥਾਂ ਦਾ ਸੇਵਨ ਵਿਅਕਤੀਗਤ ਸਿਹਤ ਨੂੰ ਗੰਭੀਰ ਰੂਪ ਵਿੱਚ ਨੁਕਸਾਨ ਪਹੁੰਚਾਉਂਦਾ ਹੈ।

ਹਰ ਸਾਲ ਇਸ ਨਾਲ ਲੱਖਾਂ ਮੌਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ। ਇਸ ਨਾਲ ਦੁਰਘਟਨਾਵਾਂ ਅਤੇ ਹਿੰਸਾ ਦਾ ਖ਼ਤਰਾ ਵੀ ਵਧਦਾ ਹੈ। ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਨਸ਼ੇ ਦੇ ਨੁਕਸਾਨਾਂ ਤੋਂ ਜਾਣੂ ਹੋਣ ਤੋਂ ਬਾਅਦ ਵੀ ਇਹ ਅੰਕੜੇ ਕਿਉਂ ਵਧ ਰਹੇ ਹਨ?

# 70 ਤੋਂ ਬਾਅਦ ਦਾ ਜੀਵਨ : ਗਿਆਨ, ਹਾਸੇ ਅਤੇ ਯੋਗਦਾਨ

ਆਧੁਨਿਕ ਸਮਾਜ ਕਦੇ-ਕਦੇ 70 ਦੀ ਉਮਰ ਨੂੰ ਉਹ ਪੜਾਅ ਮੰਨਦਾ ਹੈ, ਜਦੋਂ ਵਿਅਕਤੀ ਨੂੰ ਹੌਲੀ ਹੋ ਜਾਣਾ ਚਾਹੀਦਾ ਹੈ, ਇਕ ਪਾਸੇ ਹਟ ਜਾਣਾ ਚਾਹੀਦਾ ਹੈ ਅਤੇ ਚੁੱਪਚਾਪ ਕਿਨਾਰੇ ਤੋਂ ਜੀਵਨ ਨੂੰ ਦੇਖਣਾ ਚਾਹੀਦਾ ਹੈ ਪਰ ਜਿਸ ਕਿਸੇ ਨੇ ਵੀ ਇਤਿਹਾਸ ਦਾ ਅਧਿਐਨ ਕੀਤਾ ਹੈ ਜਾਂ ਜੀਵਨ ਨੂੰ ਧਿਆਨ ਨਾਲ ਦੇਖਿਆ ਹੈ, ਉਹ ਜਾਣਦਾ ਹੈ ਕਿ ਇਹ ਧਾਰਨਾ ਨਾ ਸਿਰਫ ਗਲਤ ਹੈ, ਸਗੋਂ ਅਨਿਆਂਪੂਰਨ ਵੀ ਹੈ। ਸੱਚ ਤਾਂ ਇਹ ਹੈ ਕਿ 70 ਤੋਂ ਬਾਅਦ ਦੇ ਸਾਲ ਜੀਵਨ ਦਾ ਸਭ ਤੋਂ ਸਾਰਥਕ ਕਾਲ ਬਣ ਸਕਦੇ ਹਨ, ਇਕ ਅਜਿਹਾ ਸਮਾਂ, ਜਦੋਂ ਗਿਆਨ, ਹਾਸਾ ਅਤੇ ਅਨੁਭਵ ਮਿਲ ਕੇ ਸਮਾਜ ਲਈ ਸ਼ਕਤੀਸ਼ਾਲੀ ਯੋਗਦਾਨ ਦਿੰਦੇ ਹਨ।

ਹਰੇਕ ਮਨੁੱਖ ਦੇ ਹਿਰਦੇ 'ਚ 2 ਸਰਲ ਇੱਛਾਵਾਂ ਹੁੰਦੀਆਂ ਹਨ—ਪ੍ਰੇਮ ਅਤੇ ਸਤਿਕਾਰ ਨਾਲ ਜਿਊਣਾ ਅਤੇ ਮੌਤ ਤੋਂ ਬਾਅਦ ਯਾਦ ਕੀਤਾ ਜਾਣਾ। ਕੋਈ ਵੀ ਦੁਨੀਆ ਦੀਆਂ ਯਾਦਾਂ ਤੋਂ ਇਸ ਤਰ੍ਹਾਂ ਓਝਲ ਨਹੀਂ ਹੋਣਾ ਚਾਹੁੰਦਾ, ਜਿਵੇਂ ਉਸ ਦੇ ਜੀਵਨ ਦਾ ਕੋਈ ਅਰਥ ਹੀ ਨਾ ਰਿਹਾ ਹੋਵੇ। ਪਰ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਪੀੜ੍ਹੀਆਂ ਤੱਕ ਸਿਰਫ ਕੁਝ ਹੀ ਲੋਕਾਂ ਨੂੰ ਯਾਦ ਰੱਖਿਆ ਜਾਂਦਾ ਹੈ। ਬਾਕੀ ਲੋਕ ਸਮੇਂ ਦੇ ਨਾਲ ਹੌਲੀ-ਹੌਲੀ ਭੁਲਾ ਦਿੱਤੇ ਜਾਂਦੇ ਹਨ। ਜੋ ਸਿਰਫ ਆਪਣੇ ਲਈ ਜਿਊਂਦੇ ਹਨ, ਉਹ ਯਾਦਾਂ ਤੋਂ ਓਝਲ ਹੋ ਜਾਂਦੇ ਹਨ। ਗੁਰਬਾਣੀ ਸਾਨੂੰ ਵਾਰ-ਵਾਰ ਯਾਦ ਦਿਵਾਉਂਦੀ ਹੈ ਕਿ ਜੀਵਨ ਅਸਥਾਈ ਹੈ ਪਰ ਸੱਚ ਦਾ ਆਚਰਣ ਅਤੇ ਮਨੁੱਖਤਾ ਦੀ ਸੇਵਾ ਵਿਅਕਤੀ ਨੂੰ ਲੋਕਾਂ ਦੇ ਦਿਲਾਂ 'ਚ ਅਮਰ ਕਰ ਦਿੰਦੀ ਹੈ। ਜੋ ਲੋਕ 70 ਸਾਲ ਦੀ ਉਮਰ ਪਾਰ ਕਰ ਚੁੱਕੇ ਹਨ, ਉਨ੍ਹਾਂ ਲਈ ਇਹ ਸੰਦੇਸ਼ ਵਿਸ਼ੇਸ਼ ਅਰਥ ਰੱਖਦਾ ਹੈ। ਇਸ ਸਮੇਂ ਤੱਕ, ਇਕ ਵਿਅਕਤੀ ਸਮਾਜਿਕ ਅਤੇ ਰਾਜਨੀਤਕ ਤਬਦੀਲੀਆਂ, ਪਰਿਵਾਰਕ ਜ਼ਿੰਮੇਵਾਰੀਆਂ, ਸਫਲਤਾਵਾਂ ਅਤੇ ਅਸਫਲਤਾਵਾਂ ਦੇ ਕਈ ਦਹਾਕਿਆਂ 'ਚੋਂ ਗੁਜ਼ਰ ਚੁੱਕਾ ਹੁੰਦਾ ਹੈ, ਭਾਵ 'ਤਜਰਬਾ' ਇਕੱਠਾ ਕਰ ਲਿਆ ਹੁੰਦਾ ਹੈ। ਤਜਰਬਾ ਜੀਵਨ ਦੇ ਮਾਧਿਅਮ ਰਾਹੀਂ ਹੌਲੀ-ਹੌਲੀ ਹਾਸਲ ਕੀਤਾ ਜਾਂਦਾ ਹੈ। ਇਸੇ ਲਈ ਬਜ਼ੁਰਗਾਂ ਦੀ ਤੁਲਨਾ ਕਦੇ-ਕਦੇ ਗਿਆਨ ਦੀਆਂ ਚੱਲਦੀਆਂ-ਫਿਰਦੀਆਂ ਲਾਇਬ੍ਰੇਰੀਆਂ ਨਾਲ ਕੀਤੀ ਜਾਂਦੀ ਹੈ।

ਸਿੱਖ ਪਰੰਪਰਾ ਕਈ ਅਜਿਹੀਆਂ ਪ੍ਰੇਰਕ ਉਦਾਹਰਨਾਂ ਪੇਸ਼ ਕਰਦੀ ਹੈ। ਤੀਸਰੇ ਸਿੱਖ ਗੁਰੂ, ਸ੍ਰੀ ਗੁਰੂ ਅਮਰ ਦਾਸ ਜੀ ਨੇ ਗੁਰੂ ਬਣਨ ਤੋਂ ਪਹਿਲਾਂ, ਨਿਮਰਤਾ ਦੇ ਨਾਲ ਸੇਵਾ 'ਚ ਕਈ ਸਾਲ ਬਿਤਾਏ। ਵਧੇਰੇ ਉਮਰ 'ਚ ਵੀ ਉਹ ਤੜਕਸਾਰ ਤੋਂ ਪਹਿਲਾਂ ਉੱਠਦੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਪਾਣੀ ਲਿਆਉਣ ਲਈ ਮੀਲਾਂ ਪੈਦਲ ਚੱਲਦੇ ਸਨ। ਕਲਪਨਾ ਕਰੋ, 60 ਸਾਲ ਤੋਂ ਵੱਧ ਦੀ ਉਮਰ ਦਾ ਇਕ ਵਿਅਕਤੀ ਹਰ ਸਵੇਰ ਪਾਣੀ ਦੇ ਭਾਰੀ ਘੜੇ ਲੈ ਕੇ ਖ਼ੁਸ਼ੀ-ਖ਼ੁਸ਼ੀ ਲੰਬੀ ਦੂਰੀ ਤੈਅ ਕਰ ਰਿਹਾ ਹੈ। ਅਸਲ 'ਚ, ਉਹ 73 ਸਾਲ



ਦੀ ਉਮਰ 'ਚ ਗੁਰੂ ਬਣੇ ਅਤੇ ਅਸਾਧਾਰਨ ਗਿਆਨ ਅਤੇ ਜਥੇਬੰਦਕ ਸਮਰੱਥਾ ਨਾਲ ਸਿੱਖ ਭਾਈਚਾਰੇ ਦੀ ਅਗਵਾਈ ਕੀਤੀ। ਮਹਾਨ ਸਿੱਖ ਯੋਧਾ ਅਤੇ ਸੰਤ ਬਾਬਾ ਦੀਪ ਸਿੰਘ ਜੀ ਲਗਭਗ 75 ਸਾਲ ਦੇ ਸਨ, ਜਦੋਂ ਉਨ੍ਹਾਂ ਨੇ ਹਮਲਾਵਰ ਤਾਕਤਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਲਈ ਹਥਿਆਰ ਉਠਾਏ ਸਨ। ਜਦੋਂ ਉਹ ਆਪਣੇ ਸਾਥੀਆਂ ਨਾਲ ਅੰਮ੍ਰਿਤਸਰ ਵੱਲ ਵਧੇ, ਤਾਂ ਕਿਸੇ ਨੇ ਉਨ੍ਹਾਂ ਨੂੰ ਚਿੰਤਾ 'ਚ ਪੁੱਛਿਆ ਹੋਵੇਗਾ, "ਬਾਬਾ ਜੀ, ਕੀ ਇਹ ਘਰ 'ਤੇ ਆਰਾਮ ਕਰਨ ਦੀ ਉਮਰ ਨਹੀਂ ਹੈ?" ਇਤਿਹਾਸ ਉਨ੍ਹਾਂ ਦੇ ਅਮਰ ਉੱਤਰ ਨੂੰ ਦਰਜ ਕਰਦਾ ਹੈ—ਕਿ ਜੀਵਨ ਸੱਚ ਅਤੇ ਧਾਰਮਿਕਤਾ ਦੀ ਸੇਵਾ 'ਚ ਜੀਵਿਆ ਜਾਣਾ ਚਾਹੀਦਾ ਹੈ। ਉਸ ਉਮਰ 'ਚ ਉਨ੍ਹਾਂ ਦੀ ਹਿੰਮਤ ਪੌਰਾਨਿਕ ਬਣ ਗਈ। ਸਬਕ ਸਪੱਸ਼ਟ ਹੈ : 70 ਉਪਯੋਗਤਾ ਦਾ ਅੰਤ ਨਹੀਂ ਹੈ, ਇਹ ਮਹਾਨਤਾ ਦੀ ਸ਼ੁਰੂਆਤ ਹੋ ਸਕਦੀ ਹੈ। ਆਧੁਨਿਕ ਸਮੇਂ 'ਚ, ਬਜ਼ੁਰਗਾਂ ਕੋਲ ਉਪਲਬਧ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਸਟੀਲ ਨਹੀਂ ਸਗੋਂ ਗਿਆਨ ਹੈ। ਗਿਆਨ ਅਤੇ ਤਜਰਬਾ ਮਿਲ ਕੇ ਇਕ ਤਾਕਤ ਬਣਾਉਂਦੇ ਹਨ। ਦਹਾਕਿਆਂ ਤੱਕ ਜੀਵਨ ਦਾ ਨਿਰੀਖਣ ਕਰਨ ਵਾਲੇ ਵਿਅਕਤੀ ਦੁਆਰਾ ਲਿਖਿਆ ਗਿਆ ਇਕ ਵਿਚਾਰਸ਼ੀਲ ਲੇਖ ਸੌ ਭਾਸ਼ਣਾਂ ਨਾਲੋਂ ਵੱਧ ਦਿਮਾਗਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਦੋਂ ਬਜ਼ੁਰਗ ਲਿਖਦੇ ਹਨ, ਬੋਲਦੇ ਹਨ ਅਤੇ ਨੌਜਵਾਨ ਪੀੜ੍ਹੀਆਂ ਦਾ ਮਾਰਗਦਰਸ਼ਨ ਕਰਦੇ ਹਨ, ਤਾਂ ਉਹ ਇਕ ਅਜਿਹਾ ਖਜ਼ਾਨਾ ਸੌਂਪਦੇ ਹਨ, ਜੋ ਪਾਠ-ਪੁਸਤਕਾਂ 'ਚ ਨਹੀਂ ਮਿਲ ਸਕਦਾ।

ਪੰਜਾਬ ਨੂੰ ਅੱਜ ਵਿਸ਼ੇਸ਼ ਤੌਰ 'ਤੇ ਅਜਿਹੇ ਗਿਆਨ ਦੀ ਲੋੜ ਹੈ। ਰਾਜ ਨੇ ਮਹਾਨ ਸੰਤ, ਯੋਧੇ, ਵਿਦਵਾਨ ਅਤੇ ਸੁਧਾਰਕ ਦਿੱਤੇ ਹਨ। ਫਿਰ ਵੀ ਆਧੁਨਿਕ ਚੁਣੌਤੀਆਂ—ਆਰਥਿਕ ਮੁਸ਼ਕਲਾਂ, ਸਮਾਜਿਕ ਵੰਡ ਅਤੇ ਬਦਲਦੀਆਂ ਕਦਰਾਂ-ਕੀਮਤਾਂ—ਵਿਚਾਰਸ਼ੀਲ ਮਾਰਗਦਰਸ਼ਨ ਦੀ ਮੰਗ ਕਰਦੀਆਂ ਹਨ। ਬਜ਼ੁਰਗਾਂ ਕੋਲ ਇਤਿਹਾਸ ਦਾ ਲੰਬੇ ਸਮੇਂ ਦਾ ਦ੍ਰਿਸ਼ਟੀਕੋਣ ਹੁੰਦਾ ਹੈ। ਉਨ੍ਹਾਂ ਨੂੰ ਅਜਿਹੀਆਂ ਘਟਨਾਵਾਂ, ਨੀਤੀਆਂ ਅਤੇ ਅੰਦੋਲਨ ਯਾਦ ਹੁੰਦੇ ਹਨ, ਜਿਨ੍ਹਾਂ ਨੂੰ ਨੌਜਵਾਨ ਪੀੜ੍ਹੀ ਸਿਰਫ ਕਿਤਾਬਾਂ ਤੋਂ ਜਾਣਦੀ ਹੈ।

ਜਨਤਕ ਜੀਵਨ ਤੋਂ ਹਟਣ ਦੀ ਬਜਾਏ, ਬਜ਼ੁਰਗ ਸਰਪ੍ਰਸਤ, ਲੇਖਕ ਅਤੇ ਵਿਚਾਰਸ਼ੀਲ ਟਿੱਪਣੀਕਾਰ ਬਣ ਸਕਦੇ ਹਨ। ਉਹ ਅਖ਼ਬਾਰਾਂ, ਪੁਸਤਕਾਂ, ਭਾਈਚਾਰਕ ਮੀਟਿੰਗਾਂ ਅਤੇ ਨੌਜਵਾਨਾਂ ਨਾਲ ਗੱਲਬਾਤ ਦੇ ਮਾਧਿਅਮ ਰਾਹੀਂ ਅੰਤਰ-ਦ੍ਰਿਸ਼ਟੀ ਸਾਂਝੀ ਕਰ ਸਕਦੇ ਹਨ। ਕਦੇ-ਕਦੇ ਪੋਤੇ-ਪੋਤੀਆਂ ਨੂੰ ਸੁਣਾਈ ਗਈ ਇਕ ਸਾਧਾਰਨ ਕਹਾਣੀ ਵੀ ਇਕ ਲੰਬੇ ਲੈਕਚਰ ਨਾਲੋਂ ਵੱਧ ਗਿਆਨ ਰੱਖਦੀ ਹੈ।

70 ਤੱਕ ਪਹੁੰਚਣ ਦਾ ਇਕ ਹੋਰ ਲਾਭ ਵੀ ਹੈ—ਵਿਅਕਤੀ 'ਚ ਜੀਵਨ ਪ੍ਰਤੀ ਹਾਸੇ ਦੀ ਇਕ ਸਿਹਤਮੰਦ ਸਮਝ ਵਿਕਸਿਤ ਹੋ ਜਾਂਦੀ ਹੈ। ਇਕ ਬਜ਼ੁਰਗ ਸੱਜਣ ਨੇ ਇਕ ਵਾਰ ਮਜ਼ਾਕ 'ਚ ਕਿਹਾ ਸੀ, "ਜਦੋਂ ਮੈਂ ਛੋਟਾ ਸੀ, ਤਾਂ ਮੈਂ ਦੁਨੀਆ ਬਦਲਣੀ ਚਾਹੁੰਦਾ ਸੀ। 50 ਦੀ ਉਮਰ 'ਚ, ਮੈਂ ਆਪਣਾ ਸ਼ਹਿਰ ਬਦਲਣਾ ਚਾਹੁੰਦਾ ਸੀ। 70 ਦੀ ਉਮਰ 'ਚ, ਮੈਂ ਸੌਂ ਜਾਣ ਤੋਂ ਪਹਿਲਾਂ ਟੈਲੀਵਿਜ਼ਨ ਚੈਨਲ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

## ਪੁਲਸ ਕਮਿਸ਼ਨਰ ਦਫ਼ਤਰ ਮੂਹਰੇ ਭਾਜਪਾ ਆਗੂਆਂ ’ਤੇ ਸੁੱਟੀ ਗਈ ਸਿਆਹੀ, ਵਰਕਰਾਂ ਨੇ ਕਾਬੂ ਕੀਤਾ ਇਕ ਮੁਲਜ਼ਮ

ਲੁਧਿਆਣਾ, 11 ਮਈ : ਪੁਲਸ ਕਮਿਸ਼ਨਰ ਦਫ਼ਤਰ ਦੇ ਬਾਹਰ ਚੱਲ ਰਿਹਾ ਭਾਜਪਾ ਦਾ ਧਰਨਾ ਪ੍ਰਦਰਸ਼ਨ ਉਸ ਸਮੇਂ ਅਖਾੜੇ ਵਿਚ ਤਬਦੀਲ ਹੋ ਗਿਆ, ਜਦੋਂ ਬਾਈਕ ਸਵਾਰ ਦੋ ਅਣਪਛਾਤੇ ਨੌਜਵਾਨਾਂ ਨੇ ਭਾਜਪਾ ਦੇ ਸੀਨੀਅਰ ਆਗੂਆਂ ’ਤੇ ਸਿਆਹੀ ਸੁੱਟ ਦਿੱਤੀ। ਇਸ ਅਚਾਨਕ ਹੋਏ ਹਮਲੇ ਨਾਲ ਮੌਕੇ ’ਤੇ ਹੜਕੰਪ ਮਚ ਗਿਆ ਅਤੇ ਪ੍ਰਦਰਸ਼ਨ ਵਿਚ ਭਗਦੜ ਵਰਗੀ ਸਥਿਤੀ ਪੈਦਾ ਹੋ ਗਈ। ਪੁਲਸ ਦੀ ਭਾਰੀ ਮੌਜੂਦਗੀ ਦੇ ਬਾਵਜੂਦ ਸ਼ਰੇਆਮ ਹੋਈ ਇਸ ਹਰਕਤ ਨੇ ਸੁਰੱਖਿਆ ਵਿਵਸਥਾ ’ਤੇ ਵੀ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਾਣਕਾਰੀ ਮੁਤਾਬਕ, ਜਦੋਂ ਭਾਜਪਾ ਆਗੂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸਨ, ਉਦੋਂ ਹੀ ਇਕ ਬਾਈਕ ’ਤੇ ਸਵਾਰ ਦੋ ਨੌਜਵਾਨ ਉੱਥੇ ਪਹੁੰਚੇ। ਉਨ੍ਹਾਂ ਨੇ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਾਜਪਾ ਆਗੂ ਗੁਰਦੇਵ ਦੇਬੀ ਅਤੇ ਗੁਰਦੀਪ ਸਿੰਘ ਨੀਟੂ ’ਤੇ ਸਿਆਹੀ ਸੁੱਟ ਦਿੱਤੀ।



ਸਿਆਹੀ ਦੀ ਫੁਹਾਰ ਇੰਨੀ ਤੇਜ਼ ਸੀ ਕਿ ਕੋਲ ਹੀ ਖੜ੍ਹੇ ਸੀਨੀਅਰ ਭਾਜਪਾ ਆਗੂ ਅਨਿਲ ਸਰੀਨ ਦੇ ਕੱਪੜੇ ਵੀ ਪੂਰੀ ਤਰ੍ਹਾਂ ਖਰਾਬ ਹੋ ਗਏ। ਇੰਨਾ ਹੀ ਨਹੀਂ, ਕਵਰੇਜ ਕਰ ਰਹੇ ਕੁਝ ਮੀਡੀਆ ਕਰਮੀਆਂ ਦੇ ਕੈਮਰਿਆਂ ਅਤੇ ਕੱਪੜਿਆਂ ’ਤੇ ਵੀ ਸਿਆਹੀ ਦੀਆਂ ਬੂੰਦਾਂ ਜਾ ਡਿੱਗੀਆਂ। ਆਗੂਆਂ ’ਤੇ ਹਮਲਾ ਹੁੰਦੇ ਦੇਖ ਭਾਜਪਾ ਵਰਕਰਾਂ ਦਾ ਗੁੱਸਾ ਸੱਤਵੇਂ ਅਸਮਾਨ ’ਤੇ ਪਹੁੰਚ ਗਿਆ। ਹਮਲਾਵਰ ਸਿਆਹੀ ਸੁੱਟ ਕੇ ਮੌਕੇ ਤੋਂ ਭੱਜਣ ਦੀ ਫਿਰਾਕ ਵਿਚ ਸਨ, ਪਰ ਵਰਕਰਾਂ ਨੇ ਤੁਰੰਤ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਕੁਝ ਹੀ ਦੂਰੀ ’ਤੇ ਜਾ ਕੇ ਵਰਕਰਾਂ ਨੇ ਬਾਈਕ ਸਵਾਰ ਇਕ ਨੌਜਵਾਨ ਨੂੰ ਫੜ ਲਿਆ, ਜਦਕਿ ਉਸ ਦਾ ਦੂਜਾ ਸਾਥੀ ਭੱਜਣ ਵਿਚ ਕਾਮਯਾਬ ਰਿਹਾ। ਫੜੇ ਗਏ ਨੌਜਵਾਨ ਨੂੰ ਮੌਕੇ ’ਤੇ ਮੌਜੂਦ ਪੁਲਸ ਨੇ ਤੁਰੰਤ ਆਪਣੀ ਹਿਰਾਸਤ ਵਿਚ ਲੈ ਲਿਆ। ਭਾਜਪਾ ਆਗੂਆਂ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ ਲੋਕਤੰਤਰ ’ਤੇ ਹਮਲਾ ਕਰਾਰ ਦਿੱਤਾ ਹੈ। ਆਗੂਆਂ ਦਾ ਦੋਸ਼ ਹੈ ਕਿ ਇਹ ਹਮਲਾ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹੈ ਤਾਂ ਜੋ ਭਾਜਪਾ ਦੇ ਸੰਘਰਸ਼ ਨੂੰ ਦਬਾਇਆ ਜਾ ਸਕੇ। ਫਿਲਹਾਲ, ਪੁਲਸ ਫੜੇ ਗਏ ਨੌਜਵਾਨ ਤੋਂ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਸਾਜ਼ਿਸ਼ ਦੇ ਪਿੱਛੇ ਕਿਹੜੀਆਂ ਤਾਕਤਾਂ ਦਾ ਹੱਥ ਹੈ।

ਕਮਿਸ਼ਨਰ ਦਫ਼ਤਰ ਦੇ ਬਾਹਰ ਇਸ ਘਟਨਾ ਤੋਂ ਬਾਅਦ ਤਣਾਅ ਹੋਰ ਵੀ ਵਧ ਗਿਆ ਹੈ।

## ਫੈਕਟਰੀ ’ਚ ਲੱਗੀ ਅੱਗ ਕਾਰਨ ਝੁਲਸੀ ਕੁੜੀ ਦੀ ਇਲਾਜ ਦੌਰਾਨ ਮੌਤ

ਦੋਰਾਹਾ/ਪਾਇਲ, 11 ਮਈ : ਦੋਰਾਹਾ-ਪਾਇਲ ਰੋਡ ‘ਤੇ ਸਥਿਤ ਪਿੰਡ ਬਿਸ਼ਨਪੁਰਾ ਵਿਖੇ ਲੁਧਿਆਣਾ ਜ਼ਿਲ੍ਹੇ ਦੇ ਪਹਿਲੇ ਸਕ੍ਰੈਪ ਕਾਰ ਸ਼ਰੈਡਿੰਗ ਪਲਾਂਟ ‘ਬੀ ਲਾਲ ਸਟੀਲ ਸ਼੍ਰੇਡਿੰਗ ਪ੍ਰਾਈਵੇਟ ਲਿਮਿਟੇਡ’ ਵਿਚ 25 ਅਪ੍ਰੈਲ ਨੂੰ ਲੱਗੀ ਭਿਆਨਕ ਅੱਗ ਦੌਰਾਨ ਬੁਰੀ ਤਰ੍ਹਾਂ ਝੁਲਸੀ ਇਕ 21 ਸਾਲਾ ਲੜਕੀ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਮੌਤ ਤੋਂ ਬਾਅਦ ਪੂਰਾ ਮਾਮਲਾ ਮੁੜ ਚਰਚਾ ਵਿੱਚ ਆ ਗਿਆ ਹੈ ਅਤੇ ਹੁਣ ਫੈਕਟਰੀ ਪ੍ਰਬੰਧਨ, ਸੁਰੱਖਿਆ ਪ੍ਰਬੰਧਾਂ ਅਤੇ ਪ੍ਰਸ਼ਾਸਨਿਕ ਕਾਰਵਾਈ ‘ਤੇ ਵੀ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਮ੍ਰਿਤਕ ਲੜਕੀ ਦੀ ਪਛਾਣ ਅੰਜਲੀ ਪੁੱਤਰੀ ਅਸ਼ਵਨੀ ਕੁਮਾਰ, ਵਾਸੀ ਪਲਾਟ ਨੰਬਰ 28/ਬੀ, ਇੰਡਸਟਰੀ ਏਰੀਆ (ਏ), ਘੋੜਾ ਕਲੋਨੀ, ਮਿਲਰ ਗੰਜ, ਲੁਧਿਆਣਾ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੰਜਲੀ 25 ਅਪ੍ਰੈਲ ਨੂੰ ਫੈਕਟਰੀ ਵਿੱਚ ਲੱਗੀ ਅੱਗ ਦੌਰਾਨ ਗੰਭੀਰ ਰੂਪ ਵਿਚ ਝੁਲਸ ਗਈ ਸੀ ਅਤੇ ਉਸ ਦਾ ਇਲਾਜ ਚੱਲ ਰਿਹਾ ਸੀ, ਪਰ ਆਖ਼ਰਕਾਰ ਉਸਨੇ ਜ਼ਿੰਦਗੀ ਅਤੇ ਮੌਤ ਨਾਲ ਜੂਝਦੇ ਹੋਏ ਦਮ ਤੋੜ ਦਿੱਤਾ। ਦੋਰਾਹਾ ਪੁਲਸ ਨੂੰ ਦਿੱਤੀ ਜਾਣਕਾਰੀ ਵਿਚ ਮ੍ਰਿਤਕਾ ਦੇ ਰਿਸ਼ਤੇਦਾਰ ਜੈਵਿੰਦ ਪੁੱਤਰ ਪ੍ਰਿਥਵੀ ਵਾਸੀ ਪਲਾਟ ਨੰਬਰ 28/ਬੀ, ਇੰਡਸਟਰੀ ਏਰੀਆ (ਏ), ਘੋੜਾ ਕਲੋਨੀ, ਮਿਲਰ ਗੰਜ, ਲੁਧਿਆਣਾ ਨੇ ਦੱਸਿਆ ਕਿ ਅੰਜਲੀ ਦੀ ਮੌਤ ਅੱਗ ਵਿਚ ਝੁਲਸਣ ਕਾਰਨ ਹੋਈ ਹੈ। ਇਸ ਸਬੰਧੀ ਦੋਰਾਹਾ ਥਾਣਾ ਦੇ ਏ.ਐੱਸ.ਆਈ. ਸੌਦਾਗਰ ਸਿੰਘ ਵੱਲੋਂ ਡੀਡੀਆਰ ਨੰਬਰ 18 ਮਿਤੀ 10.05.2026 ਦਰਜ ਕਰਦੇ ਹੋਏ ਇਸ ਘਟਨਾ ਨੂੰ ਕੁਦਰਤੀ ਅਤੇ ਅਚਾਨਕ ਵਾਪਰਿਆ ਹਾਦਸਾ ਦੱਸਿਆ ਗਿਆ ਹੈ। ਪੁਲਸ ਅਧਿਕਾਰੀ ਅਨੁਸਾਰ ਪਰਿਵਾਰ ਵੱਲੋਂ ਕਿਸੇ ਵੀ ਵਿਅਕਤੀ ਜਾਂ ਫੈਕਟਰੀ ਪ੍ਰਬੰਧਨ ਖਿਲਾਫ ਕਾਨੂੰਨੀ ਕਾਰਵਾਈ ਨਾ ਕਰਨ ਦੀ ਗੱਲ ਕਹੀ ਗਈ ਹੈ। ਦੋਰਾਹਾ ਪੁਲਸ ਦੇ ਏ.ਐੱਸ.ਆਈ. ਸੌਦਾਗਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੀ ਲਾਸ਼ ਨੂੰ ਲੋੜੀਂਦੀ ਕਾਨੂੰਨੀ ਕਾਰਵਾਈ ਪੂਰੀ ਕਰਨ ਉਪਰੰਤ ਬਿਨਾਂ ਪੋਸਟਮਾਰਟਮ ਕਰਵਾਏ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਰਿਵਾਰ ਵੱਲੋਂ ਕੋਈ ਕਾਰਵਾਈ ਨਾ ਕਰਨ ਦੀ ਇੱਛਾ ਜਤਾਈ ਗਈ ਸੀ। ਉਨ੍ਹਾਂ ਦੱਸਿਆ ਕਿ ਫੈਕਟਰੀ ਵਿਚ ਅਚਾਨਕ ਅੱਗ ਲੱਗਣ ਅਤੇ ਭੜਕਾ ਪੈਣ ਕਾਰਨ ਇਹ ਹਾਦਸਾ ਵਾਪਰਿਆ ਸੀ, ਜਿਸ ਵਿੱਚ ਅੰਜਲੀ ਸਮੇਤ ਦੋ ਜਾਂ ਇਸ ਤੋਂ ਵੱਧ ਕਰਮਚਾਰੀ ਜਖ਼ਮੀ ਹੋਏ ਸਨ। ਹਾਲਾਂਕਿ ਇਸ ਪੂਰੇ ਮਾਮਲੇ ਦੌਰਾਨ ਪੁਲਸ ਵੱਲੋਂ ਜਾਣਕਾਰੀ ਨੂੰ ਸੀਮਿਤ ਰੱਖਣ ਦੇ ਦੋਸ਼ ਵੀ ਸਾਹਮਣੇ ਆ ਰਹੇ ਹਨ। ਜ਼ਿਕਰਯੋਗ ਹੈ ਕਿ 25 ਅਪ੍ਰੈਲ ਨੂੰ ਇਸ ਫੈਕਟਰੀ ਵਿਚ ਲੱਗੀ ਭਿਆਨਕ ਅੱਗ ਦੌਰਾਨ ਅੱਧ ਦਰਜਨ ਤੋਂ ਵੱਧ ਔਰਤ ਕਰਮਚਾਰੀਆਂ ਜਖ਼ਮੀ ਹੋਈਆਂ ਸਨ ਅਤੇ ਫੈਕਟਰੀ ਅੰਦਰ ਲਗਾਤਾਰ ਧਮਾਕਿਆਂ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਸੀ। ਉਸ ਸਮੇਂ ਪ੍ਰਸ਼ਾਸਨ ਵੱਲੋਂ ਕੋਈ ਜਾਨੀ ਨੁਕਸਾਨ ਨਾ ਹੋਣ ਦੀ ਗੱਲ ਕਹੀ ਗਈ ਸੀ, ਪਰ ਹੁਣ ਅੰਜਲੀ ਦੀ ਮੌਤ ਤੋਂ ਬਾਅਦ ਇਹ ਹਾਦਸਾ ਹੋਰ ਵੀ ਗੰਭੀਰ ਰੂਪ ਧਾਰ ਚੁੱਕਾ ਹੈ। ਇਸ ਸਬੰਧੀ ਡੀ.ਐੱਸ.ਪੀ. ਪਾਇਲ ਹਰਮਨਪ੍ਰੀਤ ਸਿੰਘ ਚੀਮਾ ਨੇ ਕਿਹਾ ਕਿ ਮ੍ਰਿਤਕਾ ਦੇ ਪਰਿਵਾਰ ਵੱਲੋਂ ਲਿਖਤੀ ਰੂਪ ਵਿਚ ਪੁਲਸ ਨੂੰ ਦੱਸਿਆ ਗਿਆ ਸੀ ਕਿ ਉਹ ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਕਰਵਾਉਣਾ ਚਾਹੁੰਦੇ, ਕਿਉਂਕਿ ਲੜਕੀ ਦਾ ਇਲਾਜ ਫੈਕਟਰੀ ਪ੍ਰਬੰਧਕਾਂ ਵੱਲੋਂ ਕਰਵਾਇਆ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਿਵਾਰ ਨੇ ਐੱਸ.ਡੀ.ਐੱਮ. ਪਾਇਲ ਨੂੰ ਵੀ ਪੋਸਟਮਾਰਟਮ ਨਾ ਕਰਵਾਉਣ ਸਬੰਧੀ ਲਿਖਤੀ ਬੇਨਤੀ ਦਿੱਤੀ ਸੀ, ਜਿਸ ਤੋਂ ਬਾਅਦ ਐੱਸ.ਡੀ.ਐੱਮ. ਦਫ਼ਤਰ ਵੱਲੋਂ ਦਰਖ਼ਾਸਤ ਪੁਲਸ ਨੂੰ ਮਾਰਕ ਕੀਤੀ ਗਈ। ਪੁਲਸ ਨੇ ਕਾਨੂੰਨੀ ਪ੍ਰਕਿਰਿਆ ਪੂਰੀ ਕਰਦੇ ਹੋਏ ਲਾਸ਼ ਬਿਨਾ ਪੋਸਟਮਾਰਟਮ ਕਰਵਾਏ ਪਰਿਵਾਰ ਦੇ ਹਵਾਲੇ ਕਰ ਦਿੱਤੀ। ਡੀ.ਐੱਸ.ਪੀ. ਨੇ ਕਿਹਾ ਕਿ ਮਾਮਲੇ ਸਬੰਧੀ ਲੋੜੀਂਦੀ ਰਿਕਾਰਡ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਇਸ ਸਬੰਧੀ ਡਾ. ਅੰਬੇਡਕਰ ਨਵਯੁਕਤ ਦਲ ਪੰਜਾਬ ਦੇ ਪ੍ਰਧਾਨ ਅਤੇ ਪ੍ਰਸਿੱਧ ਆਰਟੀਆਈ ਐਕਟੀਵਿਸਟ ਗੁਰਦੀਪ ਸਿੰਘ ਕਾਲੀ ਪਾਇਲ ਨੇ ਕਿਹਾ ਕਿ ਇਸ ਹਾਦਸੇ ਵਿੱਚ ਗਰੀਬ ਪਰਿਵਾਰ ਦਾ ਵੱਡਾ ਨੁਕਸਾਨ ਹੋਇਆ ਹੈ ਅਤੇ ਪੁਲਸ ਪ੍ਰਸ਼ਾਸ਼ਨ ਵੱਲੋਂ ਪੂਰੇ ਮਾਮਲੇ ‘ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਫੈਕਟਰੀ ਵਿੱਚ ਕਰੀਬ 160 ਵਰਕਰ ਕੰਮ ਕਰਦੇ ਦੱਸੇ ਜਾ ਰਹੇ ਹਨ, ਪਰ ਅਸਲ ਗਿਣਤੀ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਸਪਸ਼ਟ ਜਾਣਕਾਰੀ ਸਾਹਮਣੇ ਨਹੀਂ ਲਿਆਂਦੀ ਜਾ ਰਹੀ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਐਸਡੀਐਮ ਪਾਇਲ ਨਾਲ ਮੁਲਾਕਾਤ ਕਰਕੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਨਗੇ।



## ਪੰਜਾਬ ਦੀ ਸਿਆਸਤ ’ਚ ਹਲਚਲ ਤੇਜ਼ ! ਇਸ ਪਾਰਟੀ ਨੇ ਸ਼ਰੋਮਣੀ ਅਕਾਲੀ ਦਲ ਨੂੰ ਦਿੱਤਾ ਸਮਰਥਨ

ਚੰਡੀਗੜ੍ਹ, 11 ਮਈ: ਰਾਸ਼ਟਰੀ ਕ੍ਰਾਂਤੀ ਪਾਰਟੀ (ਅੰਬੇਡਕਰ) ਨੇ ਆਉਣ ਵਾਲੀਆਂ ਨਗਰ ਨਿਗਮ ਅਤੇ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਅੱਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ਼ਿੰਗਾਰਾ ਸਿੰਘ ਕਲਿਆਨ ਨੇ ਆਪਣੀ ਕੋਰ ਕਮੇਟੀ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਸਿਆਸੀ ਤਾਲਮੇਲ ਨੂੰ ਨੇਪਰੇ ਚਾੜ੍ਹਨ ਵਿਚ ਹਲਕਾ ਇੰਚਾਰਜ ਹੁਸ਼ਿਆਰਪੁਰ ਸੰਜੀਵ ਤਲਵਾੜ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਸ਼ਿੰਗਾਰਾ ਸਿੰਘ ਕਲਿਆਨ ਨੇ ਕਿਹਾ ਕਿ ਸਵ. ਪ੍ਰਕਾਸ਼ ਸਿੰਘ ਬਾਦਲ, ਪੰਜਾਬ ਨੇ ਅਨੁਸੂਚਿਤ ਜਾਤੀਆਂ, ਖ਼ਾਸ ਕਰਕੇ ਵਾਲਮੀਕ ਸਮਾਜ ਦੀ ਭਲਾਈ ਲਈ ਜੋ ਇਤਿਹਾਸਕ ਕਾਰਜ ਕੀਤੇ ਹਨ, ਉਨ੍ਹਾਂ ਦਾ ਦੇਣ ਵਾਲਮੀਕ ਸਮਾਜ ਕਦੇ ਨਹੀਂ ਮੋੜ ਸਕਦਾ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਥਨ ਦੇ ਕੇ ਬਾਦਲ ਸਾਹਿਬ ਦੀਆਂ ਸੇਵਾਵਾਂ ਨੂੰ ਸਿਆਸੀ ਸ਼ਰਧਾਂਜਲੀ ਭੇਂਟ ਕਰ ਰਹੇ ਹਾਂ। ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਅੱਗੇ ਮੰਗ ਰੱਖੀ ਕਿ ਆਉਣ ਵਾਲੀ ਅਕਾਲੀ ਸਰਕਾਰ ਦੌਰਾਨ ਸਾਡੇ ਸਮਾਜ ਦੇ ਸਮਾਜਿਕ ਅਤੇ ਰਾਜਨੀਤਿਕ ਉਥਾਨ ਲਈ ਵਿਸ਼ੇਸ਼ ਯਤਨ ਕੀਤੇ ਜਾਣ ਤਾਂ ਜੋ ਇਹ ਪਛੜਿਆ ਸਮਾਜ ਵੀ ਮਾਣਮੱਤਾ ਸਥਾਨ ਪ੍ਰਾਪਤ ਕਰ ਸਕੇ। ਸੁਖਬੀਰ ਸਿੰਘ ਬਾਦਲ ਨੇ ਇਸ ਸਮਰਥਨ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਸਾਰੇ ਧਰਮਾਂ ਅਤੇ ਵਰਗਾਂ ਦਾ ਸਤਿਕਾਰ ਕਰਦਾ ਆਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਅੰਮ੍ਰਿਤਸਰ ਸਥਿਤ ਭਗਵਾਨ ਵਾਲਮੀਕ ਤੀਰਥ ਅਸਥਾਨ (ਆਸ਼ਰਮ) ਨੂੰ 10 ਸਾਲ ਪੂਰੇ ਹੋਣ ਜਾ ਰਹੇ ਹਨ, ਅਜਿਹੇ ਸਮੇਂ ਰਾਸ਼ਟਰੀ ਕ੍ਰਾਂਤੀ ਪਾਰਟੀ ਵੱਲੋਂ ਮਿਲਿਆ ਇਹ ਸਹਿਯੋਗ ਪਾਰਟੀ ਨੂੰ ਸਮਾਜ ਦੀ ਸੇਵਾ ਦਾ ਹੋਰ ਬਲ ਬਖਸ਼ੇਗਾ।

## ਪੰਜਾਬ ਦੀ ਸਿਆਸਤ ’ਚ ਭੂਚਾਲ, ਇਹ ਵੱਡਾ ਆਗੂ ਭਾਜਪਾ ਵਿਚ ਸ਼ਾਮਲ

ਚੰਡੀਗੜ੍ਹ, 11 ਮਈ: ਪੰਜਾਬ ਦੀ ਸਿਆਸਤ ਵਿਚ ਉਸ ਵੇਲੇ ਭੂਚਾਲ ਆ ਗਿਆ ਜਦੋਂ ਸਿਆਸਤ ਵਿਚ ਵੱਡਾ ਨਾਮਣਾ ਖੱਟਣ ਵਾਲੇ ਸੰਗਰੂਰ ਹਲਕੇ ਦੇ ਸੀਨੀਅਰ ਆਗੂ ਗਿਆਨ ਸਿੰਘ ਮਾਨ ਆਪਣੇ ਸਾਥੀਆਂ ਸਮੇਤ ਭਾਜਪਾ ਵਿਚ ਸ਼ਾਮਲ ਹੋ ਗਏ। ਗਿਆਨ ਸਿੰਘ ਮਾਨ ਨੂੰ ਅੱਜ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਇਸ ਮੌਕੇ ਗਿਆਨ ਸਿੰਘ ਮਾਨ ਨੇ ਕਿਹਾ ਕਿ ਉਹ ਭਾਜਪਾ ਦੀਆਂ ਵਿਕਾਸ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਅੱਜ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਅੰਦਰ ਭਾਜਪਾ ਦੀ ਚੜ੍ਹਦੀ ਕਲਾ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ। ਇਸ ਦੌਰਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਅੰਦਰ ਭਾਜਪਾ ਦਾ ਪਰਿਵਾਰ ਦਿਨੋਂ ਦਿਨ ਵੱਧ ਰਿਹਾ ਹੈ। ਲੋਕ ਵੱਡੀ ਗਿਣਤੀ ਵਿਚ ਭਾਜਪਾ ਨੂੰ ਜੁਆਇਨ ਕਰ ਰਹੇ ਹਨ। ਉਨ੍ਹਾਂ ਸਾਫ ਕੀਤਾ ਕਿ ਨਾ ਈ. ਡੀ. ਦੀ ਰੇਡ ਰੁਕੇਗੀ ਅਤੇ ਨਾ ਸੀਬੀਆਈ ਦੀ। ਹੁਣ ਸਾਰਿਆਂ ਦਾ ਹਿਸਾਬ ਲਿਆ ਜਾਵੇਗਾ। ਜਾਖੜ ਨੇ ਕਿਹਾ ਕਿ ਸਬ ਕਾ ਸਾਥ ਅਤੇ ਸਬ ਕਾ ਵਿਕਾਸ ਤਾਂ ਸਾਰਿਆਂ ਨੇ ਦੇਖਿਆ ਹੁਣ ਸਬਕਾ ਹਿਸਾਬ ਲੈਣ ਦੀ ਵਾਰੀ ਹੈ। ਸਾਰੇ ਤਿਆਰ ਹੋ ਜਾਓ। ਉਨ੍ਹਾਂ ਕਿਹਾ ਕਿ ਭਾਜਪਾ ਮਿਊਂਸੀਪਲ ਚੋਣਾਂ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਲੰਘੀਆਂ ਚੋਣਾਂ ਵਿਚ ਪਟਿਆਲਾ ਐੱਸਐੱਸਪੀ ਦਾ ਬਿਆਨ ਸੀ ਕਿ ਵਿਰੋਧੀਆਂ ਦੇ ਪਰਚੇ ਦਾਖਲ ਨਹੀਂ ਕਰਨ ਦੇਣ। ਉਹ ਵੀ ਅਜੇ ਤਕ ਨਹੀਂ ਭੁੱਲਿਆ ਹੈ ਤੇ ਨਾ ਹੀ ਕੋਈ ਕਾਰਵਾਈ ਹੋਈ। ਜਾਖੜ ਨੇ ਕਿਹਾ ਕਿ ਕੋਈ ਨਹੀਂ ਬਖਸ਼ਿਆ ਜਾਵੇਗਾ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣ ਨੇ ਕਿਹਾ ਕਿ ਪੰਜਾਬ ਵਿਚ ਭਾਪਾ ਤੇਜ਼ੀ ਨਾਲ ਵਾਧਾ ਕਰ ਰਹੀ ਹੈ। ਰੋਜ਼ਾਨਾ ਲੋਕ ਭਾਜਪਾ ਦੀਆਂ ਵਿਕਾਸ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਭਾਜਪਾ ਨੂੰ ਜੁਆਇਨ ਕਰ ਰਹੇ। ਇਸੇ ਲੜੀ ਤਹਿਤ ਗਿਆਨ ਸਿੰਘ ਮਾਨ ਵੀ ਭਾਜਪਾ ਵਿਚ ਸ਼ਾਮਲ ਹੋਏ ਹਨ, ਅਸੀਂ ਉਨ੍ਹਾਂ ਨੂੰ ਜੀ ਆਇਆਂ ਆਖਦੇ ਹਾਂ। ਈ. ਡੀ. ਦੀ ਕਾਰਵਾਈ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਈ. ਡੀ. ਪੂਰੀ ਤਰ੍ਹਾਂ ਸੁਤੰਤਰ ਏਜੰਸੀ ਹੈ, ਜਿੱਥੇ ਭ੍ਰਿਸ਼ਟਾਚਾਰ ਹੋਵੇਗਾ ਉਥੇ ਈ. ਡੀ ਆਵੇਗੀ।



## ਤੇਜ਼ ਤੂਫਾਨ ਤੇ ਗੜੇਮਾਰੀ ਦੀ ਸੰਭਾਵਨਾ, 4 ਦਿਨਾਂ ਲਈ ਅਲਰਟ ਜਾਰੀ

ਚੰਡੀਗੜ੍ਹ, 11 ਮਈ : ਪੰਜਾਬ ’ਚ ਆਉਣ ਵਾਲੇ ਪੰਜ ਦਿਨਾਂ ਦੌਰਾਨ ਮੌਸਮ ਵੱਲੋਂ ਵੱਡਾ ਬਦਲਾਅ ਵੇਖਣ ਨੂੰ ਮਿਲ ਸਕਦਾ ਹੈ। ਭਾਰਤੀ ਮੌਸਮ ਵਿਭਾਗ (IMD) ਚੰਡੀਗੜ੍ਹ ਵੱਲੋਂ ਜਾਰੀ ਜ਼ਿਲ੍ਹਾਵਾਰ ਮੌਸਮ ਚੇਤਾਵਨੀ ਅਨੁਸਾਰ ਅੱਜ ਤੋਂ 15 ਮਈ ਤੱਕ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਗਰਜ-ਚਮਕ, ਤੇਜ਼ ਹਵਾਵਾਂ ਅਤੇ ਮੀਂਹ ਦੀ ਸੰਭਾਵਨਾ ਹੈ। ਕੁਝ ਇਲਾਕਿਆਂ ਲਈ ਯੈਲੋ ਅਤੇ ਆਰੇਂਜ ਅਲਰਟ ਵੀ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਅਨੁਸਾਰ ਅੱਜ ਕੁਝ ਜ਼ਿਲ੍ਹਿਆਂ ’ਚ ਰਾਤ ਨੂੰ ਤੇਜ਼ ਤੂਫਾਨ ਦੇ ਨਾਲ ਮੀਂਹ ਦੀ ਸੰਭਾਵਨਾ ਜਤਾਈ ਗਈ ਹੈ। ਇਸੇ ਦਰਮਿਆਨ ਅੱਜ ਦਿਨ ਵੇਲੇ ਕਈ ਥਾਵਾਂ ਦੇ ਗੜੇਮਾਰੀ ਨਾਲ ਮੀਂਹ ਪਿਆ। ਉੱਥੇ ਹੀ 12 ਮਈ ਯਾਨੀ ਕਿ ਭਲਕੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬਿਜਲੀ ਲਿਸ਼ਕਣ ਨਾਲ 40 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਤੇ ਨਾਲ ਗੜੇਮਾਰੀ ਦੀ ਸੰਭਵਾਨਾ ਹੈ। ਖਾਸ ਕਰਕੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਲੁਧਿਆਣਾ, ਸੰਗਰੂਰ, ਮਾਨਸਾ ਅਤੇ ਬਠਿੰਡਾ ਵਰਗੇ ਜ਼ਿਲ੍ਹਿਆਂ ਵਿੱਚ ਮੌਸਮ ਵਿਭਾਗ ਨੇ ਵਧੇਰੇ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ। 13 ਮਈ ਤੋਂ ਮੌਸਮ ਵਿੱਚ ਕੁਝ ਸੁਧਾਰ ਦੇ ਸੰਕੇਤ ਮਿਲ ਰਹੇ ਹਨ, ਹਾਲਾਂਕਿ ਦੋਆਬਾ ਦੇ ਕੁਝ ਜ਼ਿਲ੍ਹਿਆਂ ’ਚ ਗਰਜ-ਚਮਕ ਅਤੇ ਤੇਜ਼ ਹਵਾਵਾਂ ਦਾ ਅਸਰ ਜਾਰੀ ਰਹਿ ਸਕਦਾ ਹੈ। 14 ਅਤੇ 15 ਮਈ ਤੱਕ ਸੂਬੇ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਮੌਸਮ ਆਮ ਹੋਣ ਦੀ ਸੰਭਾਵਨਾ ਹੈ, ਪਰ ਕੁਝ ਇਲਾਕਿਆਂ ’ਚ ਹਨ੍ਹੇਰੀ-ਤੁਫਾਨ ਦੀ ਹਲਕੀ ਚੇਤਾਵਨੀ ਬਰਕਰਾਰ ਰਹੇਗੀ।

## ਪੰਜਾਬ ’ਚ ਭਿਆਨਕ ਹਾਦਸਾ ! 2 ਵਿਅਕਤੀਆਂ ਦੀ ਮੌਤ, 5 ਹੋਰ ਜ਼ਖ਼ਮੀ

ਲਹਿਰਾਗਾਗਾ, 11 ਮਈ : ਅੱਜ ਬਾਅਦ ਦੁਪਹਿਰ ਲਹਿਰਾਗਾਗਾ - ਪਾਤੜਾਂ ਸੜਕ ਉੱਪਰ ਲਹਿਲ ਕੈਂਚੀਆਂ ਨੇੜੇ ਵਾਪਰੇ ਸੜਕ ਹਾਦਸੇ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਪੰਜ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਇਕ ਤੇਜ਼ ਰਫਤਾਰ ਕਾਰ ਸੜਕ ਕਿਨਾਰੇ ਖੜ੍ਹੇ ਇਕ ਟਰੱਕ ਨਾਲ ਜਾ ਟਕਰਾਈ। ਕਾਰ ਵਿਚ ਸੱਤ ਵਿਅਕਤੀ ਸਵਾਰ ਸਨ। ਮ੍ਰਿਤਕ ਵਿਅਕਤੀਆਂ ਦੀ ਪਛਾਣ ਆਕਾਸ਼ਦੀਪ ਪਸਰੀਜਾ ਪੁੱਤਰ ਸੁਰਿੰਦਰ ਪਾਲ ਵਾਸੀ ਲਹਿਰਾਗਾਗਾ ਅਤੇ ਜੱਜਵੀਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਹਰਿਆਊ ਖ਼ੁਰਦ ਥਾਣਾ ਪਾਤੜਾਂ ਵਜੋਂ ਹੋਈ ਹੈ। ਸਿਟੀ ਇੰਚਾਰਜ ਗੁਰਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਜੱਜ ਵੀਰ ਸਿੰਘ ਅਤੇ ਉਸ ਦੇ ਸਾਥੀ ਲਹਿਰਾਗਾਗਾ ਦੇ ਵਾਸੀ ਹੈਪੀ ਗਰਗ ਪੁੱਤਰ ਜੀਵਨ ਲਾਲ ਨਾਲ ਪੈਸਿਆਂ ਦਾ ਲੈਣ ਦੇਣ ਕਰਨ ਲਈ ਪਾਤੜਾਂ ਰੋਡ ਵੱਲ ਜਾ ਰਹੇ ਸੀ ਤਾਂ ਅਚਾਨਕ ਕਾਰ ਬੇਕਾਬੂ ਹੋ ਕੇ ਇਕ ਸਾਈਡ ਖੜ੍ਹੇ ਟਰੱਕ ਨਾਲ ਜਾ ਟਕਰਾਈ। ਹਾਦਸੇ ਵਿਚ ਜ਼ਖ਼ਮੀ ਵਿਅਕਤੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਲਹਿਰਾਗਾਗਾ ਵਿਖੇ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਦੋ ਵਿਅਕਤੀਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਤੇ ਪੰਜ ਜ਼ਖ਼ਮੀ ਵਿਅਕਤੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਸੰਗਰੂਰ ਵਿਖੇ ਭੇਜ ਦਿੱਤਾ ਗਿਆ ਹੈ। ਜ਼ਖ਼ਮੀ ਵਿਅਕਤੀਆਂ ਵਿਚ ਹਰਪ੍ਰੀਤ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਦਿਓਗੜ? ਥਾਣਾ ਪਾਤੜਾਂ, ਰਾਹੁਲ ਵਾਸੀ ਪਾਤੜਾਂ ਅਤੇ ਕਰਨਜੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਦਿਓਗੜ੍ਹ ਸ਼ਾਮਲ ਸਨ। ਸਿਟੀ ਇੰਚਾਰਜ ਗੁਰਦੇਵ ਸਿੰਘ ਨੇ ਦੱਸਿਆ ਹੈ ਕਿ ਮ੍ਰਿਤਕ ਵਿਅਕਤੀਆਂ ਦੀ ਲਾਸ਼ਾਂ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਮੂਨਕ ਵਿਖੇ ਭੇਜ ਦਿੱਤੀਆਂ ਹਨ।

## ਨੌਜਵਾਨ ਨੇ ਕੀਤੀ ਖ਼ੁਦਕੁਸ਼ੀ, ਮੌਕੇ ’ਤੇ ਪੁੱਜੀ ਪੁਲਸ

ਬਠਿੰਡਾ, 11 ਮਈ : ਇੱਥੇ ਬਠਿੰਡਾ-ਡੱਬਵਾਲੀ ਰੋਡ ’ਤੇ ਗਣਪਤੀ ਐਨਕਲੇਵ ਦੇ ਪਿੱਛੇ, ਸਾਈਂ ਨਗਰ ’ਚ ਇੱਕ ਨੌਜਵਾਨ ਨੇ ਖ਼ੁਦਕੁਸ਼ੀ ਕਰ ਲਈ। ਜਦੋਂ ਇੱਕ ਆਦਮੀ ਉਸ ਨੂੰ ਬੁਲਾਉਣ ਆਇਆ ਤਾਂ ਦਰਵਾਜ਼ਾ ਅੰਦਰੋਂ ਬੰਦ ਸੀ। ਜਦੋਂ ਉਸਨੇ ਖੜਕਾਇਆ ਤਾਂ ਉਹ ਦਰਵਾਜ਼ਾ ਖੋਲ੍ਹਣ ਲਈ ਉੱਪਰ ਗਿਆ ਤਾਂ ਉੱਪਰ ਨੌਜਵਾਨ ਫ਼ਾਹੇ ਨਾਲ ਲਟਕ ਰਿਹਾ ਸੀ। ਇਸ ਤੋਂ ਬਾਅਦ ਉਸ ਵਲੋਂ ਸਹਾਰਾ ਜਨ ਸੇਵਾ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਣ ’ਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਦੇ ਵਰਕਰ ਸੰਦੀਪ ਗਿੱਲ ਅਤੇ ਵਰਧਮਾਨ ਚੌਂਕੀ ਦੀ ਪੁਲਸ ਮੌਕੇ ’ਤੇ ਪਹੁੰਚੀ। ਪੁਲਸ ਪੜਤਾਲ ਤੋਂ ਬਾਅਦ ਸਹਾਰਾ ਟੀਮ ਨੇ ਮ੍ਰਿਤਕ ਨੂੰ ਹੇਠਾਂ ਉਤਾਰਿਆ ਗਿਆ। ਮ੍ਰਿਤਕ ਦੀ ਪਛਾਣ ਨਿਤਿਨ ਕੁਮਾਰ ਵਜੋਂ ਹੋਈ ਹੈ, ਜੋ ਇਕ ਦਵਾਈ ਫੈਕਟਰੀ ਵਿਚ ਕੰਮ ਕਰਦਾ ਸੀ। ਮ੍ਰਿਤਕ ਉੱਥੇ ਇਕੱਲਾ ਰਹਿੰਦਾ ਸੀ। ਮ੍ਰਿਤਕ ਦਾ ਪਰਿਵਾਰ ਉੱਤਰ ਪ੍ਰਦੇਸ਼ ਵਿਚ ਰਹਿੰਦਾ ਹੈ। ਸਹਾਰਾ ਨੇ ਮ੍ਰਿਤਕ ਦੀ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿਚ ਪਹੁੰਚਾਇਆ।

## ਬਠਿੰਡਾ-ਕੋਟਕਪੂਰਾ ਬਾਈਪਾਸ ’ਤੇ ਚੱਲਦੇ ਟਰੱਕ ਨੂੰ ਲੱਗੀ ਅੱਗ

ਸ੍ਰੀ ਮੁਕਤਸਰ ਸਾਹਿਬ, 11 ਮਈ : ਸਥਾਨਕ ਬਠਿੰਡਾ-ਕੋਟਕਪੂਰਾ ਬਾਈਪਾਸ ਉੱਪਰ ਅੱਜ ਉਸ ਵੇਲੇ ਇਕ ਵੱਡਾ ਹਾਦਸਾ ਟਲ ਗਿਆ ਜਦੋਂ ਬਠਿੰਡਾ ਵੱਲੋਂ ਆ ਰਹੇ ਇਕ ਚੱਲਦੇ ਟਰੱਕ ਦੇ ਇੰਜਣ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਤੇਜ਼ ਸੀ ਕਿ ਵੇਖਦਿਆਂ ਹੀ ਵੇਖਦਿਆਂ ਡਰਾਈਵਿੰਗ ਕੈਬਿਨ ਅਤੇ ਇੰਜਣ ਸੜ ਕੇ ਸੁਆਹ ਹੋ ਗਏ। ਟਰੱਕ ਡਰਾਈਵਰ ਅਨੁਸਾਰ ਉਹ ਬਠਿੰਡਾ ਤੋਂ ਟਰਾਂਸਫਾਰਮਰ ਲੱਦ ਕੇ ਸ੍ਰੀ ਮੁਕਤਸਰ ਸਾਹਿਬ ਦੇ ਬਿਜਲੀ ਘਰ ਵਿਖੇ ਉਤਾਰਨ ਲਈ ਆ ਰਿਹਾ ਸੀ। ਬਠਿੰਡਾ ਤੋਂ ਉਸਨੇ 1500 ਰੁਪਏ ਦੀ ਸੀ.ਐਨ.ਜੀ. (3©7) ਗੈਸ ਵੀ ਪਵਾਈ ਸੀ। ਜਿਵੇਂ ਹੀ ਉਹ ਸਥਾਨਕ ਬਠਿੰਡਾ ਚੌਂਕ ਨੇੜੇ ਪਹੁੰਚਿਆ ਤਾਂ ਅਚਾਨਕ ਇੰਜਣ ਵਿੱਚੋਂ ਧੂੰਆਂ ਨਿਕਲਣ ਲੱਗ ਪਿਆ। ਖ਼ਤਰਾ ਭਾਂਪਦਿਆਂ ਡਰਾਈਵਰ ਨੇ ਤੁਰੰਤ ਟਰੱਕ ਰੋਕਿਆ ਅਤੇ ਫੁਰਤੀ ਨਾਲ ਬਾਹਰ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਜਾਨ ਬਚ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ ’ਤੇ ਪਹੁੰਚੀ ਅਤੇ ਅੱਗ ਉੱਪਰ ਕਾਬੂ ਪਾਇਆ। ਖ਼ਾਸ ਗੱਲ ਇਹ ਰਹੀ ਕਿ ਅੱਗ ਨੂੰ ਟਰੱਕ ਦੀ ਬਾਡੀ ਤੱਕ ਪਹੁੰਚਣ ਤੋਂ ਰੋਕ ਲਿਆ ਗਿਆ। ਟਰੱਕ ਵਿਚ ਬਿਜਲੀ ਦੇ ਕੀਮਤੀ ਟਰਾਂਸਫਾਰਮਰ ਲੱਦੇ ਹੋਏ ਸਨ, ਜੇਕਰ ਅੱਗ ਉੱਥੋਂ ਤੱਕ ਪਹੁੰਚ ਜਾਂਦੀ ਤਾਂ ਭਾਰੀ ਮਾਲੀ ਨੁਕਸਾਨ ਹੋ ਸਕਦਾ ਸੀ।

## ਪੰਜਾਬ ਦੇ ਇਸ ਜ਼ਿਲ੍ਹੇ ’ਚ 4 ਜੁਲਾਈ ਤੱਕ ਲੱਗੀ ਵੱਡੀ ਪਾਬੰਦੀ ! DC ਵੱਲੋਂ ਸਖ਼ਤ ਹੁਕਮ ਜਾਰੀ, ਸੜਕਾਂ ਤੇ ਚੌਕਾਂ ’ਚ

ਨਵਾਂਸ਼ਹਿਰ, 11 ਮਈ : ਨਵਾਂਸ਼ਹਿਰ ਜ਼ਿਲ੍ਹਾ ਵਾਸੀਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਕਾਂ ਵਿਚ ਟ?ਰੈਫਿਕ ਜਾਮ ਲਗਾਉਣ ’ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ ’ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ-ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਰੋਸ ਧਰਨਿਆਂ ਵਾਸਤੇ ਜ਼ਿਲ੍ਹੇ ਦੀਆਂ ਤਿੰਨਾਂ ਸਬ ਡਿਵੀਜ਼ਨਾਂ ਵਿਚ ਸਥਾਨ ਨਿਰਧਾਰਤ ਕੀਤੇ ਗਏ ਹਨ ਅਤੇ ਕੋਈ ਵੀ



ਜਥੇਬੰਦੀ/ਯੂਨੀਅਨ ਇਨ੍ਹਾਂ ਸਥਾਨਾਂ ’ਤੇ ਸਥਾਨਕ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਰੋਸ ਪ੍ਰਦਰਸ਼ਨ ਨਹੀਂ ਕਰ ਸਕੇਗੀ। ਇਨ੍ਹਾਂ ਥਾਵਾਂ ਵਿਚ ਸਬ-ਡਿਵੀਜ਼ਨ ਨਵਾਂਸ਼ਹਿਰ ਵਿਚ ਦੁਸਹਿਰਾ ਗਰਾਊਂਡ ਨਵਾਂਸ਼ਹਿਰ ਅਤੇ ਨਗਰ ਕੌਂਸਲ ਨਵਾਂਸ਼ਹਿਰ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਪਿੰਡ ਗੁਜਰਪੁਰ ਕਲਾਂ ਦਾ ਲਗਭਗ 40 ਕਨਾਲ ਰਕਬਾ ਨੇੜੇ ਰੇਲਵੇ ਫਾਟਕ ਬੰਗਾ ਰੋਡ ਨਵਾਂਸ਼ਹਿਰ, ਸਬ-ਡਵੀਜ਼ਨ ਬੰਗਾ ਵਿਚ ਪੰਚਾਇਤੀ ਰਕਬਾ, ਗ੍ਰਾਮ ਪੰਚਾਇਤ ਪਿੰਡ ਪੂਨੀਆ ਅਤੇ ਸਬ ਡਿਵੀਜ਼ਨ ਬਲਾਚੌਰ ਵਿਖੇ ਮਿਊਂਸਪਲ ਖੇਡ ਮੈਦਾਨ (ਨਜ਼ਦੀਕ ਸਿਵਲ ਹਸਪਤਾਲ) ਜਗਤਪੁਰ ਰੋਡ ਸਿਆਣਾ ਨਿਰਧਾਰਤ ਕੀਤੀਆਂ ਗਈਆਂ ਹਨ। ਨਿਰਧਾਰਤ ਥਾਵਾਂ ’ਤੇ ਮਨਜ਼ੂਰੀ ਲੈਣ ਉਪਰੰਤ ਲਾਊਡ ਸਪੀਕਰ ਦੀ ਮਨਜ਼ੂਰੀ ਸਬੰਧਤ ਐੱਸ. ਡੀ. ਐੱਮ. ਤੋਂ ਲੈਣੀ ਜ਼ਰੂਰੀ ਹੋਵੇਗੀ। ਹੁਕਮਾਂ ਅਨੁਸਾਰ ਨਵਾਂਸ਼ਹਿਰ ਵਿਖੇ ਚੰਡੀਗੜ੍ਹ ਚੌਕ, ਬੱਸ ਅੱਡਾ ਚੌਕ ਅਤੇ ਨਹਿਰੂ ਗੇਟ ਵਿਖੇ ਕਿਸੇ ਵੀ ਤਰ੍ਹਾਂ ਦਾ ਧਰਨਾ/ਆਵਾਜਾਈ ਵਿਚ ਵਿਘਨ ਪਾਉਣ ਦੀ ਵੀ ਮਨਾਹੀ ਹੈ। ਇਸ ਦੇ ਨਾਲ ਹੀ ਤਹਿਸੀਲ ਕੰਪਲੈਕਸਾਂ, ਐੱਸ. ਡੀ. ਐੱਮ. ਕੰਪਲੈਕਸਾਂ ਅਤੇ ਡੀ. ਏ. ਸੀ. ਕੰਪਲੈਕਸ ਵਿਚ ਵੀ ਅਜਿਹੀ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ, ਧਰਨੇ ਲਾਉਣ ਜਾਂ ਲਾਊਡ ਸਪੀਕਰ ਵਜਾਉਣ ’ਤੇ ਵੀ ਮੁਕੰਮਲ ਪਾਬੰਦੀ ਲਾਈ ਗਈ ਹੈ।

## ਬਠਿੰਡਾ-ਕੋਟਕਪੂਰਾ ਬਾਈਪਾਸ ’ਤੇ ਚੱਲਦੇ ਟਰੱਕ ਨੂੰ ਲੱਗੀ ਅੱਗ, ਭਿਆਨਕ ਬਣੇ ਹਾਲਾਤ

ਸ੍ਰੀ ਮੁਕਤਸਰ ਸਾਹਿਬ, 11 ਮਈ : ਸਥਾਨਕ ਬਠਿੰਡਾ-ਕੋਟਕਪੂਰਾ ਬਾਈਪਾਸ ਉੱਪਰ ਅੱਜ ਉਸ ਵੇਲੇ ਇਕ ਵੱਡਾ ਹਾਦਸਾ ਟਲ ਗਿਆ ਜਦੋਂ ਬਠਿੰਡਾ ਵੱਲੋਂ ਆ ਰਹੇ ਇਕ ਚੱਲਦੇ ਟਰੱਕ ਦੇ ਇੰਜਣ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਤੇਜ਼ ਸੀ ਕਿ ਵੇਖਦਿਆਂ ਹੀ ਵੇਖਦਿਆਂ ਡਰਾਈਵਿੰਗ ਕੈਬਿਨ ਅਤੇ ਇੰਜਣ ਸੜ ਕੇ ਸੁਆਹ ਹੋ ਗਏ। ਟਰੱਕ ਡਰਾਈਵਰ ਅਨੁਸਾਰ ਉਹ ਬਠਿੰਡਾ ਤੋਂ ਟਰਾਂਸਫਾਰਮਰ ਲੱਦ ਕੇ ਸ੍ਰੀ ਮੁਕਤਸਰ ਸਾਹਿਬ ਦੇ ਬਿਜਲੀ ਘਰ ਵਿਖੇ ਉਤਾਰਨ ਲਈ ਆ ਰਿਹਾ ਸੀ। ਬਠਿੰਡਾ ਤੋਂ ਉਸਨੇ 1500 ਰੁਪਏ ਦੀ ਸੀ.ਐਨ.ਜੀ. (3©7) ਗੈਸ ਵੀ ਪਵਾਈ ਸੀ। ਜਿਵੇਂ ਹੀ ਉਹ ਸਥਾਨਕ ਬਠਿੰਡਾ ਚੌਂਕ ਨੇੜੇ ਪਹੁੰਚਿਆ ਤਾਂ ਅਚਾਨਕ ਇੰਜਣ ਵਿੱਚੋਂ ਧੂੰਆਂ ਨਿਕਲਣ ਲੱਗ ਪਿਆ। ਖ਼ਤਰਾ ਭਾਂਪਦਿਆਂ ਡਰਾਈਵਰ ਨੇ ਤੁਰੰਤ ਟਰੱਕ ਰੋਕਿਆ ਅਤੇ ਫੁਰਤੀ ਨਾਲ ਬਾਹਰ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਜਾਨ ਬਚ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ ’ਤੇ ਪਹੁੰਚੀ ਅਤੇ ਅੱਗ ਉੱਪਰ ਕਾਬੂ ਪਾਇਆ। ਖ਼ਾਸ ਗੱਲ ਇਹ ਰਹੀ ਕਿ ਅੱਗ ਨੂੰ ਟਰੱਕ ਦੀ ਬਾਡੀ ਤੱਕ ਪਹੁੰਚਣ ਤੋਂ ਰੋਕ ਲਿਆ ਗਿਆ। ਟਰੱਕ ਵਿਚ ਬਿਜਲੀ ਦੇ ਕੀਮਤੀ ਟਰਾਂਸਫਾਰਮਰ ਲੱਦੇ ਹੋਏ ਸਨ, ਜੇਕਰ ਅੱਗ ਉੱਥੋਂ ਤੱਕ ਪਹੁੰਚ ਜਾਂਦੀ ਤਾਂ ਭਾਰੀ ਮਾਲੀ ਨੁਕਸਾਨ ਹੋ ਸਕਦਾ ਸੀ। ਜਿਸ ਥਾਂ ’ਤੇ ਇਹ ਹਾਦਸਾ ਵਾਪਰਿਆ, ਉਸਦੇ ਬਿਲਕੁਲ ਨਜ਼ਦੀਕ ਇਕ ਪੈਟਰੋਲ ਪੰਪ ਵੀ ਸਥਿਤ ਹੈ। ਇਸ ਤੋਂ ਇਲਾਵਾ ਇਸ ਰੋਡ ਉੱਪਰ ਵਾਹਨਾਂ ਦੀ ਅਕਸਰ ਭਾਰੀ ਭੀੜ ਰਹਿੰਦੀ ਹੈ। ਅੱਗ ਲੱਗਣ ਕਾਰਨ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਸੀ। ਮੌਕੇ ’ਤੇ ਪਹੁੰਚੀ ਪੁਲਿਸ ਨੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਆਵਾਜਾਈ ਨੂੰ ਸੁਚਾਰੂ ਬਣਾਇਆ।

## ਪੰਜਾਬ: 15 ਤੋਂ 20 ਅਣਪਛਾਤੇ ਵਿਅਕਤੀਆਂ ਵੱਲੋਂ ਭਾਜਪਾ ਦਫ਼ਤਰ ’ਤੇ ਹਮਲਾ

ਤਰਨਤਾਰਨ, 11 ਮਈ : ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਦਫ਼ਤਰ ’ਤੇ ਦੇਰ ਸ਼ਾਮ ਕਰੀਬ ਡੇਢ ਦਰਜਨ ਅਣਪਛਾਤੇ ਵਿਅਕਤੀਆਂ ਵੱਲੋਂ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹਮਲਾਵਰਾਂ ਨੇ ਬਾਈਪਾਸ ਕੋਲ ਸਥਿਤ ਭਾਜਪਾ ਦੇ ਮੁੱਖ ਦਫ਼ਤਰ ’ਚ ਦਾਖ਼ਲ ਹੋ ਕੇ ਭੰਨਤੋੜ ਕੀਤੀ ਅਤੇ ਦਫ਼ਤਰ ਦੇ ਸ਼ੀਸ਼ੇ ਵੀ ਤੋੜ ਦਿੱਤੇ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਹੜਕੰਪ ਮਚ ਗਿਆ। ਜਾਣਕਾਰੀ ਅਨੁਸਾਰ 15 ਤੋਂ 20 ਅਣਪਛਾਤੇ ਹਮਲਾਵਰ ਅਚਾਨਕ ਦਫ਼ਤਰ ਵਿੱਚ ਦਾਖ਼ਲ ਹੋਏ ਅਤੇ ਉੱਥੇ ਮੌਜੂਦ ਕੁਝ ਬੀਜੇਪੀ ਆਗੂਆਂ ਨਾਲ ਹੱਥੋਂਪਾਈ ਵੀ ਕੀਤੀ। ਘਟਨਾ ਦੀ ਸੂਚਨਾ ਮਿਲਦੇ ਹੀ ਐਸਐਸਪੀ ਸੁਰਿੰਦਰ ਲਾਂਬਾ ਪੁਲਸ ਫੋਰਸ ਸਮੇਤ ਮੌਕੇ ’ਤੇ ਪੁੱਜੇ ਅਤੇ ਸਾਰੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਹਮਲਾਵਰਾਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਸੂਤਰਾਂ ਮੁਤਾਬਕ ਇਸ ਘਟਨਾ ਦੀ ਜਾਣਕਾਰੀ ਦਿੱਲੀ ਸਥਿਤ ਗ੍ਰਹਿ ਮੰਤਰਾਲੇ ਤੱਕ ਵੀ ਪਹੁੰਚ ਗਈ ਹੈ, ਜਿਸ ਕਾਰਨ ਮਾਮਲੇ ਨੂੰ ਕਾਫ਼ੀ ਗੰਭੀਰਤਾ ਨਾਲ ਦੇਖਿਆ ਜਾ ਰਿਹਾ ਹੈ। ਫਿਲਹਾਲ ਪੁਲਸ ਵੱਲੋਂ ਅਣਪਛਾਤੇ ਹਮਲਾਵਰਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ: 20 ਮਈ ਨੂੰ ਦੁਕਾਨਾਂ ਬੰਦ ਦੇ ਐਲਾਨ ਬਾਰੇ ਆ ਗਿਆ ਨਵਾਂ ਫੈਸਲਾ

ਅੰਮ੍ਰਿਤਸਰ, 11 ਮਈ : ਪੰਜਾਬ ਭਰ ਵਿਚ 20 ਮਈ ਨੂੰ ਮੈਡੀਕਲ ਸਟੋਰ ਬੰਦ ਕਰਨ ਦੀ ਕਾਲ ਨੂੰ ਲੈ ਕੇ ਚੱਲ ਰਹੀ ਉਥਲ-ਪੁਥਲ ਵਿਚਕਾਰ ਹੁਣ ਵੱਡਾ ਸਪਸ਼ਟੀਕਰਨ ਸਾਹਮਣੇ ਆ ਗਿਆ ਹੈ। ਪੰਜਾਬ ਕੈਮਿਸਟ ਐਸੋਸੀਏਸ਼ਨ (ਰਜਿ.) ਵੱਲੋਂ ਅੱਜ ਸਾਰੀ ਸਥਿਤੀ ਨੂੰ ਸਾਫ ਕਰਦਿਆਂ ਐਲਾਨ ਕੀਤਾ ਹੈ ਕਿ 20 ਮਈ ਨੂੰ ਸੂਬੇ ਦੇ ਕਿਸੇ ਵੀ ਹਿੱਸੇ ਵਿਚ ਮੈਡੀਕਲ ਸਟੋਰ ਬੰਦ ਨਹੀਂ ਹੋਣਗੇ ਅਤੇ ਸਾਰੇ ਸਟੋਰ ਆਮ ਦਿਨਾਂ ਵਾਂਗ ਖੁੱਲ੍ਹੇ ਰਹਿਣਗੇ। ਇਹ ਮਹੱਤਵਪੂਰਨ ਫੈਸਲਾ ਅੰਮ੍ਰਿਤਸਰ ਦੇ ਮਾਲ ਰੋਡ ਸਥਿਤ ’ਚ ਹੋਈ ਸੂਬਾ ਪੱਧਰੀ ਮੀਟਿੰਗ ਦੌਰਾਨ ਲਿਆ ਗਿਆ, ਜਿਸਦੀ ਅਗਵਾਈ ਪ੍ਰਧਾਨ ਅਸ਼ੋਕ ਗੋਯਲ ਨੇ ਕੀਤੀ। ਮੀਟਿੰਗ ਵਿਚ ਪੰਜਾਬ ਭਰ ਦੇ ਜ਼ਿਲਾ ਪ੍ਰਧਾਨਾਂ, ਜਨਰਲ ਸਕੱਤਰਾਂ ਅਤੇ ਹੋਰ ਅਹੁਦੇਦਾਰਾਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ, ਜਿਸ ਨਾਲ ਇਹ ਫੈਸਲਾ ਪੂਰੀ ਇਕ ਮਤ ਨਾਲ ਪਾਸ ਕੀਤਾ ਗਿਆ। ਪ੍ਰਧਾਨ ਅਸ਼ੋਕ ਗੋਇਲ ਨੇ ਕਿਹਾ ਕਿ ਕੁਝ ਲੋਕਾਂ ਵੱਲੋਂ ਦਿੱਤੀ ਗਈ ਬੰਦ ਦੀ ਕਾਲ ਨਾ ਸਿਰਫ ਗੈਰ-ਜ਼ਿੰਮੇਵਾਰਾਨਾ ਹੈ, ਸਗੋਂ ਜਨਹਿੱਤ ਦੇ ਖਿਲਾਫ ਵੀ ਹੈ। ਕੈਮਿਸਟ ਆਗੂ ਨੇ ਦੋ-ਟੂਕ ਕਿਹਾ ਕਿ ਦਵਾਈਆਂ ਅਤੇ ਸਿਹਤ ਸੇਵਾਵਾਂ ਐਮਰਜੈਂਸੀ ਸੇਵਾਵਾਂ ਹਨ ਅਤੇ ਇਨ੍ਹਾਂ ਨੂੰ ਬੰਦ ਕਰਨਾ ਮਰੀਜ਼ਾਂ ਦੀ ਜ਼ਿੰਦਗੀ ਨਾਲ ਖੇਡਣ ਦੇ ਬਰਾਬਰ ਹੈ।

ਐਸੋਸੀਏਸ਼ਨ ਦੇ ਵਰਕਿੰਗ ਪ੍ਰਧਾਨ ਰਾਜਕੁਮਾਰ ਸ਼ਰਮਾ ਅਤੇ ਜਨਰਲ ਸਕੱਤਰ ਮਨਮੋਹਨ ਸਿੰਘ ਨੇ ਤਿੱਖੇ ਲਹਿਜ਼ੇ ਵਿਚ ਦੋਸ਼ ਲਗਾਇਆ ਕਿ ਕੁਝ ਲੋਕ ਆਪਣੇ ਨਿੱਜੀ ਸਵਾਰਥਾਂ ਅਤੇ ਲੀਡਰੀ ਚਮਕਾਉਣ ਲਈ ਭਾਈਚਾਰੇ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਤੱਤਾਂ ਦੇ ਮੰਸੂਬੇ ਕਦੇ ਕਾਮਯਾਬ ਨਹੀਂ ਹੋਣਗੇ ਅਤੇ ਕੈਮਿਸਟ ਭਾਈਚਾਰਾ ਇਕ ਜੁੱਟ ਹੋ ਕੇ ਇਸ ਦਾ ਮੁਕਾਬਲਾ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੈਮਿਸਟ ਸਿਰਫ ਵਪਾਰੀ ਨਹੀਂ, ਸਗੋਂ ਸਿਹਤ ਸੇਵਾ ਦੇ ਅਹਿਮ ਸਾਥੀ ਹਨ। ਕੋਰੋਨਾ ਮਹਾਮਾਰੀ ਦੌਰਾਨ ਜਦੋਂ ਲੋਕ ਘਰਾਂ ਵਿਚ ਕੈਦ ਸਨ, ਉਸ ਵੇਲੇ ਮੈਡੀਕਲ ਸਟੋਰ ਹੀ ਲੋਕਾਂ ਲਈ ਜੀਵਨ ਰੇਖਾ ਸਾਬਤ ਹੋਏ। ਰਾਤ-ਦਿਨ ਸੇਵਾ ਦੇ ਕੇ ਕੈਮਿਸਟਾਂ ਨੇ ਬੇਮਿਸਾਲ ਮਿਸਾਲ ਕਾਇਮ ਕੀਤੀ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ ਮੈਡੀਕਲ ਸਟੋਰ ਲੋਕਾਂ ਲਈ ਪਹਿਲੀ ਸਹਾਇਤਾ ਦਾ ਕੇਂਦਰ ਹਨ। ਬਹੁਤ ਸਾਰੇ ਮਰੀਜ਼ ਡਾਕਟਰ ਤੱਕ ਪਹੁੰਚਣ ਤੋਂ ਪਹਿਲਾਂ ਕੈਮਿਸਟ ਤੋਂ ਦਵਾਈ ਲੈ ਕੇ ਰਾਹਤ ਪ੍ਰਾਪਤ ਕਰਦੇ ਹਨ। ਅਜਿਹੇ ਵਿਚ ਬੰਦ ਦੀ ਕਾਲ ਦੇਣਾ ਨਾ ਸਿਰਫ ਗਲਤ ਹੈ, ਸਗੋਂ ਮਨੁੱਖਤਾ ਦੇ ਖਿਲਾਫ ਵੀ ਹੈ। ਐਸੋਸੀਏਸ਼ਨ ਨੇ ਸਾਰੇ ਰੀਟੇਲਰ ਅਤੇ ਹੋਲਸੇਲਰ ਕੈਮਿਸਟਾਂ ਨੂੰ ਨਿਰਦੇਸ਼ ਦਿੱਤੇ ਹਨ ਕਿ 20 ਮਈ ਨੂੰ ਜ਼ਰੂਰੀ ਅਤੇ ਜੀਵਨ ਰੱਖਿਆ ਦਵਾਈਆਂ ਦੀ ਉਪਲਬਧਤਾ ਹਰ ਹਾਲਤ ਵਿਚ ਯਕੀਨੀ ਬਣਾਈ ਜਾਵੇ, ਤਾਂ ਜੋ ਕਿਸੇ ਵੀ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਆਗੂਆਂ ਨੇ ਕਿਹਾ ਕਿ ਜੇ ਕੋਈ ਵਿਅਕਤੀ ਜਾਂ ਸੰਗਠਨ ਗਲਤ ਜਾਣਕਾਰੀ ਫੈਲਾਉਂਦਾ ਹੈ ਤਾਂ ਉਸ ਖਿਲਾਫ ਕੜੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਤਰ੍ਹਾਂ ਕੈਮਿਸਟ ਭਾਈਚਾਰੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਲੋਕਾਂ ਦੀ ਸਿਹਤ ਨਾਲ ਸਮਝੌਤਾ ਨਹੀਂ ਕਰੇਗਾ। 20 ਮਈ ਨੂੰ ਦੁਕਾਨਾਂ ਖੁੱਲ੍ਹੀਆਂ ਰੱਖਣ ਦਾ ਫੈਸਲਾ ਜਿੱਥੇ ਜਨਤਾ ਲਈ ਵੱਡੀ ਰਾਹਤ ਹੈ, ਓਥੇ ਹੀ ਇਹ ਨਿੱਜੀ ਸਵਾਰਥਾਂ ਦੀ ਰਾਜਨੀਤੀ ’ਤੇ ਵੀ ਕਰਾਰਾ ਜਵਾਬ ਹੈ। ਮਰੀਜ਼ਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ, ਕੈਮਿਸਟਾਂ ਦੀ ਸਮੱਸਿਆਵਾਂ ਦਾ ਜਲਦ ਹੀ ਵੱਡੇ ਪੱਧਰ ’ਤੇ ਹੱਲ ਕੱਢਿਆ ਜਾਵੇਗਾ। ਮੈਡੀਕਲ ਸਟੋਰਾਂ ਦੀ ਆੜ ਵਿਚ ਆਪਣੀ ਲੀਡਰੀ ਚਮਕਾਉਣ ਵਾਲੇ ਲੀਡਰਾਂ ਦੇ ਨਾਮ ਜਲਦ ਜਗ ਜਾਹਰ ਕੀਤੇ ਜਾਣਗੇ।

ਇਸ ਮੌਕੇ ਦਲੀਪ ਸਿੰਘ, ਹਰਿਸ਼ ਸੇਠੀ, ਵਿਸ਼ਾਲ ਦੇਵਰਾਜ, ਰਾਜਕੁਮਾਰ ਸ਼ਰਮਾ, ਰਾਜਿੰਦਰ ਜੁਨੇਜਾ, ਮਿੱਕੀ ਮਿਗਲਾਨੀ, ਪ੍ਰੇਮ ਗਰਗ, ਨਰਿੰਦਰ ਪਾਲ ਲਾਲੀ, ਗੁਰਸ਼ਰਨ ਸਿੰਘ ਢਿੱਲੋਂ, ਕਿਰਪਾ ਸ਼ੰਕਰ, ਮੋਤੀ ਲਾਲ ਮਿੱਤਲ, ਐਚ.ਐਸ. ਚੰਨੀ, ਪੰਕਜ ਗੁਪਤਾ, ਅਸ਼ੋਕ ਕੁਮਾਰ, ਅਸ਼ੋਕ ਪੁਰੀ, ਕਪਿਲ ਅਰੋੜਾ, ਅਸ਼ੋਕ ਗੋਯਲ, ਮਨਮੋਹਨ ਸਿੰਘ, ਰਾਕੇਸ਼ ਕੁਮਾਰ (ਭਿਖੀ), ਮਹੇਸ਼ ਇੰਦਰਜੀਤ ਸਿੰਘ, ਅਕਿਲੇਸ ਸ਼ਰਮਾ ਆਦਿ ਪੰਜਾਬ ਭਰ ਵਿਚ ਆਏ ਆਗੂ ਅਤੇ ਕੈਮਿਸਟ ਮੌਜੂਦ ਸਨ।

## ਨਗਰ ਕੌਂਸਲ ਚੋਣਾਂ ਨੂੰ ਲੈ ਕੇ ਭਾਜਪਾ ਦੀ ਹੋਈ ਮੀਟਿੰਗ

ਖਰੜ, 11 ਮਈ : ਨਗਰ ਕੌਂਸਲ ਚੋਣਾਂ ਸਬੰਧੀ ਭਾਰਤੀ ਜਨਤਾ ਪਾਰਟੀ ਮੰਡਲ ਸਿਟੀ ਖਰੜ ਵੱਲੋਂ ਮੀਟਿੰਗ ਚੋਣ ਇੰਚਾਰਜ ਖਰੜ ਚਰਨਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਰਾਕੇਸ਼ ਕੁਮਾਰ ਗੁਪਤਾ ਪ੍ਰਧਾਨ ਮੰਡਲ ਸਿਟੀ ਖਰੜ ਦੇ ਦਫ਼ਤਰ ਵਿਖੇ ਹੋਈ। ਮੀਟਿੰਗ ਦੌਰਾਨ ਨਗਰ ਕੌਂਸਲ ਚੋਣਾਂ ਲਈ ਸੰਭਾਵਿਤ ਉਮੀਦਵਾਰਾਂ ਦੇ ਨਾਮਾਂ ’ਤੇ ਵਿਸਥਾਰ ਪੂਰਵਕ ਚਰਚਾ ਅਤੇ ਪੜਤਾਲ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਅਤੇ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਅਰਜ਼ੀ-ਪੱਤਰ ਜਮ?ਹਾਂ ਕਰਵਾਏ। ਉਮੀਦਵਾਰਾਂ ਦੇ ਇੰਟਰਵਿਊ ਅਤੇ ਚੋਣ ਪ੍ਰਕਿਰਿਆ ਦੌਰਾਨ ਚੋਣ ਇੰਚਾਰਜ ਚਰਨਜੀਤ ਦੇ ਨਾਲ ਸੁਖਵਿੰਦਰ ਸਿੰਘ ਗੋਲਡੀ, ਰਣਜੀਤ ਸਿੰਘ ਗਿੱਲ, ਕਮਲਦੀਪ ਸੈਣੀ, ਮਿਲੀ ਗਰਗ, ਜਗਦੀਪ ਔਜਲਾ, ਨਰਿੰਦਰ ਰਾਣਾ, ਪਵਨ ਮਨੋਚਾ, ਰਾਕੇਸ਼ ਕੁਮਾਰ ਗੁਪਤਾ, ਰਾਮ ਗੋਪਾਲ ਅਤੇ ਦੇਵਿੰਦਰ ਗੁਪਤਾ ਚਰਨਜੀਤ ਸਿੰਘ ਕਲੇਰਵਾਲ ਹਾਜ਼ਰ ਸਨ।

## ਪੰਜਾਬ ਸਰਹੱਦ ’ਤੇ ਖ਼ਤਰਨਾਕ ਸਾਜ਼ਿਸ਼ ! ਨਾਬਾਲਗਾਂ ਨੂੰ ਤਸਕਰੀ ਦੇ ਜਾਲ ’ਚ ਫਸਾ ਰਿਹਾ ਪਾਕਿਸਤਾਨ

ਅੰਮ੍ਰਿਤਸਰ, 11 ਮਈ : ਪਾਕਿਸਤਾਨੀ ਤਸਕਰ ਹੁਣ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ’ਚ ਨਾਬਾਲਗਾਂ ਨੂੰ ਆਪਣੇ ਨੈੱਟਵਰਕ ’ਚ ਦਾਖਲ ਕਰ ਰਹੇ ਹਨ। ਸੁਰੱਖਿਆ ਏਜੰਸੀਆਂ ਅਤੇ ਪੰਜਾਬ ਪੁਲਸ ਵੱਲੋਂ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਹੈ ਕਿ ਗਰੀਬ ਪਰਿਵਾਰਾਂ ਦੇ ਛੋਟੀ ਉਮਰ ਦੇ ਬੱਚਿਆਂ ਨੂੰ ਲੁਭਾਇਆ ਜਾ ਰਿਹਾ ਹੈ ਅਤੇ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਲਈ ਵਰਤਿਆ ਜਾ ਰਿਹਾ ਹੈ। ਪਾਕਿਸਤਾਨੀ ਹੈਂਡਲਰ ਇੰਟਰਨੈੱਟ ਮੀਡੀਆ, ਮੋਬਾਈਲ ਗੇਮਿੰਗ ਐਪਸ ਅਤੇ ਸਥਾਨਕ ਸੰਪਰਕਾਂ ਰਾਹੀਂ ਨਾਬਾਲਗਾਂ ਤੱਕ ਪਹੁੰਚ ਕਰ ਰਹੇ ਹਨ। ਉਨ੍ਹਾਂ ਨੂੰ ਕੁਝ ਹਜ਼ਾਰ ਰੁਪਏ ਦਾ ਲਾਲਚ ਦੇ ਕੇ ਖੇਤਾਂ ਵਿੱਚ ਡਰੋਨ ਦੁਆਰਾ ਸੁੱਟੇ ਗਏ ਪੈਕੇਟ ਚੁੱਕਣ ਅਤੇ ਅੱਗੇ ਪਹੁੰਚਾਉਣ ਲਈ ਲਗਾਇਆ ਜਾਂਦਾ ਹੈ। ਬੱਚਿਆਂ ਨੂੰ ਇਹ ਵੀ ਨਹੀਂ ਦੱਸਿਆ ਜਾਂਦਾ ਕਿ ਪੈਕੇਟਾਂ ਵਿੱਚ ਹੈਰੋਇਨ, ਹਥਿਆਰ ਜਾਂ ਵਿਸਫੋਟਕ ਹਨ।

ਸੁਰੱਖਿਆ ਏਜੰਸੀਆਂ ਦੇ ਅਨੁਸਾਰ, ਹਾਲ ਹੀ ਦੇ ਮਹੀਨਿਆਂ ’ਚ ਅੰਮ੍ਰਿਤਸਰ, ਫਾਜ਼ਿਲਕਾ, ਬਟਾਲਾ, ਫਿਰੋਜ਼ਪੁਰ ਅਤੇ ਤਰਨਤਾਰਨ ਖੇਤਰਾਂ ਵਿੱਚ ਕਈ ਨਾਬਾਲਗਾਂ ਨੂੰ ਫੜਿਆ ਗਿਆ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਨਾਬਾਲਗ ਪਾਕਿਸਤਾਨ-ਅਧਾਰਤ ਤਸਕਰਾਂ ਜਾਂ ਉਨ੍ਹਾਂ ਦੇ ਭਾਰਤੀ ਨੈੱਟਵਰਕ ਨਾਲ ਸਿੱਧੇ ਸੰਪਰਕ ਵਿੱਚ ਸਨ। ਸੀਮਾ ਸੁਰੱਖਿਆ ਬਲ ਅਤੇ ਹੋਰ ਸੁਰੱਖਿਆ ਏਜੰਸੀਆਂ ਨੇ ਹੁਣ ਸਰਹੱਦੀ ਪਿੰਡਾਂ ਵਿੱਚ ਸ਼ੱਕੀ ਨਾਬਾਲਗਾਂ ’ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ।

# ਸੋਮਨਾਥ ਅਤੇ ਭਾਰਤ ਦਾ ਅਜੇਤੂ ਜਜ਼ਬਾ

ਨਵੀਂ ਦਿੱਲੀ- 11 ਮਈ, ਸਾਲ 2026 ਦੀ ਸ਼ੁਰੂਆਤ 'ਚ ਮੈਨੂੰ 'ਸੋਮਨਾਥ ਸਵਾਭਿਮਾਨ ਪਰਵ' 'ਚ ਸ਼ਾਮਲ ਹੋਣ ਦਾ ਸੁਭਾਗ ਮਿਲਿਆ। ਇਹ ਸੋਮਨਾਥ ਮੰਦਰ 'ਤੇ ਹੋਏ ਪਹਿਲੇ ਹਮਲੇ ਦੇ 1000 ਸਾਲ ਬਾਅਦ ਵੀ ਮੰਦਰ ਦੇ ਸਦੀਵੀ ਅਤੇ ਅਵਿਨਾਸ਼ੀ ਹੋਣ ਦਾ ਉਤਸਵ ਸੀ। ਹੁਣ 11 ਮਈ ਨੂੰ ਮੈਨੂੰ ਇਕ ਵਾਰ ਫਿਰ ਸੋਮਨਾਥ ਜਾਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਇਸ ਵਾਰ ਇਹ ਯਾਤਰਾ ਮੁੜ-ਨਿਰਮਿਤ ਸੋਮਨਾਥ ਮੰਦਰ ਦੇ ਲੋਕ ਅਰਪਣ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ ਹੈ। ਮੈਂ ਉਸ ਪਲ ਨੂੰ ਫਿਰ ਜਿਊਣ ਜਾ ਰਿਹਾ ਹਾਂ, ਜਦੋਂ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਜੀ ਨੇ ਮੰਦਰ ਦਾ ਉਦਘਾਟਨ ਕੀਤਾ ਸੀ। ਉਸ ਦਿਨ, ਸੋਮਨਾਥ 'ਚ ਵਿਨਾਸ਼ ਤੋਂ ਸਿਰਜਣਾ ਤੱਕ ਦੀ ਯਾਤਰਾ ਫਿਰ ਤੋਂ ਜੀਵੰਤ ਹੋਵੇਗੀ। 6 ਮਹੀਨਿਆਂ ਦੇ ਅੰਦਰ ਸੋਮਨਾਥ ਦੇ ਇਤਿਹਾਸ ਨਾਲ ਜੁੜੇ ਇਨ੍ਹਾਂ ਦੋ ਅਤਿ ਮਹੱਤਵਪੂਰਨ ਪੜਾਵਾਂ ਦਾ ਗਵਾਹ ਬਣਨਾ ਮੇਰੇ ਲਈ ਬਹੁਤ ਸੁਭਾਗ ਦੀ ਗੱਲ ਹੈ।

ਸੋਮਨਾਥ ਸਿਰਫ ਇਕ ਮੰਦਰ ਨਹੀਂ, ਸਾਡੀ ਸੱਭਿਅਤਾ ਦਾ ਅਟੁੱਟ ਸੰਕਲਪ ਹੈ। ਇਸ ਦੇ ਸਾਹਮਣੇ ਲਹਿਰਾਉਂਦਾ ਵਿਸ਼ਾਲ ਸਮੁੰਦਰ ਅਨੰਤ ਕਾਲ ਦਾ ਅਹਿਸਾਸ ਕਰਵਾਉਂਦਾ ਹੈ। ਇਸ ਦੀਆਂ ਲਹਿਰਾਂ ਸਾਨੂੰ ਸਿਖਾਉਂਦੀਆਂ ਹਨ ਕਿ ਤੂਫਾਨ ਚਾਹੇ ਕਿੰਨਾ ਵੀ ਭਿਆਨਕ ਕਿਉਂ ਨਾ ਹੋਵੇ, ਮਨੁੱਖ ਦੀ ਹਿੰਮਤ ਅਤੇ ਆਤਮ-ਬਲ ਹਰ ਵਾਰ ਫਿਰ ਤੋਂ ਉੱਠ ਖੜ੍ਹਾ ਹੋਣ 'ਚ ਸਮਰੱਥ ਹੈ। ਕੰਢੇ ਨਾਲ ਟਕਰਾਉਂਦੀਆਂ ਲਹਿਰਾਂ ਸਦੀਆਂ ਤੋਂ ਇਹ ਐਲਾਨ ਕਰ ਰਹੀਆਂ ਹਨ ਕਿ ਮਨੁੱਖੀ ਚੇਤਨਾ ਨੂੰ ਲੰਬੇ ਸਮੇਂ ਤੱਕ ਦਬਾਇਆ ਨਹੀਂ ਜਾ ਸਕਦਾ।

ਸਾਡੇ ਪ੍ਰਾਚੀਨ ਸ਼ਾਸਤਰਾਂ 'ਚ ਲਿਖਿਆ ਹੈ : ਪ੍ਰਭਾਸੰ ਚ ਪਰਿਕ੍ਰਮਯ ਪ੍ਰਿਥੀਵੀਕ੍ਰਮਸੰਭਵਮ?। ਅਰਥਾਤ ਦਿਵਯ ਪ੍ਰਭਾਸ (ਸੋਮਨਾਥ) ਦੀ ਪਰਿਕਰਮਾ ਪੂਰੀ ਧਰਤੀ ਦੀ ਪਰਿਕਰਮਾ ਦੇ ਬਰਾਬਰ ਹੈ! ਜਦੋਂ ਲੋਕ ਇੱਥੇ ਦਰਸ਼ਨ-ਪੂਜਾ ਲਈ ਆਉਂਦੇ ਹਨ, ਉਦੋਂ ਉਨ੍ਹਾਂ ਨੂੰ ਉਸ ਸੱਭਿਅਤਾ ਦੀ ਅਦਭੁਤ ਨਿਰੰਤਰਤਾ ਦਾ ਵੀ ਅਨੁਭਵ ਹੁੰਦਾ ਹੈ, ਜਿਸ ਦੀ ਜੋਤ ਕਦੇ ਬੁਝਾਈ ਨਹੀਂ ਜਾ ਸਕੀ। ਕਈ ਸਾਮਰਾਜ ਆਏ ਅਤੇ ਗਏ, ਸਮਾਂ ਬਦਲਿਆ ਅਤੇ ਇਤਿਹਾਸ ਨੇ ਕਈ ਉਤਰਾਅ-ਚੜ੍ਹਾਅ ਦੇਖੇ, ਫਿਰ ਵੀ ਸੋਮਨਾਥ ਸਾਡੇ ਹਿਰਦੇ 'ਚ ਹਮੇਸ਼ਾ ਬਣਿਆ ਰਿਹਾ।

ਇਹ ਸਮਾਂ ਉਨ੍ਹਾਂ ਅਣਗਿਣਤ ਮਹਾਨ ਸ਼ਖ਼ਸੀਅਤਾਂ ਨੂੰ ਯਾਦ ਕਰਨ ਦਾ ਵੀ ਹੈ, ਜੋ ਜ਼ਾਲਮ ਹਮਲਾਵਰਾਂ ਦੇ ਸਾਹਮਣੇ ਅਡੋਲ ਰਹੇ। ਲਕੁਲੀਸ਼ ਅਤੇ ਸੋਮ ਸ਼ਰਮਾ ਵਰਗੇ ਮਨੀਸ਼ੀਆਂ ਨੇ ਪ੍ਰਭਾਸ ਨੂੰ ਸ਼ੈਵ ਦਰਸ਼ਨ ਦਾ ਮਹਾਨ ਕੇਂਦਰ ਬਣਾਇਆ। ਚੱਕਰਵਰਤੀ ਮਹਾਰਾਜ ਧਾਰਸੇਨ ਚੌਥੇ ਨੇ ਸਦੀਆਂ ਪਹਿਲਾਂ ਉੱਥੇ ਦੂਜਾ ਮੰਦਰ ਬਣਵਾਇਆ ਸੀ। ਸਮੇਂ ਦੀ ਮੁਸ਼ਕਲ ਪ੍ਰੀਖਿਆ ਦੇ ਵਿਚਾਲੇ ਭੀਮ ਪਹਿਲਾ, ਜੈਪਾਲ ਅਤੇ ਆਨੰਦਪਾਲ ਵਰਗੇ ਸ਼ਾਸਕਾਂ ਨੇ ਹਮਲਿਆਂ ਵਿਰੁੱਧ ਆਪਣੀ ਸੱਭਿਅਤਾ ਦੀ ਢਾਲ ਬਣ ਕੇ ਮੰਦਰ ਦੀ ਰੱਖਿਆ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਮਹਾਨ ਰਾਜਾ ਭੋਜ ਨੇ ਵੀ ਇਸ ਪਵਿੱਤਰ ਸਥਾਨ ਦੇ ਮੁੜ-ਨਿਰਮਾਣ 'ਚ ਆਪਣਾ ਅਮੁੱਲ ਯੋਗਦਾਨ ਦਿੱਤਾ



ਸੀ। ਕਰਨਦੇਵ ਸੋਲੰਕੀ ਅਤੇ ਜੈ ਸਿੰਘ ਸਿੱਧਰਾਜ ਨੇ ਗੁਜਰਾਤ ਦੀ ਰਾਜਨੀਤਕ ਅਤੇ ਸੱਭਿਆਚਾਰਕ ਸ਼ਕਤੀ ਨੂੰ ਮੁੜ-ਸਥਾਪਿਤ ਕਰਨ 'ਚ ਅਹਿਮ ਭੂਮਿਕਾ ਨਿਭਾਈ।

ਭਾਵ ਬ੍ਰਹਸਪਤੀ, ਕੁਮਾਰਪਾਲ ਸੋਲੰਕੀ ਅਤੇ ਪਾਸ਼ੂਪਤਾਚਾਰੀਆ ਨੇ ਇਸ ਤੀਰਥ ਨੂੰ ਅਰਾਧਨਾ ਅਤੇ ਗਿਆਨ ਦੇ ਕੇਂਦਰ ਵਜੋਂ ਸਥਾਪਿਤ ਕਰਨ 'ਚ ਅਮੁੱਲ ਯੋਗਦਾਨ ਦਿੱਤਾ। ਵਿਸ਼ਾਲਦੇਵ ਵਾਘੇਲਾ ਅਤੇ ਤ੍ਰਿਪੁਰਾਂਤਕ ਨੇ ਇਸ ਦੀਆਂ ਬੌਧਿਕ ਅਤੇ ਅਧਿਆਤਮਿਕ ਪਰੰਪਰਾਵਾਂ ਦੀ ਰੱਖਿਆ ਕੀਤੀ। ਮਹੀਪਾਲ ਚੂੜਾਸਮਾ ਅਤੇ ਰਾਓ ਖੰਗਾਰ ਚੂੜਾਸਮਾ ਨੇ ਵਿਨਾਸ਼ ਤੋਂ ਬਾਅਦ ਪੂਜਾ-ਪਾਠ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਪੁੰਨ-ਸ਼ਲੋਕ ਅਹਿਲਿਆਬਾਈ ਹੋਲਕਰ, ਜਿਨ੍ਹਾਂ ਦੀ 300ਵੀਂ ਜਯੰਤੀ ਮਨਾਈ ਜਾ ਰਹੀ ਹੈ, ਉਨ੍ਹਾਂ ਨੇ ਸਭ ਤੋਂ ਚੁਣੌਤੀਪੂਰਨ ਸਮੇਂ 'ਚ ਵੀ ਭਗਤੀ ਦੀ ਪਰੰਪਰਾ ਨੂੰ ਜੀਵੰਤ ਰੱਖਿਆ। ਬੜੌਦਾ ਦੇ ਗਾਇਕਵਾੜਾਂ ਨੇ ਤੀਰਥ ਯਾਤਰੀਆਂ ਦੇ ਅਧਿਕਾਰਾਂ ਦੀ ਰੱਖਿਆ ਕੀਤੀ। ਇਸ ਦੇ ਨਾਲ ਹੀ ਸਾਡੀ ਇਹ ਧਰਤੀ ਵੀਰ ਹਮੀਰਜੀ ਗੋਹਿਲ, ਵੀਰ ਵੇਗੜਾਜੀ ਭੀਲ ਵਰਗੇ ਸੂਰਮਿਆਂ ਨਾਲ ਧੰਨ ਹੋਈ ਹੈ। ਉਨ੍ਹਾਂ ਦੇ ਸਾਹਸ ਅਤੇ ਬਲੀਦਾਨ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ।

1940 ਦੇ ਦਹਾਕੇ 'ਚ ਆਜ਼ਾਦੀ ਦੀ ਭਾਵਨਾ ਪੂਰੇ ਭਾਰਤ 'ਚ ਫੈਲ ਰਹੀ ਸੀ। ਸਰਦਾਰ ਪਟੇਲ ਵਰਗੇ ਮਹਾਨ ਨੇਤਾਵਾਂ ਦੀ ਅਗਵਾਈ 'ਚ ਆਜ਼ਾਦ ਭਾਰਤ ਦੀ ਨੀਂਹ ਰੱਖੀ ਜਾ ਰਹੀ ਸੀ। ਅਜਿਹੇ 'ਚ ਇਕ ਗੱਲ ਜੋ ਉਨ੍ਹਾਂ ਨੂੰ ਬਹੁਤ ਦੁਖੀ ਕਰਦੀ ਸੀ, ਉਹ ਸੀ ਸੋਮਨਾਥ ਦੀ ਦੁਰਦਸ਼ਾ। 13 ਨਵੰਬਰ, 1947 ਨੂੰ ਦੀਵਾਲੀ ਦੇ ਸਮੇਂ, ਉਨ੍ਹਾਂ ਨੇ ਸੋਮਨਾਥ ਦੇ ਖੰਡਰਾਂ ਸਾਹਮਣੇ ਖੜ੍ਹੇ ਹੋ ਕੇ, ਸਮੁੰਦਰ ਦਾ ਜਲ ਹੱਥ 'ਚ ਲੈ ਕੇ ਸੰਕਲਪ ਲਿਆ, "ਇਸ (ਗੁਜਰਾਤੀ) ਨਵੇਂ ਸਾਲ 'ਤੇ ਸਾਡਾ ਨਿਸ਼ਚਾ ਹੈ ਕਿ ਸੋਮਨਾਥ ਦਾ ਮੁੜ-ਨਿਰਮਾਣ ਹੋਵੇਗਾ। ਇਹ ਇਕ ਪਵਿੱਤਰ ਕਾਰਜ ਹੈ, ਜਿਸ 'ਚ ਹਰ ਕਿਸੇ ਨੂੰ ਭਾਗੀਦਾਰੀ ਨਿਭਾਉਣੀ ਹੋਵੇਗੀ।" ਉਨ੍ਹਾਂ ਦੇ ਇਸ ਸੱਦੇ ਨੇ ਸਿਰਫ਼ ਗੁਜਰਾਤ ਹੀ ਨਹੀਂ, ਸਗੋਂ ਸੰਪੂਰਨ ਭਾਰਤ ਨੂੰ ਨਵੇਂ ਉਤਸ਼ਾਹ ਨਾਲ ਭਰ ਦਿੱਤਾ।ਬਦਕਿਸਮਤੀ ਨਾਲ, ਸਰਦਾਰ ਪਟੇਲ ਆਪਣੇ ਉਸ ਸੁਪਨੇ ਨੂੰ ਸਾਕਾਰ ਹੁੰਦਾ ਨਹੀਂ ਦੇਖ ਸਕੇ, ਜਿਸ ਲਈ ਉਨ੍ਹਾਂ ਨੇ ਆਪਣੇ-ਆਪ ਨੂੰ ਸਮਰਪਿਤ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਹੀ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਇਸ ਦੇ ਬਾਵਜੂਦ, ਪ੍ਰਭਾਸ ਪਾਟਨ ਦੀ ਪਵਿੱਤਰ ਧਰਤੀ 'ਤੇ ਉਨ੍ਹਾਂ ਦਾ ਪ੍ਰਭਾਵ ਨਿਰੰਤਰ ਮਹਿਸੂਸ ਕੀਤਾ ਜਾਂਦਾ ਰਿਹਾ। 1951 'ਚ ਮੰਦਰ ਦਾ ਮੁੜ-ਨਿਰਮਾਣ ਪੂਰਾ ਹੋਣ 'ਤੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੂੰ ਉਦਘਾਟਨ ਲਈ ਸੱਦਿਆ ਗਿਆ।

ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦੇ ਵਿਰੋਧ ਦੇ ਬਾਵਜੂਦ, ਡਾ. ਪ੍ਰਸਾਦ ਨੇ ਸਮਾਰੋਹ 'ਚ ਹਿੱਸਾ ਲੈ ਕੇ ਇਸ ਨੂੰ ਇਤਿਹਾਸਕ ਬਣਾ ਦਿੱਤਾ।

ਮੈਨੂੰ ਅਕਤੂਬਰ 2001 ਦਾ ਉਹ ਸਮਾਂ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ, ਜਦੋਂ ਮੈਂ ਮੁੱਖ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲੀ ਸੀ। 31 ਅਕਤੂਬਰ, 2001 ਨੂੰ ਸਰਦਾਰ ਪਟੇਲ ਦੀ ਜਯੰਤੀ ਦੇ ਮੌਕੇ 'ਤੇ ਗੁਜਰਾਤ ਸਰਕਾਰ ਨੇ ਸੋਮਨਾਥ ਮੰਦਰ ਦੇ ਮੁੜ-ਨਿਰਮਾਣ ਦੀ 50ਵੀਂ ਵਰ੍ਹੇਗੰਢ ਦਾ ਸ਼ਾਨਦਾਰ ਆਯੋਜਨ ਕੀਤਾ। ਇਸੇ ਸਮੇਂ ਸਰਦਾਰ ਪਟੇਲ ਦੀ 125ਵੀਂ ਜਯੰਤੀ ਵੀ ਮਨਾਈ ਜਾ ਰਹੀ ਸੀ। ਇਸ ਪ੍ਰੋਗਰਾਮ 'ਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜੀ ਅਤੇ ਤਤਕਾਲੀ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਜੀ ਦੀ ਮੌਜੂਦਗੀ ਨੇ ਇਸ ਨੂੰ ਹੋਰ ਵੀ ਮਾਣਮੱਤਾ ਬਣਾ ਦਿੱਤਾ।

11 ਮਈ, 1951 ਨੂੰ ਆਪਣੇ ਭਾਸ਼ਣ 'ਚ ਡਾ. ਰਾਜਿੰਦਰ ਪ੍ਰਸਾਦ ਨੇ ਕਿਹਾ ਸੀ ਕਿ ਸੋਮਨਾਥ ਮੰਦਰ ਦੁਨੀਆ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਅਦੁੱਤੀ ਸ਼ਰਧਾ ਅਤੇ ਵਿਸ਼ਵਾਸ ਨੂੰ ਕਦੇ ਨਸ਼ਟ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਇਹ ਮੰਦਰ ਹਮੇਸ਼ਾ ਲੋਕਾਂ ਦੇ ਹਿਰਦੇ 'ਚ ਵਸਿਆ ਰਹੇਗਾ।

# ਪ੍ਰੋਟੋਟਾਇਪ ਫਾਸਟ ਬ੍ਰੀਡਰ ਰਿਐਕਟਰ : ਵਿਕਸਿਤ ਭਾਰਤ ਦੀ ਊਰਜਾ ਨੀਂਹ ਦਾ ਮਜ਼ਬੂਤ ਥੰਮ੍ਹ

ਨਵੀਂ ਦਿੱਲੀ- 11 ਮਈ, ਭਾਰਤ ਨੇ 6 ਅਪ੍ਰੈਲ, 2026 ਨੂੰ ਜਦੋਂ 500 ਮੈਗਾਵਾਟ ਸਮਰੱਥਾ ਵਾਲੇ ਪ੍ਰੋਟੋਟਾਈਪ ਫਾਸਟ ਬ੍ਰੀਡਰ ਰਿਐਕਟਰ (ਪੀ.ਐੱਫ.ਬੀ.ਆਰ.) ਰਾਹੀਂ ਪਹਿਲੀ 'ਕ੍ਰਿਟੀਕੈਲਿਟੀ' ਪ੍ਰਾਪਤ ਕੀਤੀ, ਉਹ ਸਿਰਫ਼ ਇਕ ਵਿਗਿਆਨਕ ਪ੍ਰਾਪਤੀ ਦਾ ਪਲ ਨਹੀਂ ਸੀ, ਸਗੋਂ ਇਕ ਲੰਮੇ ਸਮੇਂ ਦੀ ਰਾਸ਼ਟਰੀ ਦੂਰਅੰਦੇਸ਼ੀ ਦੇ ਸਾਕਾਰ ਹੋਣ ਦਾ ਪ੍ਰਤੀਕ ਵੀ ਸੀ। ਦਹਾਕਿਆਂ ਪਹਿਲਾਂ ਮਹਾਨ ਵਿਗਿਆਨੀ ਹੋਮੀ ਜਹਾਂਗੀਰ ਭਾਭਾ ਦੁਆਰਾ ਪੇਸ਼ ਕੀਤੇ ਗਏ ਤਿੰਨ-ਪੜਾਵੀ ਪ੍ਰਮਾਣੂ ਊਰਜਾ ਪ੍ਰੋਗਰਾਮ ਦੀ ਇਹ ਫੈਸਲਾਕੁੰਨ ਕੜੀ ਅੱਜ ਭਾਰਤ ਨੂੰ ਊਰਜਾ ਆਤਮਨਿਰਭਰਤਾ ਦੀ ਦਿਸ਼ਾ 'ਚ ਇਕ ਨਵੇਂ ਯੁੱਗ 'ਚ ਪ੍ਰਵੇਸ਼ ਕਰਵਾਉਂਦੀ ਹੈ।

ਫਾਸਟ ਬ੍ਰੀਡਰ ਰਿਐਕਟਰ ਦੀ ਵਿਲੱਖਣਤਾ ਸਿਰਫ਼ ਇਕ ਤਕਨੀਕੀ ਵਿਸ਼ੇਸ਼ਤਾ ਨਹੀਂ, ਸਗੋਂ ਸਰੋਤਾਂ ਦੇ ਸੰਕਟ ਨਾਲ ਜੂਝ ਰਹੀ ਦੁਨੀਆ ਲਈ ਇਕ ਰਣਨੀਤਕ ਹੱਲ ਹੈ। ਇਸ ਤਕਨੀਕ 'ਚ ਜਿੰਨਾ ਬਾਲਣ ਖ਼ਰਚ ਕੀਤਾ ਜਾਂਦਾ ਹੈ, ਉਸ ਤੋਂ ਵੱਧ ਪੈਦਾ ਹੁੰਦਾ ਹੈ। ਯੂਰੇਨੀਅਮ-238 ਨੂੰ ਪਲੂਟੋਨੀਅਮ-239 'ਚ ਤਬਦੀਲ ਕਰਨ ਦੀ ਸਮਰੱਥਾ ਅਤੇ ਭਵਿੱਖ 'ਚ ਥੋਰੀਅਮ-232 ਤੋਂ ਯੂਰੇਨੀਅਮ-233 ਦਾ ਉਤਪਾਦਨ ਹੋਵੇਗਾ। ਇਹ ਪ੍ਰਾਪਤੀ ਭਾਰਤ ਨੂੰ ਉਸ ਦੇ ਯੂਰੇਨੀਅਮ ਭੰਡਾਰਾਂ ਦੇ ਆਧਾਰ 'ਤੇ ਊਰਜਾ ਦੇ ਖੇਤਰ 'ਚ ਲੰਬੇ ਸਮੇਂ ਦੀ ਸਥਿਰਤਾ ਪ੍ਰਦਾਨ ਕਰੇਗੀ।

ਇਹ ਪ੍ਰਾਪਤੀ ਭਾਰਤ ਨੂੰ ਵਿਸ਼ਵ ਪ੍ਰਮਾਣੂ ਤਕਨਾਲੋਜੀ ਦੇ ਨਕਸ਼ੇ 'ਤੇ ਇਕ ਵਿਸ਼ੇਸ਼ ਸਥਾਨ ਪ੍ਰਦਾਨ ਕਰਦੀ ਹੈ। ਰੂਸ ਤੋਂ ਬਾਅਦ ਇਸ ਗੁੰਝਲਦਾਰ ਤਕਨੀਕ ਨੂੰ ਸਫਲਤਾਪੂਰਵਕ ਅਪਣਾਉਣ ਵਾਲਾ ਭਾਰਤ ਵਿਸ਼ਵ ਦਾ ਦੂਜਾ ਦੇਸ਼ ਬਣ ਗਿਆ ਹੈ। ਇਸ ਸਫਲਤਾ ਦੇ ਪਿੱਛੇ ਸਵਦੇਸ਼ੀ ਸੰਸਥਾਵਾਂ ਦੀ ਮਜ਼ਬੂਤ ਭੂਮਿਕਾ ਵੀ ਜ਼ਿਕਰਯੋਗ ਹੈ। ਇੰਦਰਾ ਗਾਂਧੀ ਪ੍ਰਮਾਣੂ ਖੋਜ ਕੇਂਦਰ ਦੁਆਰਾ ਵਿਕਸਿਤ ਡਿਜ਼ਾਈਨ ਅਤੇ ਭਾਰਤੀ ਪ੍ਰਮਾਣੂ ਬਿਜਲੀ ਨਿਗਮ ਲਿਮਟਿਡ (ਭਵਿਨੀ) ਦੁਆਰਾ ਨਿਰਮਿਤ ਅਤੇ ਸੰਚਾਲਿਤ ਇਹ ਰਿਐਕਟਰ 'ਆਤਮਨਿਰਭਰ ਭਾਰਤ' ਦੇ ਸੰਕਲਪ ਨੂੰ ਵਿਵਹਾਰਕ ਧਰਾਤਲ 'ਤੇ ਉਤਾਰਦਾ ਹੈ। ਉੱਚ ਤਾਪਮਾਨ 'ਤੇ ਕੰਮ ਕਰਨ ਵਾਲੀ 'ਸੋਡੀਅਮ ਕੂਲਡ' ਤਕਨੀਕ ਵਰਗੀਆਂ ਪੇਚੀਦਗੀਆਂ 'ਤੇ ਜਿੱਤ ਪ੍ਰਾਪਤ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਭਾਰਤ ਦੀ ਇੰਜੀਨੀਅਰਿੰਗ ਅਤੇ ਖੋਜ ਸਮਰੱਥਾ ਹੁਣ ਵਿਸ਼ਵ ਪੱਧਰ ਦੇ ਮਾਪਦੰਡਾਂ ਨੂੰ ਨਾ ਸਿਰਫ਼ ਛੂਹ ਰਹੀ ਹੈ, ਸਗੋਂ ਉਨ੍ਹਾਂ ਨੂੰ ਚੁਣੌਤੀ ਵੀ ਦੇ ਰਹੀ ਹੈ।



ਕੇਂਦਰੀ ਬਜਟ 2025-26 'ਚ ਐਲਾਨੇ ਗਏ ਪ੍ਰਮਾਣੂ ਊਰਜਾ ਮਿਸ਼ਨ ਦੇ ਤਹਿਤ ਭਾਰਤ ਨੇ ਸਾਲ 2047 ਤੱਕ 100 ਗੀਗਾਵਾਟ ਪ੍ਰਮਾਣੂ ਊਰਜਾ ਸਮਰੱਥਾ ਪ੍ਰਾਪਤ ਕਰਨ ਦਾ ਉਤਸ਼ਾਹੀ ਟੀਚਾ ਮਿੱਥਿਆ ਹੈ। ਇਹ ਟੀਚਾ ਨਾ ਸਿਰਫ਼ ਊਰਜਾ ਦੀ ਮੰਗ ਨੂੰ ਪੂਰਾ ਕਰਨ ਲਈ ਲੋੜੀਂਦਾ ਹੈ, ਸਗੋਂ ਭਾਰਤ ਨੂੰ ਇਕ ਸਵੱਛ ਅਤੇ ਘੱਟ-ਕਾਰਬਨ ਵਾਲੀ ਆਰਥਿਕਤਾ ਦੀ ਦਿਸ਼ਾ 'ਚ ਅੱਗੇ ਵਧਾਉਣ ਲਈ ਵੀ ਲਾਜ਼ਮੀ ਹੈ।

ਇਸ ਦਿਸ਼ਾ 'ਚ ਨਵੀਆਂ ਤਕਨਾਲੋਜੀਆਂ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਲਘੂ ਮਾਡਿਊਲਰ ਰਿਐਕਟਰ (ਐੱਸ. ਐੱਮ. ਆਰ.) ਲਈ 20,000 ਕਰੋੜ ਰੁਪਏ ਦਾ ਰਾਖਵਾਂਕਰਨ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਰਵਾਇਤੀ ਵੱਡੇ ਰਿਐਕਟਰਾਂ ਦੇ ਨਾਲ-ਨਾਲ ਲਚਕਦਾਰ, ਸੁਰੱਖਿਅਤ ਅਤੇ ਘੱਟ ਲਾਗਤ ਵਾਲੇ ਬਦਲਾਂ ਨੂੰ ਅਪਣਾਉਣ ਲਈ ਵੀ ਤਿਆਰ ਹੈ। ਸਾਲ 2033 ਤੱਕ ਘੱਟੋ-ਘੱਟ 5 ਸਵਦੇਸ਼ੀ ਲਘੂ ਮਾਡਿਊਲਰ ਰਿਐਕਟਰਾਂ ਨੂੰ ਸੰਚਾਲਨ 'ਚ ਲਿਆਉਣ ਦਾ ਟੀਚਾ ਇਸ ਵਚਨਬੱਧਤਾ ਨੂੰ ਹੋਰ ਸਪੱਸ਼ਟ ਕਰਦਾ ਹੈ।

ਇਸੇ ਕੜੀ 'ਚ ਭਾਭਾ ਪ੍ਰਮਾਣੂ ਖੋਜ ਕੇਂਦਰ ਦੁਆਰਾ ਵਿਕਸਿਤ ਕੀਤੇ ਜਾ ਰਹੇ ਅਗਲੀ ਪੀੜ੍ਹੀ ਦੇ ਰਿਐਕਟਰ ਸਥਾਪਿਤ ਕੀਤੇ ਜਾਣ ਦਾ ਟੀਚਾ ਰੱਖਿਆ ਗਿਆ ਹੈ। ਇਨ੍ਹਾਂ 'ਚ ਬੀ. ਐੱਸ. ਐੱਮ. ਆਰ.-200, ਐੱਸ. ਐੱਮ. ਆਰ.-55 ਅਤੇ ਹਾਈਡ?ਰੋਜਨ ਉਤਪਾਦਨ ਲਈ ਉੱਚ-ਤਾਪਮਾਨ ਗੈਸ-ਕੂਲਡ ਰਿਐਕਟਰ ਮੁੱਖ ਤੌਰ 'ਤੇ ਸ਼ਾਮਲ ਹਨ। ਇਹ ਰਿਐਕਟਰ ਭਾਰਤ ਦੇ ਊਰਜਾ ਦ੍ਰਿਸ਼ ਨੂੰ ਬਹੁ-ਪੱਖੀ ਬਣਾਉਣ ਦੀ ਦਿਸ਼ਾ 'ਚ ਮਹੱਤਵਪੂਰਨ ਪਹਿਲ ਸਾਬਤ ਹੋਣਗੇ। ਵਿਸ਼ੇਸ਼ ਤੌਰ 'ਤੇ ਹਾਈਡ?ਰੋਜਨ ਉਤਪਾਦਨ ਦੇ ਨਾਲ ਪ੍ਰਮਾਣੂ ਊਰਜਾ ਦੇ ਏਕੀਕਰਨ ਦੀ ਧਾਰਨਾ ਭਵਿੱਖ ਦੀ ਸਵੱਛ ਊਰਜਾ ਆਰਥਿਕਤਾ ਲਈ ਬਹੁਤ ਪ੍ਰਾਸੰਗਿਕ ਹੈ।

ਨੀਤੀਗਤ ਪੱਧਰ 'ਤੇ ਵੀ ਮਹੱਤਵਪੂਰਨ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। 'ਸਸਟੇਨੇਬਲ ਹਾਰਨੈਸਿੰਗ ਐਂਡ ਐਡਵਾਂਸਮੈਂਟ ਆਫ ਨਿਊਕਲੀਅਰ ਐਨਰਜੀ ਫਾਰ ਟ?ਰਾਂਸਫਾਰਮਿੰਗ ਇੰਡੀਆ (ਸ਼ਾਂਤੀ) ਐਕਟ, 2025' ਨੇ ਪ੍ਰਮਾਣੂ ਊਰਜਾ ਖੇਤਰ ਦੇ ਕਾਨੂੰਨੀ ਢਾਂਚੇ ਨੂੰ ਆਧੁਨਿਕ ਬਣਾਉਂਦੇ ਹੋਏ ਸੀਮਤ ਨਿੱਜੀ ਖੇਤਰ ਦੀ ਹਿੱਸੇਦਾਰੀ ਦੇ ਰਾਹ ਖੋਲ੍ਹੇ ਹਨ। ਇਸ ਦੇ ਨਾਲ ਹੀ, ਜੇਕਰ ਭਾਰਤ ਆਪਣੀ ਪ੍ਰਮਾਣੂ ਸਮਰੱਥਾ ਨੂੰ ਹੋਰ ਵਧਾਉਣਾ ਚਾਹੁੰਦਾ ਹੈ, ਤਾਂ ਕੁਝ ਰਣਨੀਤਕ ਉਪਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਹੋਵੇਗਾ। ਪ੍ਰਮਾਣੂ ਊਰਜਾ ਨੂੰ 'ਗ੍ਰੀਨ ਟੈਕਸੋਨੋਮੀ' ਅਧੀਨ ਸ਼ਾਮਲ ਕਰਨ ਨਾਲ ਇਸ ਨੂੰ ਅੰਤਰਰਾਸ਼ਟਰੀ ਜਲਵਾਯੂ ਵਿੱਤ ਅਤੇ ਗ੍ਰੀਨ ਬਾਂਡਾਂ ਤੱਕ ਪਹੁੰਚ ਮਿਲ ਸਕਦੀ ਹੈ। ਇਸੇ ਤਰ੍ਹਾਂ 'ਪਲੱਗ-ਐਂਡ-ਪਲੇਅ' ਨਿਊਕਲੀਅਰ ਪਾਰਕ ਮਾਡਲ ਪ੍ਰਾਜੈਕਟਾਂ 'ਚ ਹੋਣ ਵਾਲੀ ਦੇਰੀ ਨੂੰ ਘੱਟ ਕਰ ਸਕਦਾ ਹੈ।

# 'ਦੇਸ਼ 'ਚ ਵਧ ਰਹੇ ਸਾਈਬਰ ਅਪਰਾਧ ਦੇ ਮਾਮਲੇ' ਲੋਕ ਹੋ ਰਹੇ ਭਾਰੀ ਠੱਗੀ ਦੇ ਸ਼ਿਕਾਰ !

ਨਵੀਂ ਦਿੱਲੀ- 11 ਮਈ, ਸਾਲ 2022 'ਚ ਦੇਸ਼ 'ਚ ਸਾਈਬਰ



ਕ੍ਰਾਈਮ ਦੇ 65,893 ਮਾਮਲੇ ਦਰਜ ਕੀਤੇ ਗਏ ਸਨ। ਸਾਲ 2023 'ਚ ਇਨ੍ਹਾਂ 'ਚ 31.2 ਫੀਸਦੀ ਦੀ ਤੇਜ਼ੀ ਆਈ ਅਤੇ ਇਹ ਗਿਣਤੀ ਵਧ ਕੇ 86,420 ਹੋ ਗਈ। 'ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ' ਦੀ ਤਾਜ਼ਾ ਰਿਪੋਰਟ ਅਨੁਸਾਰ 2024 'ਚ ਇਹ ਗਿਣਤੀ ਵਧ ਕੇ 1,01,928 ਹੋ ਗਈ। ਸਾਲ 2026 'ਚ ਵੀ ਇਹ ਬੁਰਾਈ ਰੁਕ ਨਹੀਂ ਰਹੀ ਅਤੇ ਇਸੇ ਸਾਲ ਪਿਛਲੇ 3 ਹਫ਼ਤਿਆਂ 'ਚ ਸਾਹਮਣੇ ਆਏ ਇਸ ਦੇ ਕੁਝ ਮਾਮਲੇ ਹੇਠਾਂ ਦਰਜ ਹਨ :

* 14 ਅਪ੍ਰੈਲ ਨੂੰ 'ਠਾਣੇ' (ਮਹਾਰਾਸ਼ਟਰ) 'ਚ ਸਾਈਬਰ ਠੱਗ ਨੇ ਖੁਦ ਨੂੰ ਇਕ ਗੈਸ ਕੰਪਨੀ ਦਾ ਅਧਿਕਾਰੀ ਦੱਸ ਕੇ ਇਕ ਵਿਅਕਤੀ ਨੂੰ ਲੁੱਟ ਲਿਆ। ਫਰਜ਼ੀ ਅਧਿਕਾਰੀ ਨੇ ਪੀੜਤ ਵਿਅਕਤੀ ਨੂੰ ਉਸ ਦਾ ਬਿੱਲ ਬਕਾਇਆ ਹੋਣ ਦੀ ਗੱਲ ਕਹਿ ਕੇ ਉਸ ਨੂੰ ਇਕ ਐਪ ਡਾਊਨਲੋਡ ਕਰਨ ਲਈ ਕਿਹਾ।

ਪੀੜਤ ਵੱਲੋਂ ਐਪ ਡਾਊਨਲੋਡ ਕਰਨ 'ਤੇ ਉਸ ਦੇ ਬੈਂਕ ਖਾਤੇ ਦੀ ਜਾਣਕਾਰੀ ਸਾਈਬਰ ਠੱਗਾਂ ਤੱਕ ਚਲੀ ਗਈ, ਜਿਸ ਦੀ ਵਰਤੋਂ ਕਰਕੇ ਠੱਗਾਂ ਨੇ ਉਸ ਦੇ ਖਾਤੇ 'ਚੋਂ 31 ਲੱਖ ਰੁਪਏ ਤੋਂ ਵੱਧ ਦੀ ਰਕਮ ਉਡਾ ਲਈ।

* 4 ਮਈ ਨੂੰ 'ਰਾਜਕੋਟ' (ਗੁਜਰਾਤ) 'ਚ ਇਕ ਸਾਈਬਰ ਠੱਗ ਨੇ 'ਕੇ. ਕੇ. ਮਲਕਾਨ' ਨਾਂ ਦੇ ਵਿਅਕਤੀ ਨੂੰ ਭੇਜੇ 'ਵ?ਹਟਸਐਪ' ਸੰਦੇਸ਼ 'ਚ ਖੁਦ ਨੂੰ ਇਕ ਕੰਪਨੀ ਦਾ ਐੱਮ. ਡੀ. 'ਕੇਤਨ ਜੋਸ਼ੀ' ਦੱਸਿਆ ਅਤੇ ਉਸ ਨੂੰ ਇਕ ਬੈਂਕ ਖਾਤੇ ਦਾ ਵੇਰਵਾ ਦੇ ਕੇ ਉਸ 'ਚ 45 ਲੱਖ ਰੁਪਏ ਭੇਜਣ ਲਈ ਕਿਹਾ।

'ਕੇ. ਕੇ. ਮਲਕਾਨ' ਨੇ ਦੱਸੇ ਗਏ ਬੈਂਕ ਖਾਤੇ 'ਚ 45 ਲੱਖ ਰੁਪਏ ਭੇਜ ਦਿੱਤੇ ਪਰ ਜਦੋਂ ਉਹ 'ਕੇਤਨ ਜੋਸ਼ੀ' ਨੂੰ ਮਿਲਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੇ ਕੋਈ ਰਕਮ ਨਹੀਂ ਮੰਗਵਾਈ ਸੀ ਅਤੇ ਸਾਈਬਰ ਠੱਗਾਂ ਨੇ ਉਸ ਨੂੰ ਆਪਣਾ ਸ਼ਿਕਾਰ ਬਣਾ ਲਿਆ ਹੈ।

* 5 ਮਈ ਨੂੰ 'ਘਾਟਕੋਪਰ' (ਮੁੰਬਈ) 'ਚ ਸਾਈਬਰ ਠੱਗਾਂ ਨੇ ਰਸੋਈ ਗੈਸ ਦਾ ਬਿੱਲ ਭਰਵਾਉਣ ਦੇ ਬਹਾਨੇ ਇਕ ਬਜ਼ੁਰਗ ਤੋਂ 19.74 ਲੱਖ ਰੁਪਏ ਠੱਗ ਲਏ। ਇਸ ਬਜ਼ੁਰਗ ਨੂੰ 'ਵ?ਹਟਸਐਪ' 'ਤੇ ਸੰਦੇਸ਼ ਆਇਆ ਕਿ, "ਤੁਹਾਡਾ ਪਿਛਲੇ ਮਹੀਨੇ ਦਾ ਗੈਸ ਦਾ ਬਿੱਲ ਅਪਡੇਟ ਨਾ ਹੋਣ ਕਾਰਨ ਤੁਹਾਡਾ ਕਨੈਕਸ਼ਨ ਅੱਜ ਰਾਤ 10 ਵਜੇ ਕੱਟ ਦਿੱਤਾ ਜਾਵੇਗਾ। ਇਸ ਲਈ ਤੁਰੰਤ ਸਬੰਧਤ ਅਧਿਕਾਰੀ ਨਾਲ ਫਲਾਣੇ ਨੰਬਰ 'ਤੇ ਸੰਪਰਕ ਕਰੋ।"

ਦੱਸੇ ਗਏ ਨੰਬਰ 'ਤੇ ਬਜ਼ੁਰਗ ਵੱਲੋਂ ਸੰਪਰਕ ਕਰਨ 'ਤੇ ਸਾਈਬਰ ਠੱਗਾਂ ਨੇ ਕਿਹਾ ਕਿ ਉਸ ਦੇ ਗੈਸ ਕਨੈਕਸ਼ਨ ਦੇ ਸਿਰਫ਼ 12 ਰੁਪਏ ਬਕਾਇਆ ਹਨ ਅਤੇ ਇਸ ਦਾ ਭੁਗਤਾਨ ਹੋ ਜਾਣ 'ਤੇ ਕਨੈਕਸ਼ਨ ਬਹਾਲ ਕਰ ਦਿੱਤਾ ਜਾਵੇਗਾ। ਬਜ਼ੁਰਗ ਨੇ ਸਾਈਬਰ ਠੱਗਾਂ ਵੱਲੋਂ ਭੇਜੇ ਗਏ 'ਭੁਗਤਾਨ ਲਿੰਕ' 'ਤੇ ਕਲਿੱਕ ਕਰ ਦਿੱਤਾ ਅਤੇ ਉਸ ਦੇ ਬੈਂਕ ਖਾਤੇ 'ਚੋਂ ਰਾਤੋ-ਰਾਤ 19.74 ਲੱਖ ਰੁਪਏ ਦੀ ਰਕਮ ਨਿਕਲ ਗਈ।

* 6 ਮਈ ਨੂੰ ਲੁਧਿਆਣਾ ਪੁਲਸ ਦੇ ਸਾਈਬਰ ਸੈੱਲ ਨੇ ਸਾਈਬਰ ਠੱਗਾਂ ਵੱਲੋਂ ਇਕ ਵਿਅਕਤੀ ਤੋਂ 21 ਲੱਖ ਰੁਪਏ ਦੀ ਠੱਗੀ ਮਾਰ ਲੈਣ ਦਾ ਮਾਮਲਾ ਦਰਜ ਕੀਤਾ। ਸਾਈਬਰ ਠੱਗਾਂ ਨੇ ਉਸ ਨੂੰ ਪੈਸਾ ਕਮਾਉਣ ਦੇ ਆਸਾਨ ਤਰੀਕੇ ਸਬੰਧੀ ਵਿਗਿਆਪਨ ਦੇ ਝਾਂਸੇ 'ਚ ਫਸਾ ਕੇ ਕੁਝ ਆਨਲਾਈਨ 'ਟਾਸਕ' ਕਰਨ ਲਈ ਕਿਹਾ ਅਤੇ ਸ਼ੁਰੂ 'ਚ 'ਟਾਸਕ' ਪੂਰਾ ਹੋਣ 'ਤੇ ਕੁਝ ਰਕਮ ਉਸ ਦੇ ਖਾਤੇ 'ਚ ਆਈ ਦਿਖਾ ਦਿੱਤੀ।

ਵਿਅਕਤੀ ਨੂੰ ਇਹ ਘਰ ਬੈਠੇ ਪੈਸੇ ਕਮਾਉਣ ਦਾ ਆਸਾਨ ਤਰੀਕਾ ਲੱਗਾ ਅਤੇ ਬਾਅਦ 'ਚ ਠੱਗਾਂ ਨੇ ਉਸ ਨੂੰ ਵੱਧ ਧਨ ਜਮ?ਹਾ ਕਰਵਾਉਣ ਅਤੇ ਵੱਧ ਲਾਭ ਦਿਵਾਉਣ ਦਾ ਝਾਂਸਾ ਦੇ ਕੇ ਉਸ ਤੋਂ 21 ਲੱਖ ਰੁਪਏ ਠੱਗ ਲਏ।

* 6 ਮਈ ਨੂੰ ਹੀ 'ਏਰਨਾਕੁਲਮ' (ਕੇਰਲ) ਦੇ ਇਕ ਕਾਰੋਬਾਰੀ ਨੂੰ ਪੈਸੇ ਨਿਵੇਸ਼ ਕਰਕੇ ਮੋਟਾ ਮੁਨਾਫਾ ਦਿਵਾਉਣ ਦਾ ਲਾਲਚ ਦੇ ਕੇ ਉਸ ਤੋਂ 2.5 ਕਰੋੜ ਰੁਪਏ ਦੀ ਠੱਗੀ ਕਰਨ ਦੇ ਦੋਸ਼ ਹੇਠ 'ਕੋਚੀ' ਪੁਲਸ ਨੇ 2 ਮੁਲਜ਼ਮਾਂ 'ਸਤਿਆਨਾਰਾਇਣ ਮੂਰਤੀ' ਅਤੇ 'ਬਾਂਕਾ ਟਾਇਸਨ ਰਾਜੂ' ਨੂੰ ਗ੍ਰਿਫ਼ਤਾਰ ਕੀਤਾ। ਇਹ ਦੋਵੇਂ ਭੋਲੇ-ਭਾਲੇ ਲੋਕਾਂ ਨੂੰ ਸਾਈਪ੍ਰਸ ਦੀ ਇਕ ਵੈੱਬਸਾਈਟ ਰਾਹੀਂ ਵਿਦੇਸ਼ਾਂ 'ਚ ਪੈਸੇ ਨਿਵੇਸ਼ ਕਰਕੇ ਮੋਟਾ ਮੁਨਾਫਾ ਕਮਾਉਣ ਦਾ ਝਾਂਸਾ ਦੇ ਕੇ ਫਸਾਉਂਦੇ ਸਨ।

ਦੇਸ਼ 'ਚ ਸਾਈਬਰ ਫਰਾਡ ਰੋਕਣ ਅਤੇ ਰਾਸ਼ਟਰੀ ਪੱਧਰ 'ਤੇ ਸਾਈਬਰ ਕ੍ਰਾਈਮ ਦੀ ਕਿਰਨ ਲਈ ਗ੍ਰਹਿ ਮੰਤਰਾਲੇ ਅਧੀਨ 'ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ' ਬਣਾਇਆ ਗਿਆ ਹੈ। ਸਰਕਾਰ ਨੇ 'ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ' ਤੋਂ ਇਲਾਵਾ ਹੈਲਪਲਾਈਨ ਨੰਬਰ 1930 ਵੀ ਜਾਰੀ ਕੀਤਾ ਹੈ।

ਆਮ ਲੋਕਾਂ 'ਚ ਜਾਗਰੂਕਤਾ ਦੀ ਕਮੀ ਕਾਰਨ ਇਸ ਤਰ੍ਹਾਂ ਦੇ ਅਪਰਾਧ ਵਧ ਰਹੇ ਹਨ। ਇਸ ਲਈ ਇਸ ਬਾਰੇ ਲੋਕਾਂ 'ਚ ਜਾਗਰੂਕਤਾ ਵਧਾਉਣ ਤੋਂ ਇਲਾਵਾ ਪੀੜਤਾਂ ਨੂੰ ਤੁਰੰਤ ਨਿਆਂ ਦਿਵਾਉਣ ਅਤੇ ਸਾਈਬਰ ਠੱਗਾਂ ਦੇ ਵਿਰੁੱਧ ਸਖਤ ਕਾਰਵਾਈ ਕਰਨ ਦੀ ਲੋੜ ਹੈ।

# ਪੱਛਮੀ ਬੰਗਾਲ : ਤਬਦੀਲੀ ਦੇ ਨਾਲ ਪੁਨਰ-ਜਾਗਰਣ

ਨਵੀਂ ਦਿੱਲੀ- 11 ਮਈ, 'ਹੇ ਨੂਤਨ, ਦੇਖਾ ਦਿਕ ਆਰ-ਬਾਰ, ਜਨਮੇਰੋ ਪ੍ਰਥਮ ਸ਼ੁਭੋਖੋਨ' (ਹੇ ਨਵੀਨ, ਇਕ ਵਾਰ ਫਿਰ ਤੋਂ ਸਾਹਮਣੇ ਆਓ, ਠੀਕ ਉਸੇ ਤਰ੍ਹਾਂ ਜਿਵੇਂ ਜਨਮ ਦੇ ਸਮੇਂ ਉਹ ਪਹਿਲਾ ਸ਼ੁੱਭ ਪਲ ਆਇਆ ਸੀ।)

ਗੁਰੂਦੇਵ ਰਬਿੰਦਰਨਾਥ ਟੈਗੋਰ ਦੀਆਂ ਇਹ ਸਤਰਾਂ ਸਿਰਫ਼ ਇਕ ਕਵਿਤਾ ਦਾ ਹਿੱਸਾ ਨਹੀਂ ਹਨ, ਸਗੋਂ ਸਮੇਂ-ਸਮੇਂ 'ਤੇ ਆਪਣੇ ਆਪ ਨੂੰ ਸਪੋਰਟ ਅਤੇ ਨਵੀਨ ਹੋਣ ਵਾਲੀ ਬੰਗਾਲ ਦੀ ਆਤਮਾ ਦਾ ਸੱਦਾ ਵੀ ਹੈ। ਗੁਰੂਦੇਵ ਚੰਗੀ ਤਰ੍ਹਾਂ ਸਮਝਦੇ ਸਨ ਕਿ ਬੰਗਾਲ ਸਮੇਂ ਦੇ ਨਾਲ ਸਿਰਫ਼ ਬਦਲਦਾ ਨਹੀਂ, ਸਗੋਂ ਉਹ ਵਾਰ-ਵਾਰ ਬਿਹਤਰ ਅਤੇ ਨਵੇਂ ਰੂਪ ਵਿਚ ਖਿੜਦਾ ਹੈ। ਗੁਰੂਦੇਵ ਦੀ ਜਯੰਤੀ 'ਤੇ ਗਾਈ ਜਾਣ ਵਾਲੀ ਇਹ ਕਵਿਤਾ ਨਵਜਾਗਰਣ ਅਤੇ ਨਵਚੇਤਨਾ ਦੀ ਪ੍ਰਤੀਕ ਹੈ। ਇਹ ਪ੍ਰਾਰਥਨਾ ਪੁਰਾਣੀਆਂ ਰੂੜੀਆਂ ਨੂੰ ਤੋੜ ਕੇ, ਨਵੇਂ, ਉੱਜਵਲ ਅਤੇ ਰਚਨਾਤਮਕ ਵਿਚਾਰਾਂ ਦੇ ਸੁਆਗਤ ਦਾ ਸੱਦਾ ਵੀ ਹੈ।

ਇਹ ਇਕ ਸੁਖਦ ਸੰਜੋਗ ਹੈ ਕਿ ਗੁਰੂਦੇਵ ਰਬਿੰਦਰਨਾਥ ਟੈਗੋਰ ਦੀ 165ਵੀਂ ਜਯੰਤੀ ਤੋਂ ਕੁਝ ਦਿਨ ਪਹਿਲਾਂ ਹੀ, ਪੱਛਮੀ ਬੰਗਾਲ ਕਈ ਦਹਾਕਿਆਂ ਬਾਅਦ ਨਵ-ਜਾਗਰਣ ਦਾ ਗਵਾਹ ਬਣਿਆ ਹੈ। 4 ਮਈ ਨੂੰ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਇਤਿਹਾਸਕ ਜਿੱਤ ਪ੍ਰਾਪਤ ਹੋਈ ਹੈ ਪਰ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇਹ ਚੋਣ ਕਦੇ ਵੀ ਸਿਰਫ਼ ਇਕ ਰਾਜਨੀਤਕ ਮੁਕਾਬਲਾ ਨਹੀਂ ਸੀ। ਇਹ ਚੋਣ ਇਸ ਮਹਾਨ ਭੂਮੀ ਦੇ ਗੁਆਚੇ ਹੋਏ ਮਾਣ ਨੂੰ ਮੁੜ ਸਥਾਪਿਤ ਕਰਨ ਦਾ ਇਕ ਮੌਕਾ ਸੀ-ਇਕ ਅਜਿਹਾ ਸੱਭਿਆਚਾਰਕ ਸੱਦਾ ਜੋ ਚੋਣਾਂ ਦੇ



ਸਮੀਕਰਣਾਂ ਅਤੇ ਗਣਨਾਵਾਂ ਤੋਂ ਕਿਤੇ ਉੱਪਰ ਹੈ।

ਅੱਜ ਜਦੋਂ ਪੱਛਮੀ ਬੰਗਾਲ ਦੀ ਚੇਤਨਾ ਅਤੇ ਮਾਣ ਦਾ ਸੂਰਜ ਚੜ੍ਹ ਰਿਹਾ ਹੈ, ਤਾਂ ਸਾਨੂੰ ਇਸ ਗੱਲ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਬੰਗਾਲ ਕੀ ਹੈ ਅਤੇ ਬੰਗਾਲ ਦੀ ਚੇਤਨਾ ਦਾ ਪੁਨਰ-ਜਾਗਰਣ ਕਿਸ ਨੂੰ ਕਿਹਾ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਬੰਗਾਲ ਦੀ ਸ਼ਤਾਬਦੀਆਂ ਪੁਰਾਣੀ ਚੇਤਨਾ ਨੂੰ ਸਮਝਣਾ ਅਤੇ ਜਾਣਨਾ।

ਬੰਗਾਲ ਸਮਾਜਿਕ ਚੇਤਨਾ ਦਾ ਕੇਂਦਰ ਹੋਣ ਤੋਂ ਪਹਿਲਾਂ ਗਿਆਨ ਅਤੇ ਅਧਿਆਤਮਿਕਤਾ ਦੀ ਪਵਿੱਤਰ ਭੂਮੀ ਸੀ। 15ਵੀਂ ਸਦੀ ਵਿਚ ਨਬਦ?ਵੀਪ ਦੇ ਗੰਗਾ ਤੱਟ 'ਤੇ ਇਕ ਨੌਜਵਾਨ ਸੰਨਿਆਸੀ ਨਿਮਾਈ ਨੇ ਆਪਣੇ ਕੀਰਤਨ ਰਾਹੀਂ ਸਮਾਜ ਨੂੰ ਨਵੀਂ ਦਿਸ਼ਾ ਦਿੱਤੀ। ਉਸ ਨੌਜਵਾਨ ਸੰਨਿਆਸੀ ਨੂੰ ਅੱਜ ਅਸੀਂ ਆਦਿ ਸੰਤ ਚੈਤਨਯ ਮਹਾਪ੍ਰਭੂ ਦੇ ਨਾਂ ਨਾਲ ਜਾਣਦੇ ਹਾਂ। ਚੈਤਨਯ ਮਹਾਪ੍ਰਭੂ ਵੱਲੋਂ ਦਿਖਾਇਆ ਗਿਆ ਭਗਤੀ ਮਾਰਗ ਅਧਿਆਤਮਿਕ ਸ਼ਾਂਤੀ ਪ੍ਰਾਪਤ ਕਰਨ ਦੇ ਨਾਲ-ਨਾਲ ਸਮਾਜਿਕ ਇਕਸਾਰਤਾ ਦਾ ਅਭਿਆਨ ਵੀ ਸੀ। ਚੈਤਨਯ ਮਹਾਪ੍ਰਭੂ ਨੇ ਜਾਤ-ਪਾਤ ਅਤੇ ਉਚ-ਨੀਚ ਦੇ ਬੰਧਨਾਂ ਨੂੰ ਤੋੜਿਆ।

ਇਹੀ ਚੇਤਨਾ ਬਾਉਲ ਪਰੰਪਰਾ ਵਿਚ ਵੀ ਦਿਖਾਈ ਦਿੱਤੀ। ਬਾਉਲ ਪਰੰਪਰਾ ਦੇ ਫਕੀਰਾਂ ਦੀ ਪਛਾਣ ਜਾਤ, ਧਰਮ ਜਾਂ ਕੋਈ ਗ੍ਰੰਥ ਨਹੀਂ, ਸਗੋਂ ਮਨੁੱਖਤਾ ਦੀ ਭਾਵਨਾ ਸੀ। ਬਾਉਲ ਪਰੰਪਰਾ ਦੇ ਸਭ ਤੋਂ ਮਹਾਨ ਪ੍ਰਵਰਤਕ ਲਾਲਨ ਫਕੀਰ ਸਨ। ਉਨ੍ਹਾਂ ਨੇ ਹਿੰਦੂ ਸਮਾਜ ਵਿਚ ਪ੍ਰਚਲਿਤ ਜਾਤੀ ਵਿਵਸਥਾ ਦਾ ਵੀ ਵਿਰੋਧ ਕੀਤਾ ਅਤੇ ਮੁਸਲਿਮ ਸਮਾਜ ਵਿਚ ਹੋਣ ਵਾਲੇ ਭੇਦਭਾਵ ਦੇ ਵਿਰੁੱਧ ਵੀ ਆਵਾਜ਼ ਉਠਾਈ। ਉਹ ਬੰਗਾਲ ਦੀ ਉਸ ਸੱਭਿਆਚਾਰਕ ਚੇਤਨਾ ਦੇ ਪ੍ਰਤੀਕ ਸਨ, ਜਿਸ ਵਿਚ ਸਹਿਣਸ਼ੀਲਤਾ ਅਤੇ ਸਹਿ-ਹੋਂਦ ਦਾ ਭਾਵ ਸ਼ਾਮਲ ਸੀ।

ਪਿਛਲੀਆਂ ਤਿੰਨ ਸਦੀਆਂ ਵਿਚ, ਬੰਗਾਲ ਅਤੇ ਬੰਗਾਲ ਦੇ ਲੋਕਾਂ ਨੇ ਸਿਰਫ਼ ਭਾਰਤ ਦੇ ਸਮਾਜਿਕ ਨਵ-ਜਾਗਰਣ ਅੰਦੋਲਨ ਵਿਚ ਹਿੱਸਾ ਹੀ ਨਹੀਂ ਲਿਆ, ਸਗੋਂ ਉਸ ਦੀ ਅਗਵਾਈ ਵੀ ਕੀਤੀ। ਜਦੋਂ ਸਮਾਜ ਆਪਣੀ ਜੜ੍ਹਤਾ, ਕੁਰੀਤੀਆਂ ਅਤੇ ਵਿਕ੍ਰਿਤ ਪਰੰਪਰਾਵਾਂ ਦੇ ਬੋਝ ਥੱਲੇ ਦੱਬ ਚੁੱਕਿਆ ਸੀ, ਤਦ ਰਾਜਾ ਰਾਮਮੋਹਨ ਰਾਏ ਨੇ ਨਾ ਤਾਂ ਪਰੰਪਰਾ ਦਾ ਸਮੂਲ ਰੂਪ ਨਾਲ ਤਿਆਗ ਕੀਤਾ ਅਤੇ ਨਾ ਹੀ ਤਰਕਹੀਣ ਤਰੀਕੇ ਨਾਲ ਉਸ ਨੂੰ ਉਚਿਤ ਠਹਿਰਾਇਆ। ਉਨ੍ਹਾਂ ਨੇ ਲੋਕਾਂ ਨੂੰ ਆਤਮਬੋਧ ਕਰਵਾ ਕੇ, ਸਮਾਜ ਨੂੰ ਅੰਦਰ ਤੋਂ ਸੁਧਾਰਨ ਦਾ ਮਾਰਗ ਚੁਣਿਆ। ਸਤੀ ਪ੍ਰਥਾ ਵਰਗੀ ਅਣਮਨੁੱਖੀ ਕੁਰੀਤੀ ਦੇ ਵਿਰੁੱਧ ਉਨ੍ਹਾਂ ਦਾ ਸੰਘਰਸ਼ ਸਿਰਫ਼ ਸਮਾਜ ਸੁਧਾਰ ਨਾਲ ਜੁੜਿਆ ਅੰਦੋਲਨ ਨਹੀਂ ਸੀ, ਸਗੋਂ ਭਾਰਤੀ ਆਤਮਾ ਨੂੰ ਮੁੜ ਜੀਵਤ ਕਰਨ ਦਾ ਇਕ ਤਪ ਸੀ। ਈਸ਼ਵਰ ਚੰਦਰ ਵਿਦਿਆਸਾਗਰ ਨੇ ਇਸ ਕਾਰਜ ਨੂੰ ਅੱਗੇ ਵਧਾਇਆ। ਉਨ੍ਹਾਂ ਨੇ ਸਿੱਖਿਆ ਨੂੰ ਸਿਰਫ਼ ਗਿਆਨ ਪ੍ਰਾਪਤੀ ਦਾ ਸਾਧਨ ਨਹੀਂ, ਸਗੋਂ ਮੁਕਤੀ ਦਾ ਮੰਤਰ ਬਣਾ ਦਿੱਤਾ।

ਬੰਗਾਲ ਦੇ ਹੀ ਬੰਕਿਮ ਚੰਦਰ ਚੱਟੋਪਾਧਿਆਏ ਨੇ, 'ਵੰਦੇ ਮਾਤਰਮ' ਵਰਗਾ ਅਮਰ ਮੰਤਰ ਰਾਸ਼ਟਰ ਨੂੰ ਦਿੱਤਾ। ਵੰਦੇ ਮਾਤਰਮ ਉਹ ਗੀਤ ਸੀ ਜਿਸ ਨੇ ਬ੍ਰਿਟਿਸ਼ ਸਾਮਰਾਜ ਨਾਲ ਲੜਨ ਵਿਚ ਸਾਡੇ ਆਜ਼ਾਦੀ ਘੁਲਾਟੀਆਂ ਨੂੰ ਸ਼ਕਤੀ ਦਿੱਤੀ ਅਤੇ ਸਦੀਆਂ ਤੋਂ ਸੁੱਤੇ ਪਏ ਦੇਸ਼ ਨੂੰ ਜਗਾਇਆ। ਬੰਗਾਲ ਨੇ ਹੀ ਭਾਰਤ ਦੀ ਸਭ ਤੋਂ ਪਹਿਲੀ ਮਹਿਲਾ ਡਾਕਟਰ, ਡਾ. ਕਾਦੰਬਿਨੀ ਗਾਂਗੁਲੀ ਜੀ ਨੂੰ ਜਨਮ ਦਿੱਤਾ, ਜਿਨ੍ਹਾਂ ਨੇ ਸਾਰਿਆਂ ਨੂੰ, ਖਾਸ ਕਰਕੇ ਮਹਿਲਾਵਾਂ ਨੂੰ ਪ੍ਰੇਰਿਤ ਕੀਤਾ। ਬੰਗਾਲ ਦੀ ਹੀ ਧਰਤੀ 'ਤੇ ਜਨਮੇ, ਉਤਸ਼ਾਹੀ ਰਾਸ਼ਟਰਵਾਦੀ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੇ ਭਾਰਤ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਸ਼ਾਇਦ ਬੰਗਾਲ ਦੀ ਧਰਤੀ ਨੇ ਜਿੰਨੀਆਂ ਵੀ ਵਿਲੱਖਣ ਪ੍ਰਤਿਭਾਵਾਂ ਅਤੇ ਮਹਾਨ ਲੋਕਾਂ ਨੂੰ ਜਨਮ ਦਿੱਤਾ, ਉਨ੍ਹਾਂ ਵਿਚ ਸਭ ਤੋਂ ਵੱਧ ਮਹਾਨ ਅਤੇ ਗਿਆਨਵਾਨ, ਸਵਾਮੀ ਵਿਵੇਕਾਨੰਦ ਨੂੰ ਕਿਹਾ ਜਾ ਸਕਦਾ ਹੈ। ਸ਼ਿਕਾਗੋ ਵਿਚ ਉਨ੍ਹਾਂ ਦਾ ਦਿੱਤਾ ਗਿਆ ਭਾਸ਼ਣ ਇਤਿਹਾਸ ਦੇ ਪੰਨਿਆਂ ਵਿਚ ਸੁਨਹਿਰੀ ਅੱਖਰਾਂ ਵਿਚ ਉੱਕਰਿਆ ਹੋਇਆ ਹੈ। ਉਨ੍ਹਾਂ ਨੇ ਪੂਰੀ ਦੁਨੀਆ ਨੂੰ ਵੇਦਾਂਤ ਅਤੇ ਭਾਰਤ ਦੀਆਂ ਮਹਾਨ ਸੱਭਿਅਤਾਗਤ ਕਦਰਾਂ-ਕੀਮਤਾਂ ਨਾਲ ਜਾਣੂ ਕਰਵਾਇਆ।

ਇਹ ਸਾਰੀਆਂ ਗੱਲਾਂ ਬੰਗਾਲ ਦੀ ਆਤਮਾ ਦਾ ਪ੍ਰਗਟਾਵਾ ਹਨ। ਇਹੀ ਇਸ ਦੀ ਸਨਾਤਨੀ ਅਤੇ ਸਦੀਵੀ ਪਛਾਣ ਰਹੀ ਹੈ। ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੰਗਾਲ ਨੂੰ ਇਸੇ ਦ੍ਰਿਸ਼ਟੀ ਨਾਲ ਦੇਖਦੇ ਹਨ। ਇਹ ਅਤੀਤ ਵਿਚ ਵਾਪਸ ਜਾਣ ਦੀ ਇੱਛਾ ਨਹੀਂ ਹੈ, ਨਾ ਹੀ ਇਹ ਆਧੁਨਿਕਤਾ ਦੀ ਤਲਾਸ਼ ਵਿਚ ਕਿਸੇ ਵਿਦੇਸ਼ੀ ਸੱਭਿਅਤਾ ਦਾ ਪਰਛਾਵਾਂ ਬਣਨ ਦੀ ਇੱਛਾ ਹੈ। ਇਹ ਉਹ ਦ੍ਰਿਸ਼ਟੀਕੋਣ ਹੈ ਜੋ ਬੰਗਾਲ ਨੂੰ ਮੁੜ ਜਾਗ੍ਰਿਤ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਆਪਣੀ ਪੂਰੀ ਸਮਰੱਥਾ ਦੇ ਜ਼ੋਰ 'ਤੇ ਮੁੜ ਤੋਂ ਆਪਣੀ ਉੱਚਤਮ ਸ਼ਾਨ ਨੂੰ ਪ੍ਰਾਪਤ ਕਰ ਸਕੇ।

# ਬੰਗਾਲ ਚੋਣਾਂ ਦੀ ਹਾਰ ਤੋਂ ਬਾਅਦ ਮਮਤਾ ਬੈਨਰਜੀ ਨੇ 'ਭਾਜਪਾ ਵਿਰੋਧੀ ਏਕਤਾ' ਦਾ ਸੱਦਾ ਦਿੱਤਾ

ਕੋਲਕਾਤਾ, 11 ਮਈ, ਮੈਂ ਸਾਰੀਆਂ ਭਾਰਤੀ ਜਨਤਾ ਪਾਰਟੀ ਵਿਰੋਧੀ ਤਾਕਤਾਂ, ਸਾਰੇ ਵਿਦਿਆਰਥੀ ਅਤੇ ਯੁਵਾ ਸੰਗਠਨਾਂ ਅਤੇ ਸਾਰੇ ਗੈਰ-ਸਰਕਾਰੀ ਸੰਗਠਨਾਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੰਦੀ ਹਾਂ

ਮਮਤਾ ਬੈਨਰਜੀ ਨੇ ਸ਼ਨੀਵਾਰ ਨੂੰ ਸਾਰੀਆਂ ਰਾਜਨੀਤਿਕ ਤਾਕਤਾਂ, ਖੱਬੇਪੱਖੀ ਅਤੇ ਸੱਜੇਪੱਖੀ, ਨੂੰ ਭਾਰਤੀ ਜਨਤਾ ਪਾਰਟੀ ਦੇ ਵਿਰੁੱਧ ਤ੍ਰਿਣਮੂਲ ਕਾਂਗਰਸ ਨਾਲ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਜਦੋਂ ਸੁਵੇਂਦੂ ਅਧਿਕਾਰੀ ਨੇ ਪੱਛਮੀ ਬੰਗਾਲ ਦੇ ਨੌਵੇਂ ਮੁੱਖ ਮੰਤਰੀ ਅਤੇ ਨਾਲ ਹੀ ਰਾਜ ਵਿੱਚ ਪਹਿਲੇ ਭਾਜਪਾ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਸ਼ਨੀਵਾਰ ਨੂੰ, ਜਦੋਂ ਅਧਿਕਾਰੀ ਦਾ ਸਹੁੰ ਚੁੱਕ ਸਮਾਗਮ ਕੇਂਦਰੀ ਕੋਲਕਾਤਾ ਦੇ ਬ੍ਰਿਗੇਡ ਪਰੇਡ ਗਰਾਊਂਡ ਵਿੱਚ ਹੋ ਰਿਹਾ ਸੀ, ਸਾਬਕਾ ਮੁੱਖ ਮੰਤਰੀ ਦੱਖਣੀ ਕੋਲਕਾਤਾ ਦੇ ਕਾਲੀਘਾਟ ਵਿੱਚ ਆਪਣੇ ਨਿਵਾਸ ਸਥਾਨ 'ਤੇ ਬੰਗਾਲੀ ਕੈਲੰਡਰ ਦੇ ਅਨੁਸਾਰ ਗੁਰੂਦੇਵ ਰਬਿੰਦਰਨਾਥ ਟੈਗੋਰ ਦੀ ਜਯੰਤੀ ਮਨਾ ਰਹੀ ਸੀ।



ਪ੍ਰੋਗਰਾਮ ਦੇ ਅੰਤ ਵਿੱਚ, ਉਸਨੇ ਕਥਿਤ ਤੌਰ 'ਤੇ ਚੋਣਾਂ ਤੋਂ ਬਾਅਦ ਦੀ ਹਿੰਸਾ ਦੇ ਵਿਚਕਾਰ ਨਵੀਂ ਸਰਕਾਰ ਦੇ ਵਿਰੁੱਧ ਰਾਜ ਵਿੱਚ ਸਾਰੀਆਂ ਭਾਰਤੀ ਜਨਤਾ ਪਾਰਟੀ ਵਿਰੋਧੀ ਤਾਕਤਾਂ ਨੂੰ ਏਕਤਾ ਦਾ ਸੱਦਾ ਦਿੱਤਾ।

"ਰਾਜ ਵਿੱਚ ਹਰ ਜਗ?ਹਾ ਚੋਣਾਂ ਤੋਂ ਬਾਅਦ ਹਿੰਸਾ ਦੀ ਗਰਜ ਹੈ। ਮੈਂ ਸਾਰੀਆਂ ਭਾਰਤੀ ਜਨਤਾ ਪਾਰਟੀ ਵਿਰੋਧੀ ਤਾਕਤਾਂ, ਸਾਰੇ ਵਿਦਿਆਰਥੀ ਅਤੇ ਯੁਵਾ ਸੰਗਠਨਾਂ ਅਤੇ ਸਾਰੇ ਗੈਰ-ਸਰਕਾਰੀ ਸੰਗਠਨਾਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੰਦੀ ਹਾਂ। ਅਸੀਂ ਇਸ ਵਿਰੁੱਧ ਇੱਕ ਸੰਯੁਕਤ ਮੋਰਚਾ ਬਣਾਉਣਾ ਚਾਹੁੰਦੇ ਹਾਂ। ਭਾਰਤੀ ਜਨਤਾ ਪਾਰਟੀ,"ਮਮਤਾ ਬੈਨਰਜੀ ਨੇ ਕਿਹਾ।

ਇਸ ਮੌਕੇ ਬੋਲਦਿਆਂ, ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਇੱਕ ਸਮੇਂ ਦੇ ਕੱਟੜ ਰਾਜਨੀਤਿਕ ਵਿਰੋਧੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਅਤੇ ਪੱਛਮੀ ਬੰਗਾਲ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਅਗਵਾਈ ਵਾਲੇ ਖੱਬੇ ਮੋਰਚੇ ਦਾ ਵੀ ਭਾਰਤੀ ਜਨਤਾ ਪਾਰਟੀ ਦੇ ਵਿਰੁੱਧ ਸੰਯੁਕਤ ਮੋਰਚੇ ਵਿੱਚ ਸਵਾਗਤ ਹੈ।

"ਖੱਬੇ, ਅਤਿ-ਖੱਬੇ, ਅਤੇ ਕਿਸੇ ਵੀ ਹੋਰ ਰਾਸ਼ਟਰੀ ਪਾਰਟੀ ਦਾ ਸਵਾਗਤ ਹੈ। ਆਓ ਅਸੀਂ ਸਾਰੇ ਇਕੱਠੇ ਹੋਈਏ ਅਤੇ ਇੱਕਜੁੱਟ ਰਹੀਏ। ਮੇਰੇ ਕੋਲ ਆਉਣ ਲਈ ਕਿਸੇ ਦਾ ਵੀ ਸਵਾਗਤ ਹੈ। ਇਸ ਤੋਂ ਬਾਅਦ, ਮੈਂ ਹਰ ਰੋਜ਼ ਸ਼ਾਮ 4 ਵਜੇ ਤੋਂ 6 ਵਜੇ ਤੱਕ ਆਪਣੇ ਦਫ਼ਤਰ ਵਿੱਚ ਰਹਾਂਗੀ। ਮੇਰੀ ਪਹਿਲੀ ਦੁਸ਼ਮਣ ਭਾਰਤੀ ਜਨਤਾ ਪਾਰਟੀ ਹੈ,"ਸਾਬਕਾ ਮੁੱਖ ਮੰਤਰੀ ਨੇ ਕਿਹਾ।

ਮਮਤਾ ਬੈਨਰਜੀ ਦੇ ਸੱਦੇ 'ਤੇ ਸਿੱਧੀ ਪ੍ਰਤੀਕਿਰਿਆ ਦੇਣ ਤੋਂ ਇਨਕਾਰ ਕਰਦੇ ਹੋਏ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਪੋਲਿਟ ਬਿਊਰੋ ਦੇ ਮੈਂਬਰ ਅਤੇ ਪੱਛਮੀ ਬੰਗਾਲ ਵਿੱਚ ਪਾਰਟੀ ਦੇ ਰਾਜ ਸਕੱਤਰ, ਮੁਹੰਮਦ ਸਲੀਮ ਨੇ ਗੁਰੂਦੇਵ ਰਬਿੰਦਰਨਾਥ ਟੈਗੋਰ ਦੀਆਂ ਦੋ ਲਾਈਨਾਂ ਦਾ ਹਵਾਲਾ ਦਿੱਤਾ, "ਜੀਬੋਨੋ ਜੋਖੋਂ ਸ਼ੁਕਾਏ ਜੈ, ਕਰੁਣਾ ਧਾਰਾਈ ਏਸ਼ੋ"(ਜਦੋਂ ਜ਼ਿੰਦਗੀ ਸੁੱਕ ਜਾਵੇ ਤਾਂ ਰਹਿਮ ਦੀ ਧਾਰਾ ਬਣ ਕੇ ਆਓ) ਉੱਪਰ).

ਇਸ ਸੰਦਰਭ ਵਿੱਚ ਟੈਗੋਰ ਦੇ ਇਸ ਨਿਰੀਖਣ ਦੀ ਮਹੱਤਤਾ ਇਹ ਹੈ ਕਿ ਮਮਤਾ ਬੈਨਰਜੀ ਨੂੰ ਭਾਰਤੀ ਜਨਤਾ ਪਾਰਟੀ ਦੀਆਂ ਹੋਰ ਵਿਰੋਧੀ ਤਾਕਤਾਂ ਦੀ ਮਹੱਤਤਾ ਦਾ ਅਹਿਸਾਸ ਉਦੋਂ ਹੀ ਹੋਇਆ ਜਦੋਂ ਹਾਲ ਹੀ ਵਿੱਚ ਹੋਈਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ, ਜਿੱਥੇ ਉਹ ਖੁਦ ਭਬਾਨੀਪੁਰ ਵਿੱਚ ਨਵੇਂ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਤੋਂ 15,000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਾਰ ਗਈ ਸੀ।

# 'ਮਿਲਾਵਟੀ ਖੁਰਾਕ ਪਦਾਰਥਾਂ ਦਾ ਕਾਰੋਬਾਰ' ਸਖਤੀ ਨਾਲ ਰੋਕ ਲਾਉਣ ਦੀ ਲੋੜ !

ਮੈਡੀਕਲ ਸਾਇੰਸ ਦੇ ਮੁਤਾਬਕ ਮਿਲਾਵਟੀ ਖਾਣਾ ਖਾਣ ਨਾਲ ਪੇਟ ਅਤੇ ਦਿਲ ਦੀਆਂ ਬੀਮਾਰੀਆਂ ਤੋਂ ਇਲਾਵਾ, ਕਿਡਨੀ ਅਤੇ ਲਿਵਰ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਕੈਂਸਰ ਤੱਕ ਹੋਣ ਦਾ ਖ਼ਤਰਾ ਹੈ। ਇਸ ਦੇ ਬਾਵਜੂਦ ਕੁਝ ਲੋਕ ਕੁਝ ਰੁਪਏ ਕਮਾਉਣ ਲਈ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ ਅਤੇ ਮਿਲਾਵਟੀ ਸਾਮਾਨ ਦਾ ਕਾਰੋਬਾਰ ਕਰਦੇ ਹਨ। ਮਿਲਾਵਟੀ ਖੁਰਾਕ ਪਦਾਰਥ ਫੜੇ ਜਾਣ ਦੇ ਪਿਛਲੇ ਇਕ ਹਫ਼ਤੇ ਦੇ ਮਾਮਲੇ ਹੇਠਾਂ ਦਰਜ ਹਨ :

* 29 ਮਾਰਚ ਨੂੰ 'ਜੈਪੁਰ' (ਰਾਜਸਥਾਨ) ਪੁਲਸ ਨੇ ਜਵਾਹਰ ਨਗਰ ਇਲਾਕੇ 'ਚ ਇਕ ਪਿਕਅੱਪ ਵਾਹਨ ਤੋਂ 600 ਕਿਲੋਗ੍ਰਾਮ ਮਿਲਾਵਟੀ ਪਨੀਰ ਜ਼ਬਤ ਕਰ ਕੇ ਨਸ਼ਟ ਕਰ ਦਿੱਤਾ। ਇਹ ਪਨੀਰ 'ਜੈਪੁਰ' 'ਚ ਚੱਲ ਰਹੇ ਵਿਆਹਾਂ ਅਤੇ ਤਿਉਹਾਰ ਦੇ ਸੀਜ਼ਨ ਦੌਰਾਨ ਸਪਲਾਈ ਕਰਨ ਲਈ ਲਿਆਂਦਾ ਜਾ ਰਿਹਾ ਸੀ। ਪੁਲਸ ਨੇ ਇਸ ਮਾਮਲੇ 'ਚ 'ਅਲਵਰ' ਜ਼ਿਲੇ ਦੇ 'ਅਨਵਰ' ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

* 31 ਮਾਰਚ ਨੂੰ 'ਹੈਦਰਾਬਾਦ' ਪੁਲਸ ਨੇ 'ਕੱਟੇਦਨ' ਇਲਾਕੇ 'ਚ ਸਥਿਤ ਇਕ ਫੂਡ ਪ੍ਰੋਸੈਸਿੰਗ ਯੂਨਿਟ 'ਤੇ ਛਾਪਾ ਮਾਰ ਕੇ ਅਦਰਕ-ਲਸਣ ਦਾ 4032 ਕਿਲੋ ਮਿਲਾਵਟੀ ਪੇਸਟ ਅਤੇ ਇਸ ਨੂੰ ਬਣਾਉਣ 'ਚ ਵਰਤਿਆ ਜਾਣ ਵਾਲਾ 6210 ਕਿਲੋ ਘਟੀਆ ਕੱਚਾ ਮਾਲ ਬਰਾਮਦ ਕੀਤਾ। ਬਰਾਮਦ ਕੀਤੇ ਗਏ ਸਾਮਾਨ 'ਚ ਐਸੀਟਿਕ ਐਸਿਡ ਅਤੇ ਜੈਂਥਨ ਗਮ ਜਿਹੇ ਕੈਮੀਕਲ ਸ਼ਾਮਲ ਹਨ।



* 1 ਅਪ੍ਰੈਲ ਨੂੰ 'ਹੈਦਰਾਬਾਦ' ਪੁਲਸ ਨੇ ਇਕ ਆਈਸਕ੍ਰੀਮ ਪਾਰਲਰ 'ਚ ਛਾਪਾ ਮਾਰ ਕੇ ਗੰਦੀ ਜਗ?ਹਾ 'ਤੇ ਬਣਾਈਆਂ ਗਈਆਂ 16,560 ਆਈਸ ਕੈਂਡੀ, 4200 ਲੱਸੀ ਕੈਂਡੀ ਅਤੇ ਲੱਸੀ ਨਾਲ ਭਰੇ 300 ਗਲਾਸ ਬਰਾਮਦ ਕਰ ਕੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੇ ਇਸ ਯੂਨਿਟ ਤੋਂ 15 ਬਾਟੀਆਂ ਦਹੀਂ, 50 ਕਿਲੋ ਖੰਡ, 8 ਕਿਲੋ ਸਾਈਟ੍ਰਿਕ ਐਸਿਡ ਅਤੇ 500 ਗ੍ਰਾਮ ਸੁਕਰੋਜ਼ ਅਤੇ ਲੱਸੀ ਅਤੇ ਕੈਂਡੀ ਬਣਾਉਣ ਵਾਲੀ ਮਸ਼ੀਨ ਵੀ ਜ਼ਬਤ ਕੀਤੀ।

* 3 ਅਪ੍ਰੈਲ ਨੂੰ 'ਦਿੱਲੀ' ਪੁਲਸ ਨੇ ਮਹਾਵੀਰ ਵਿਹਾਰ ਸਥਿਤ ਇਕ ਗੋਦਾਮ 'ਤੇ ਛਾਪਾ ਮਾਰਿਆ ਅਤੇ ਵੱਡੀ ਮਾਤਰਾ 'ਚ ਨਕਲੀ ਟੁੱਥਪੇਸਟ, ਖਾਲੀ ਟਿਊਬਾਂ, ਪੈਕੇਜਿੰਗ ਸਮੱਗਰੀ, ਮਸ਼ੀਨਾਂ, ਬ੍ਰਾਂਡ ਨਾਂ ਲਿਖੇ ਟੇਪ, ਗੂੰਦ, ਹੀਟਿੰਗ ਗੰਨ ਅਤੇ ਕੱਚਾ ਮਾਲ ਜ਼ਬਤ ਕੀਤਾ। ਗੰਦੀ ਜਗ?ਹਾ 'ਤੇ ਨਿਰਮਾਣ ਹੋਣ ਦੇ ਕਾਰਨ ਇਸ ਨਾਲ ਸਿਹਤ ਨੂੰ ਗੰਭੀਰ ਖ਼ਤਰਾ ਸੀ।

* 3 ਅਪ੍ਰੈਲ ਨੂੰ ਹੀ ਪੁਲਸ ਨੇ 'ਦਿੱਲੀ' ਦੇ ਦਵਾਰਕਾ ਇਲਾਕੇ 'ਚ ਇਕ ਗੋਦਾਮ 'ਤੇ ਛਾਪਾ ਮਾਰ ਕੇ ਸਾਫਟਡ੍ਰਿੰਕ ਦੇ 115 ਡੱਬੇ ਅਤੇ ਬ੍ਰਾਂਡਿਡ ਬਿਸਕੁਟ ਜ਼ਬਤ ਕੀਤੇ, ਜਿਨ੍ਹਾਂ ਦੀ ਪੈਕੇਜਿੰਗ ਨਾਲ ਛੇੜਛਾੜ ਕਰ ਕੇ ਐਕਸਪਾਇਰੀ ਡੇਟ ਬਦਲੀ ਗਈ ਸੀ। ਐਕਸਪਾਇਰਡ ਉਤਪਾਦ ਖ਼ਰੀਦ ਕੇ ਲੇਬਲ ਬਦਲ ਕੇ ਸਥਾਨਕ ਬਾਜ਼ਾਰਾਂ 'ਚ ਵੇਚਿਆ ਜਾਂਦਾ ਸੀ।

* 3 ਅਪ੍ਰੈਲ ਨੂੰ ਹੀ 'ਸੂਰਤ' (ਗੁਜਰਾਤ) ਪੁਲਸ ਨੇ ਪਨੀਰ ਬਣਾਉਣ ਅਤੇ ਵੇਚਣ ਦੇ ਦੋਸ਼ ਹੇਠ 'ਮਹੇਸ਼ ਕੁਮਾਰ ਸ਼ਰਮਾ' ਦੇ ਖ਼?ਲਾਫ਼ ਮਾਮਲਾ ਦਰਜ ਕੀਤਾ। ਪੁਲਸ ਨੇ ਸੂਰਤ ਨਗਰ ਨਿਗਮ ਦੇ ਖੁਰਾਕ ਅਤੇ ਸੁਰੱਖਿਆ ਵਿਭਾਗ ਦੇ ਨਾਲ ਮਿਲ ਕੇ ਪਾਂਦੇਸਰਾ ਦੀ 'ਭੀਡਭੰਜਨ ਸੋਸਾਇਟੀ' ਸਥਿਤ ਇਸ ਮੁਲਜ਼ਮ ਦੀ ਯੂਨਿਟ 'ਤੇ ਛਾਪਾ ਮਾਰ ਕੇ 3.08 ਲੱਖ ਰੁਪਏ ਮੁੱਲ ਦਾ 1401 ਕਿਲੋਗ੍ਰਾਮ ਖੁੱਲ੍ਹਾ ਪਨੀਰ ਅਤੇ ਇਸ ਨੂੰ ਬਣਾਉਣ 'ਚ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਕੱਚਾ ਮਾਲ ਜ਼ਬਤ ਕੀਤਾ ਸੀ।

* 3 ਅਪ੍ਰੈਲ ਨੂੰ ਹੀ 'ਬੈਂਗਲੁਰੂ' ਪੁਲਸ ਨੇ ਵਜ਼ਨ ਘਟਾਉਣ ਵਾਲੇ ਨਕਲੀ ਪਾਊਡਰ ਅਤੇ ਮਿਲਾਵਟੀ ਆਯੁਰਵੈਦਿਕ ਉਤਪਾਦਾਂ ਦੀ ਆਨਲਾਈਨ ਵਿਕਰੀ ਦਾ ਗਿਰੋਹ ਚਲਾਉਣ ਦੇ ਦੋਸ਼ ਹੇਠ ਦਿੱਲੀ ਦੇ 56 ਸਾਲਾ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

# ਜੀਵਨ ਦੀਆਂ ਤਲਖ਼ ਹਕੀਕਤਾਂ ਨਾਲ ਜੂਝਦਾ ਆਮ ਮਨੁੱਖ !

ਮਨੁੱਖੀ ਜ਼ਿੰਦਗੀ ਅਜੀਬ ਤਰ੍ਹਾਂ ਦੀਆਂ ਉਲਝਣਾਂ ਨਾਲ ਭਰੀ ਪਈ ਹੈ। ਜੀਵਨ ਦਾ ਬਹੁਤਾ ਹਿੱਸਾ ਮਨੁੱਖ ਇਨ੍ਹਾਂ ਉਲਝਣਾਂ ਨੂੰ ਸਲਝਾਉਣ ਦੇ ਰਾਹ ਤੁਰਿਆ ਰਹਿੰਦਾ ਹੈ। ਪਰ ਇਹ ਉਲਝਣਾਂ ਕਦੇ ਖਤਮ ਨਹੀਂ ਹੁੰਦੀਆਂ। ਮਨੁੱਖ ਇਕ ਮਸਲੇ ਦੀ ਗੁੱਥੀ ਸਲਝਾਉਣ ਤੋਂ ਸੁਰਖਰੂ ਹੁੰਦਾ ਹੈ ਤਾਂ ਕੋਈ ਹੋਰ ਉਲਝਣ, ਉਸ ਦੇ ਮਨ ਦੇ ਚੈਨ ਨੂੰ ਭੰਗ ਕਰ ਦਿੰਦੀ ਹੈ। ਆਮ ਸਾਧਾਰਨ ਬੰਦਾ, ਮਿਹਨਤ ਮਜ਼ਦੂਰੀ ਕਰਕੇ ਰੋਜ਼ੀ-ਰੋਟੀ ਕਮਾਉਣ ਵਾਲਾ ਕਿਰਤੀ ਕਾਮਾ, ਆਪਣਾ ਬਹੁਤਾ ਜੀਵਨ ਲੋੜਾਂ-ਥੁੜਾਂ ਤੇ ਤੰਗੀਆਂ-ਤੁਰਸ਼ੀਆਂ ਦੀਆਂ ਦੁਸ਼ਵਾਰੀਆਂ ਦੇ ਥਪੇੜੇ ਝੱਲਦਿਆਂ ਹੀ ਬਿਤਾਉਂਦਾ ਹੈ। ਮਨੁੱਖ ਮਸਲੇ ਦੀ ਗੁੱਥੀ ਸਲਝਾਉਣ ਤੋਂ ਸੁਰਖਰੂ ਹੁੰਦਾ

**ਕਰਜ਼ੇ ਦੇ ਜਾਲ ਵਿਚ ਫਸਿਆ ਉਹ ਮੁਸੀਬਤਾਂ ਦੀ ਜਕੜ ਦਾ ਸਤਾਇਆ ਨਿਤ-ਦਿਨ ਖੁਦਕੁਸ਼ੀਆਂ ਦੇ ਰਾਹ ਪੈ ਕੇ ਆਪਣੇ ਪਰਿਵਾਰਾਂ ਲਈ ਘੋਰ ਸੰਕਟ ਪੈਦਾ ਕਰ ਰਿਹਾ ਹੈ**

ਜੀਵਨ ਦੀ ਗੱਡੀ ਨੂੰ ਧੂੰਹਦਿਆਂ, ਹਰ ਕਦਮ 'ਤੇ ਮਾਰਾਂ ਸਹਿੰਦਿਆਂ ਉਹ ਕਦੇ-ਕਦੇ ਡਾਵਾਂ-ਡੋਲ ਵੀ ਹੋ ਜਾਂਦਾ ਹੈ, ਪਰ ਅਗਲੇ ਪਲ ਹੀ, ਆਪਣੇ ਘਰ-ਪਰਿਵਾਰ ਨੂੰ ਚਲਾਉਣ ਲਈ ਤੇ ਦੋ ਡੰਗ ਦੀ ਰੁੱਖੀ-ਮਿੱਸੀ ਰੋਟੀ ਦਾ ਜੁਗਾੜ ਕਰਨ ਲਈ, ਉਹ ਮੁੜ ਹੌਸਲੇ, ਹਿੰਮਤ ਤੇ ਦ੍ਰਿੜਤਾ ਨਾਲ ਆਪਣੇ ਕੰਮਾਂ ਵਿਚ ਜੁੱਟ ਜਾਂਦਾ ਹੈ। ਅੱਖਾਂ ਵਿਚ ਸੁਪਨੇ ਸਮੋਈ ਤੇ ਮਨ ਵਿਚ ਆਸਾਂ ਦੇ ਦੀਪ ਜਗਾਈ, ਉਹ ਦਿਨ ਬਦਲਣ ਦੀ ਤਾਂਘ ਵਿਚ ਸਾਲਾਂ-ਸਾਲ ਜ਼ਿੰਦਗੀ ਦੇ ਮੋਰਚੇ 'ਤੇ ਡਟਿਆ ਰਹਿੰਦਾ ਹੈ। ਪਰ ਬਹੁਤ ਕੌੜਾ ਹੈ ਜ਼ਿੰਦਗੀ ਦਾ ਯਥਾਰਥ, ਮਿੱਟੀ ਨਾਲ ਮਿੱਟੀ ਹੁੰਦਿਆਂ ਤੇ ਕਰੜੀ ਮੁਸ਼ੱਕਤ ਦਾ ਪਸੀਨਾ ਵਹਾਉਣ ਦੇ ਬਾਵਜੂਦ ਘਰ ਦੀਆਂ ਲੋੜਾਂ-ਥੁੜ੍ਹਾਂ ਦਾ ਸਾਇਆ, ਉਸ ਦੇ ਨਾਲ ਹੀ ਤੁਰਿਆ ਰਹਿੰਦਾ ਹੈ

ਬਹੁਤ ਛੋਟੇ ਹੁੰਦਿਆਂ, ਜਦੋਂ ਬਾਪੂ ਜੀ ਨੂੰ ਖੇਤੀ ਦਾ ਸਖਤ ਕੰਮ ਕਰਦਿਆਂ ਦੇਖਦੇ ਸਾਂ ਤਾਂ ਮਨ ਵਿਚ ਇਹ ਵਿਚਾਰ ਆਉਂਦਾ ਸੀ ਕਿ ਬਾਪੂ ਜੀ ਦਿਨ ਰਾਤ ਕੰਮਾਂ ਵਿਚ ਹੀ ਕਾਹਤੇ ਲੱਗੇ ਰਹਿੰਦੇ ਹਨ। ਉਹ ਸਵੇਰੇ ਤੜਕੇ ਤੋਂ ਖੇਤਾਂ ਵਿਚ ਚਲੇ ਜਾਂਦੇ ਤੇ ਬੀਬੀ ਸਾਰਾ ਦਿਨ ਚਾਹਾਂ ਰੋਟੀਆਂ ਵਿਚ ਖਪੀ ਰਹਿੰਦੀ ਤੇ ਅਸੀਂ ਨਿਆਣੇ ਖੇਤਾਂ 'ਚ ਰੋਟੀ ਚਾਹ ਪਹੁੰਚਾਉਂਦੇ ਰਹਿੰਦੇ। ਬਾਪੂ ਜੀ ਕਿਸੇ ਨਾਲ ਗੱਲ ਕਰਦਿਆਂ ਅਕਸਰ ਹੀ ਕਹਿੰਦੇ ਫਲਾਣਾ ਸਿੰਆਂ ਘਰ ਤਾਂ ਖੂਹ ਹੁੰਦੇ ਆ ਇਹ ਸਾਰੀ ਉਮਰ ਨਹੀਂ ਭਰਦੇ , ਬੰਦਾ ਮੁੱਕ ਜਾਂਦਾ ਪਰ ਘਰਾਂ ਦੇ ਖੂਹ ਖਾਲੀ ਦੇ ਖਾਲੀ ਰਹਿੰਦੇ ਆ। ਤੇਰੇ ਸਾਹਮਣੇ ਈ ਆ ਦਿਨ ਰਾਤ ਖੋਪੇ ਲੱਗੇ ਬਲਦ ਵਾਂਗ..ਕੰਮੀਂ ਲੱਗੇ ਰਹੀ ਦਾ ਪਰ ਪੱਲੇ ਫੇਰ ਕੁਝ ਨਹੀਂ ਪੈਂਦਾ। ਘਰ ਵਿਚ ਕਦੇ ਕਿਸੇ ਚੀਜ਼ ਦੀ ਘਾਟ, ਕਦੇ ਕੋਈ ਥੁੜ੍ਹ ਬਣੀ ਹੀ ਰਹਿੰਦੀ ਹੈ।

ਆਮ ਸਧਾਰਨ ਆਦਮੀ ਮਿਹਨਤ ਕਰਨ ਦੇ ਬਾਵਜੂਦ ਲੋੜਾਂ-ਥੁੜਾਂ ਨਾਲ ਹੀ ਜੀਵਨ ਭਰ ਜੂਝਦਾ ਰਹਿੰਦਾ ਹੈ। ਕਿਰਤੀ, ਕਿਸਾਨ, ਕਾਮੇ, ਦਿਹਾੜੀਦਾਰ ਮਜ਼ਦੂਰ ਤੇ ਹੋਰ ਛੋਟੇ-ਮੋਟੇ ਧੰਦੇ ਕਰਨ ਵਾਲੇ ਦੋ ਵੇਲੇ ਦੀ ਰੁੱਖੀ-ਮਿੱਸੀ ਰੋਟੀ ਲਈ ਨਿੱਤ ਜਾਨ ਮਾਰਦੇ ਹਨ, ਤਾਂ ਹੀ ਘਰ ਦਾ ਚੁੱਲ੍ਹਾ ਬਲਦਾ ਹੈ। ਅੰਤਾਂ ਦਾ ਕੱਕਰ ਪੈਂਦਾ ਹੋਵੇ, ਅਸਮਾਨੋਂ ਅੱਗ ਵਰ੍ਹਦੀ ਹੋਵੇ, ਚਿੱਤ ਵੀ ਭਾਵੇਂ ਰਾਜ਼ੀ ਨਾ ਹੋਵੇ ਪਰ ਕਿਰਤੀ ਨੂੰ ਤਾਂ ਢਿੱਡ ਦੀ ਅੱਗ ਬੁਝਾਉਣ ਲਈ ਰੋਜ਼ ਖੂਹ ਪੁੱਟਣਾ ਹੀ ਪੈਂਦਾ ਹੈ। ਜਿਊਂਦੀ ਜਾਨ ਨੂੰ ਹੋਰ ਬਥੇਰੀਆਂ ਲੋੜਾਂ ਹੁੰਦੀਆਂ ਹਨ। ਹਰ ਬੰਦਾ ਹੀ ਆਸਾਂ ਦੇ ਮਹਿਲ ਤਾਂ ਬਹੁਤ ਉਸਾਰਦਾ ਹੈ, ਪਰ ਜ਼ਿੰਦਗੀ ਦਾ ਯਥਾਰਥ ਏਨਾ ਕੌੜਾ ਹੈ ਕਿ ਬਰਸਾਤਾਂ ਵਿਚ ਕੋਠੇ ਦੀ ਚੋਂਦੀ ਛੱਤ ਵੀ ਕਈ ਵਾਰ ਨਹੀਂ ਬਦਲ ਹੁੰਦੀ। ਜੇ ਕਿਤੇ ਕੋਈ ਬਿਮਾਰੀ ਦੀ ਮਾਰ ਪੈ ਜਾਵੇ ਤਾਂ ਆਮ ਆਦਮੀ ਇਲਾਜ ਕਰਾਉਣ ਦਾ ਸੋਚ ਕੇ ਹੀ ਪਰੇਸ਼ਾਨ ਹੋ ਜਾਂਦਾ ਹੈ। ਲੋੜਾਂ-ਥੁੜਾਂ ਵਿਚ ਫਾਥੇ ਅਨੇਕਾਂ ਲੋਕ ਅਣਹੋਇਆਂ ਦਾ ਜੀਵਨ ਜਿਊਣ ਲਈ ਮਜਬੂਰ ਹਨ।

ਮਨ ਦੀਆਂ ਆਸਾਂ ਉਮੰਗਾਂ ਤੇ ਰੀਝਾਂ ਇਸ ਕਦਰ ਮਧੋਲੀਆਂ ਜਾਂਦੀਆਂ ਹਨ ਕਿ ਮਨੁੱਖ ਨੂੰ ਇਹ ਜੀਵਨ ਹੀ ਦੁਸ਼ਵਾਰ ਲੱਗਣ ਲੱਗ ਜਾਂਦਾ ਹੈ। ਇਸ ਗੱਲ ਵਿਚ ਵੀ ਕੋਈ ਦੋ ਰਾਵਾਂ ਨਹੀਂ ਹਨ ਕਿ ਅਕਸਰ ਇਹ ਦੇਖਣ ਵਿਚ ਆਇਆ ਹੈ ਕਿ ਮਿਹਨਤ ਮੁਸ਼ੱਕਤ ਕਰਨ ਵਾਲਾ ਕਿਰਤੀ-ਕਾਮਾ ਅਨੇਕਾਂ ਤਰਸੇਵਿਆਂ ਤੇ ਦੁਸ਼ਵਾਰੀਆਂ ਨਾਲ ਜੂਝਣ ਦੇ ਬਾਵਜੂਦ, ਹਿੰਮਤ ਨਹੀਂ ਹਾਰਦਾ। ਕੁਦਰਤ ਨੇ ਉਸ ਨੂੰ ਹੌਸਲੇ ਤੇ ਦ੍ਰਿੜਤਾ ਦੀ ਅਜਿਹੀ ਦਾਤ ਬਖਸ਼ੀ ਹੋਈ ਹੈ ਕਿ ਉਹ ਹਰ ਮੁਸੀਬਤ ਦਾ ਮੁਕਾਬਲਾ ਕਰਨ ਲਈ ਤਿਆਰ ਰਹਿੰਦਾ ਹੈ।

ਬਿਨਾਂ ਸ਼ੱਕ ਕਿਸਾਨੀ ਦੀ ਹਾਲਤ ਬਹੁਤ ਹੀ ਬਦਤਰ ਹੈ ਤੇ ਖੇਤੀ ਲਾਹੇਵੰਦ ਧੰਦਾ ਨਹੀਂ ਰਹੀ। ਕਿਸਾਨ ਨੂੰ ਆਪਣੀ ਮਿਹਨਤ ਦਾ ਮੁੱਲ ਵੀ ਨਹੀਂ ਮਿਲਦਾ। ਕਰਜ਼ੇ ਦੇ ਜਾਲ ਵਿਚ ਫਸਿਆ ਉਹ ਮੁਸੀਬਤਾਂ ਦੀ ਜਕੜ ਦਾ ਸਤਾਇਆ ਨਿਤ-ਦਿਨ ਖੁਦਕੁਸ਼ੀਆਂ ਦੇ ਰਾਹ ਪੈ ਕੇ ਆਪਣੇ ਪਰਿਵਾਰਾਂ ਲਈ ਘੋਰ ਸੰਕਟ ਪੈਦਾ ਕਰ ਰਿਹਾ ਹੈ। ਮਜਬੂਰੀਆਂ ਵਿਚ ਫਾਥਾ ਬੰਦਾ ਜਦੋਂ ਬੇਆਸ ਹੋ ਜਾਵੇ ਤਾਂ ਉਹਨੂੰ ਕੁਝ ਨਹੀਂ ਅਹੁੜਦਾ ਤੇ ਉਸ ਨੂੰ ਇਹ ਜੀਵਨ ਜ਼ਹਿਰ ਲੱਗਣ ਲੱਗ ਜਾਂਦਾ ਹੈ। ਬੱਸ ਅਜਿਹੇ ਕਿਸੇ ਮਨਹੂਸ ਪਲ ਉਹ ਆਤਮਘਾਤ ਕਰਕੇ ਆਪ ਤਾਂ ਇਸ ਸੰਕਟ ਤੋਂ ਮੁਕਤ ਹੋ ਜਾਂਦਾ ਹੈ, ਪਰ ਆਪਣੇ ਘਰ ਪਰਿਵਾਰ ਤੇ ਬੱਚਿਆਂ 'ਤੇ ਮੁਸੀਬਤਾਂ ਦਾ ਪਹਾੜ ਸੁੱਟ ਜਾਂਦਾ ਹੈ। ਬਿਨਾਂ ਸ਼ੱਕ ਸਮੱਸਿਆਵਾਂ ਬਹੁਤ ਗਹਿਰੀਆਂ ਹਨ ਤੇ ਜਿਸ ਦੇ ਸਿਰ 'ਤੇ ਪੈਣ ਉਹੀ ਜਾਣਦਾ ਹੈ। ਪਰ ਖੁਦਕੁਸ਼ੀ ਕਿਸੇ ਮਸਲੇ ਨੂੰ ਹੱਲ ਨਹੀਂ ਕਰਦੀ। ਜੇ ਕੋਈ ਕਿਰਤੀ ਕਾਮਾ ਮਜ਼ਦੂਰ ਅਨੇਕਾਂ ਪਰੇਸ਼ਾਨੀਆਂ ਕਸ਼ਟਾਂ ਤੇ ਲੋੜਾਂ-ਥੁੜਾਂ ਦੇ ਬਾਵਜੂਦ ਮਿਹਨਤ ਦਾ ਪੱਲਾ ਨਹੀਂ ਛੱਡਦਾ ਤੇ ਜੀਵਨ ਨੂੰ ਕਰੜੇ-ਹੱਥੀਂ ਟੱਕਰਦਾ ਹੈ, ਤਾਂ ਜ਼ਮੀਨ-ਜਾਇਦਾਦ (ਭਾਵੇਂ ਥੋੜ੍ਹੀ ਸਹੀ) ਹੋਣ ਦੇ ਬਾਵਜੂਦ ਕਿਸਾਨ ਆਪਣੇ ਖੇਤਾਂ ਵਿਚ ਖੁਦਕੁਸ਼ੀ ਦੀ ਫ਼ਸਲ ਕਿਉਂ ਬੀਜਣ ਲੱਗ ਪਿਆ ਹੈ?

ਹਕੂਮਤਾਂ ਟਾਹਰਾਂ ਮਾਰਦੀਆਂ ਹਨ ਕਿ ਦੇਸ਼ ਨੇ ਆਜ਼ਾਦੀ ਤੋਂ ਬਾਅਦ ਤਰੱਕੀ ਦੀਆਂ ਵੱਡੀਆਂ ਮੰਜ਼ਿਲਾਂ ਹਾਸਲ ਕੀਤੀਆਂ ਹਨ, ਪਰ ਹਕੀਕਤ ਇਹ ਹੈ ਕਿ ਇਸ ਦੇਸ਼ ਦੇ ਕਰੋੜਾਂ ਲੋਕ ਅੱਜ ਵੀ ਜੀਵਨ ਦੀਆ ਬੁਨਿਆਦੀ ਲੋੜਾਂ ਨੂੰ ਤਰਸ ਰਹੇ ਹਨ। ਹੈਰਾਨੀਜਨਕ ਗੱਲ ਹੈ ਕਿ ਕੇਂਦਰੀ ਹਕੂਮਤ ਸਮੇਂ-ਸਮੇਂ 'ਤੇ ਆਪਣੀ ਪਿੱਠ ਆਪੇ ਥਾਪੜ ਲੈਂਦੀ ਹੈ ਕਿ ਅਸੀਂ ਦੇਸ਼ ਦੇ ਅੱਸੀ ਕਰੋੜ ਲੋਕਾਂ ਨੂੰ ਮਹੀਨੇ ਦਾ ਪੰਜ ਕਿਲੋ ਰਾਸ਼ਨ ਦੇ ਰਹੇ ਹਾਂ। ਇਸ ਤੋਂ ਵੱਡੀ ਬਦਕਿਸਮਤੀ ਤੇ ਸ਼ਰਮਸਾਰੀ ਕੀ ਹੋ ਸਕਦੀ ਹੈ ਕਿ ਏਨੀ ਵੱਡੀ ਗਿਣਤੀ ਵਿਚ ਲੋਕ ਅੱਜ ਵੀ ਸਾਧਨਹੀਣ ਹਨ ਤੇ ਭੁੱਖਮਰੀ ਦੀ ਜੂਨ ਹੰਢਾ ਰਹੇ ਹਨ। ਦੇਸ਼ ਵਿਚ ਆਰਥਿਕ ਨਾਬਰਾਬਰੀ ਤੇ ਸਾਧਨਾਂ ਦੀ ਕਾਣੀ ਵੰਡ ਦਾ ਪਾੜਾ ਏਨਾ ਵੱਧ ਚੁੱਕਾ ਹੈ ਕਿ ਇਕ ਪਾਸੇ, ਦੌਲਤ ਦੇ ਅੰਬਾਰ ਲੱਗੇ ਹੋਏ ਹਨ ਤੇ ਦੂਜੇ ਪਾਸੇ ਕਰੋੜਾਂ ਲੋਕ ਭੁੱਖਮਰੀ ਵਿਚ ਤੜਫਦੇ, ਸਿਰ ਦੀ ਛੱਤ ਤੋਂ ਸੱਖਣੇ, ਅਨਪੜ੍ਹਤਾ ਦੇ ਹਨੇ?ਹਰੇ ਵਿਚ ਵਿਚਰਦੇ, ਬੇਰੁਜ਼ਗਾਰੀ ਦਾ ਸੰਤਾਪ ਭੋਗਦੇ, ਭਿਆਨਕ ਬਿਮਾਰੀਆਂ ਨਾਲ ਫਾਥੇ ਕਰੋੜਾਂ ਲੋਕ ਦਿਨ ਕਟੀ ਕਰਨ ਲਈ ਮਜਬੂਰ ਹਨ।

ਜੇ ਹਕੂਮਤਾਂ ਦੇਸ਼ ਦੀ 'ਤਰੱਕੀ' ਦਾ ਸਿਹਰਾ ਆਪਣੇ ਸਿਰ ਬੰਨ੍ਹਦੀਆਂ ਹਨ ਤਾਂ ਗਰੀਬੀ ਦੀ ਦਲਦਲ ਵਿਚ ਧੱਕੇ ਇਨ੍ਹਾਂ ਕਰੋੜਾਂ ਲੋਕਾਂ ਦੀ ਜ਼ਿੰਮੇਵਾਰੀ ਵੀ ਲੈਣ ਤਾਂ ਕਿ ਦੁਨੀਆਂ ਨੂੰ ਪਤਾ ਲੱਗੇ ਕਿ ਭਾਰਤ ਮਹਾਨ ਕਿੱਥੇ ਖੜ੍ਹਾ ਹੈ। ਹੁਣ ਤਾਂ ਹਕੂਮਤਾਂ ਨੇ ਆਮ ਆਦਮੀ ਦੀ ਸਾਰ ਲੈਣੀ ਹੀ ਛੱਡ ਦਿੱਤੀ ਹੈ। ਵੱਡੇ-ਵੱਡੇ ਸਰਮਾਏਦਾਰ ਹੀ ਸਰਕਾਰਾਂ ਦੇ ਚਹੇਤੇ ਹਨ ਤੇ ਸਰਕਾਰਾਂ ਇਨ੍ਹਾਂ ਦੇ ਸਿਰ 'ਤੇ ਹੀ ਚੱਲਦੀਆਂ ਹਨ। ਸਭ ਯੋਜਨਾਵਾਂ ਇਨ੍ਹਾਂ ਧੰਨਾਢਾਂ ਨੂੰ ਸਾਹਮਣੇ ਰੱਖ ਕੇ ਹੀ ਬਣਦੀਆਂ ਹਨ। ਦੇਸ਼ ਦੇ ਸਾਰੇ ਆਰਥਿਕ ਵਸੀਲੇ ਤੇ ਸਰਮਾਇਆ ਕੁਝ ਹੱਥਾਂ ਵਿਚ ਸਿਮਟ ਕੇ ਹੀ ਰਹਿ ਗਿਆ ਹੈ। ਦੂਜੇ ਪਾਸੇ ਕਰੋੜਾਂ ਦੇਸ਼ਵਾਸੀ ਗਰੀਬੀ ਦੀ ਜੂਨ ਹੰਢਾਉਂਣ ਲਈ ਮਜਬੂਰ ਹਨ, ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਕਿਰਤੀ ਕਾਮਿਆਂ ਦੀ ਮਿਹਨਤ ਤੇ ਸਿਰੜ ਨੂੰ ਦੇਖ ਕੇ ਸਿਰ ਝੁਕਦਾ ਹੈ।

ਸਮਾਜ ਵਿਚ ਜਿੰਨੀ ਤਰੱਕੀ ਨਜ਼ਰ ਆਉਂਦੀ ਹੈ, ਉਹ ਲਹੂ-ਪਸੀਨਾ ਇਕ ਕਰਨ ਵਾਲੇ ਕਾਮਿਆਂ ਦੀ ਬਦੌਲਤ ਹੀ ਹੈ। ਵੱਡੇ ਵੱਡੇ ਮਹਿਲ, ਕੋਠੀਆਂ ਤੇ ਧੌਲਰ ਉਸਾਰਨ ਵਾਲਾ ਕਿਰਤੀ-ਕਾਮਾ, ਮਿਹਨਤ ਦੇ ਬਾਵਜੂਦ ਸਾਰੀ ਉਮਰ ਆਪਣਾ ਰੈਣ-ਬਸੇਰਾ ਵੀ ਉਸਾਰਨ ਦੇ ਯੋਗ ਨਹੀਂ ਹੁੰਦਾ। ਕਾਮਿਆਂ ਦੀ ਸਖਤ ਮਿਹਨਤ ਤੇ ਲਗਨ ਨਾਲ ਹੀ ਉਦਯੋਗਪਤੀਆਂ ਦਾ ਮੁਨਾਫਾ ਵੱਧਦਾ ਹੈ ਤੇ ਉਹ ਅੱਗੇ ਤੋਂ ਅੱਗੇ ਆਪਣਾ ਕਾਰੋਬਾਰ ਵਧਾਈ ਜਾਂਦੇ ਹਨ। ਪਰ ਕਾਮਿਆਂ ਦੀ ਹਾਲਤ ਨਹੀਂ ਬਦਲਦੀ ਤੇ ਦਿਨੋਂ-ਦਿਨ ਹੋਰ ਨਿੱਘਰੀ ਜਾਂਦੀ ਹੈ। ਅਜਿਹੀ ਹਾਲਤ ਵਿਚ ਉਹਦੇ ਸਭ ਸੁਪਨੇ, ਰੀਝਾਂ ਤੇ ਉਮੰਗਾਂ ਮਧੋਲੀਆਂ ਜਾਂਦੀਆਂ ਹਨ।

ਘਰ ਤਾਂ ਸਕੂਨ ਤੇ ਸੁੱਖਾਂ ਦੀ ਖਾਣ ਹੁੰਦਾ ਹੈ, ਪਰ ਜੇ ਸਖਤ ਮਿਹਨਤ ਦੇ ਬਾਵਜੂਦ, ਆਸਾਂ ਨੂੰ ਬੂਰ ਨਾ ਪਏ ਤੇ ਘਰ ਰੂਪੀ ਖੂਹ ਖਾਲੀ ਦਾ ਖਾਲੀ ਹੀ ਰਹੇ ਤਾਂ ਇਹੀ ਘਰ ਖਾਣ ਨੂੰ ਆਉਂਦਾ ਹੈ। ਇਕ ਪਾਸੇ ਧਨਾਢਾਂ ਦੇ ਮਹਿਲ ਦੌਲਤਾਂ ਨਾਲ ਆਫਰੇ ਪਏ ਹਨ, ਪਰ ਮਿਹਨਤ ਤੇ ਹੱਕ ਸੱਚ ਦੀ ਕਮਾਈ ਕਰਨ ਵਾਲਿਆਂ ਨੂੰ ਹਮੇਸ਼ਾਂ ਤੰਗੀਆਂ-ਤੁਰਸ਼ੀਆਂ ਦੇ ਘੁੱਟ ਹੀ ਭਰਨੇ ਪੈਂਦੇ ਹਨ।

# ਖੇਤੀਬਾੜੀ ਖੇਤਰ ਵਿਚ ਭਾਰਤ ਦੀ ਕਾਮਯਾਬੀ ਦਾ ਨਵਾਂ ਮੁਕਾਮ:

ਸਾਲ 2014 ਵਿਚ ਪ੍ਰਧਾਨ ਮੰਤਰੀ ਮੋਦੀ ਦੇ ਸੱਤਾ ਸੰਭਾਲਣ ਦੇ ਇਕ ਦਹਾਕੇ ਬਾਅਦ, ਭਾਰਤ ਦਾ ਖੇਤੀਬਾੜੀ ਖੇਤਰ ਸਾਲ 2025 ਤੱਕ ਪੂਰੀ ਤਰ੍ਹਾਂ ਬਦਲ ਚੁੱਕਿਆ ਹੈ। ਕਦੇ ਘੱਟ ਉਤਪਾਦਕਤਾ, ਕੀਮਤਾਂ ਵਿਚ ਅਨਿਸਚਿਤਤਾ ਅਤੇ ਦਰਾਮਦ 'ਤੇ ਨਿਰਭਰਤਾ ਨਾਲ ਜੂਝਦੀ ਵਿਵਸਥਾ, ਹੁਣ ਰਿਕਾਰਡ ਉਤਪਾਦਨ, ਕਿਸਾਨਾਂ ਲਈ ਯਕੀਨੀ ਆਮਦਨ, ਵਿਗਿਆਨਕ ਨਵੀਨਤਾ ਅਤੇ ਲੰਬੇ ਸਮੇਂ ਦੀ ਸਵੈ-ਨਿਰਭਰਤਾ ਨਾਲ ਭਰਪੂਰ ਹੈ। ਦਰਅਸਲ 2025 ਨੂੰ ਅਹਿਮ ਬਣਾਉਣ ਪਿੱਛੇ ਕੋਈ ਇਕ ਯੋਜਨਾ ਜਾਂ ਅੰਕੜਾ ਨਹੀਂ ਹੈ, ਸਗੋਂ 11 ਸਾਲਾਂ ਦੇ ਸੁਧਾਰਾਂ ਦਾ ਇਕ ਸੁਮੇਲ ਅਤੇ ਭਵਿੱਖ ਲਈ ਤਿਆਰ ਖੇਤੀਬਾੜੀ ਢਾਂਚੇ ਵਿਚ ਏਕੀਕਰਨ ਹੈ।

ਖਿੰਡੇ ਹੋਏ ਤੋਂ ਕੇਂਦ੍ਰਿਤ ਨਜ਼ਰੀਏ ਵੱਲ

2025 ਵਿਚ ਸੁਰੂ ਕੀਤੀ ਗਈ ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸੀ ਯੋਜਨਾ (ਪੀ. ਐੱਮ. ਡੀ. ਡੀ. ਕੇ. ਵਾਈ.) ਨੇ ਨਿਸਾਨਾਬੱਧ ਅਤੇ ਨਤੀਜਿਆਂ 'ਤੇ ਫੋਕਸ ਕਰਨ ਵਾਲੇ ਖੇਤੀਬਾੜੀ ਸੁਧਾਰਾਂ ਦੀ ਦਿਸ਼ਾ ਵਿਚ ਇਕ ਅਹਿਮ ਕਦਮ ਚੁੱਕਿਆ ਹੈ। ਕੇਂਦਰੀ ਬਜਟ 2025-26 ਵਿਚ ਐਲਾਨੀ ਅਤੇ ਜੁਲਾਈ ਵਿਚ ਕੇਂਦਰੀ ਕੈਬਨਿਟ ਵੱਲੋਂ ਮਨਜੂਰਸ਼ੁਦਾ ਇਹ ਯੋਜਨਾ, 100



ਘੱਟ ਪ੍ਰਦਰਸਨ ਕਰਨ ਵਾਲੇ ਜ਼?ਲ੍ਹਿਆਂ 'ਤੇ ਕੇਂਦ੍ਰਿਤ ਹੈ ਅਤੇ ਇਸ ਦਾ ਮਕਸਦ 1.7 ਕਰੋੜ ਕਿਸਾਨਾਂ ਨੂੰ ਲਾਭ ਪਹੁੰਚਾਉਣਾ ਹੈ। ਇਸਦੇ ਲਈ ਸਾਲਾਨਾ 24,000 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ, ਤਾਂਕਿ ਘੱਟ ਉਤਪਾਦਕਤਾ, ਪਾਣੀ ਦੇ ਸੰਕਟ ਅਤੇ ਕਰਜੇ ਦੀ ਘਾਟ ਵਰਗੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕੇ। 11 ਮੰਤਰਾਲਿਆਂ ਦੀਆਂ 36 ਖੇਤੀਬਾੜੀ ਯੋਜਨਾਵਾਂ ਨੂੰ ਏਕੀਕ੍ਰਿਤ ਕਰ ਕੇ, ਪੀ. ਐੱਮ. ਡੀ. ਡੀ. ਕੇ.ਵਾਈ ਨੇ ਖਿੰਡੇ ਹੋਏ ਲਾਗੂਕਰਨ ਨੂੰ ਜ਼?ਲ੍ਹਾ-ਪੱਧਰੀ ਤਾਲਮੇਲ ਵਿਚ ਤਬਦੀਲ ਕਰ ਦਿੱਤਾ ਹੈ। ਏ. ਡੀ. ਪੀ. ਤੋਂ ਪ੍ਰੇਰਿਤ ਇਹ ਯੋਜਨਾ ਸਿੰਚਾਈ, ਭੰਡਾਰਨ, ਟੈਕਨਾਲੋਜੀ, ਸਿਖਲਾਈ ਅਤੇ ਸੰਸਥਾਗਤ ਕਰਜੇ ਨੂੰ ਤਰਜੀਹ ਦਿੰਦੀ ਹੈ, ਜੋ ਮਿਸਨ-ਆਧਾਰਿਤ ਖੇਤੀਬਾੜੀ ਬਦਲਾਅ ਅਤੇ ਆਤਮ-ਨਿਰਭਰ ਭਾਰਤ ਦੀ ਦਿਸ਼ਾ ਵਿਚ ਇਕ ਅਹਿਮ ਕਦਮ ਦਾ ਇਸ਼ਾਰਾ ਹੈ।

ਦਾਲਾਂ : ਸਵੈ-ਨਿਰਭਰਤਾ ਵੱਲ ਇਕ ਰਣਨੀਤਕ ਸਫ਼ਲਤਾ

ਸਾਲ 2025 ਵਿਚ, ਭਾਰਤ ਨੇ ਦਰਾਮਦ 'ਤੇ ਨਿਰਭਰਤਾ ਘੱਟ ਕਰਨ ਲਈ 11,440 ਕਰੋੜ ਰੁਪਏ ਦੇ ਖ਼ਰਚੇ ਨਾਲ ਦਾਲਾਂ ਵਿਚ ਆਤਮ-ਨਿਰਭਰਤਾ ਮਿਸਨ ਦੀ ਸ਼ੁਰੂਆਤ ਕੀਤੀ। ਇਸ ਮਿਸਨ ਦਾ ਟੀਚਾ 2030-31 ਤੱਕ 350 ਲੱਖ ਟਨ ਦਾਲਾਂ ਦਾ ਉਤਪਾਦਨ ਅਤੇ 310 ਲੱਖ ਹੈਕਟੇਅਰ ਵਿਚ ਦਾਲਾਂ ਦੀ ਖੇਤੀ ਕਰਨਾ ਹੈ। ਪਹਿਲੀ ਵਾਰ, ਅਰਹਰ, ਮਾਂਹ ਅਤੇ ਮਸਰ ਉਗਾਉਣ ਵਾਲੇ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਗੁਣਵੱਤਾ ਵਾਲੇ ਬੀਜ ਵੰਡਣ ਦੇ ਨਾਲ ਚਾਰ ਸਾਲਾਂ ਲਈ 100 ਫੀਸਦੀ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਖ਼ਰੀਦ ਦਾ ਭਰੋਸਾ ਦਿੱਤਾ ਗਿਆ ਹੈ। ਲਗਭਗ 2 ਕਰੋੜ ਕਿਸਾਨਾਂ ਨੂੰ ਲਾਭ ਪਹੁੰਚਾਉਣ ਵਾਲਾ ਇਹ ਮਿਸਨ, ਵੈਲੀਊ ਚੇਨ ਨੂੰ ਮਜਬੂਤ ਕਰਦਾ ਹੈ, ਆਮਦਨ ਨੂੰ ਸਥਿਰ ਕਰਦਾ ਹੈ ਅਤੇ ਪੋਸਣ ਸੁਰੱਖਿਆ ਨੂੰ ਉਤਸਾਹਿਤ ਕਰਦਾ ਹੈ।ਕਪਾਹ ਮਿਸਨ

ਕੇਂਦਰੀ ਬਜਟ 2025-26 ਵਿਚ ਐਲਾਨੇ ਪੰਜ ਸਾਲਾ ਕਪਾਹ ਮਿਸਨ ਦਾ ਮਕਸਦ, ਕਿਸਾਨਾਂ ਨੂੰ ਵਿਗਿਆਨ ਅਤੇ ਟੈਕਨੋਲੋਜੀ ਸਬੰਧੀ ਮਦਦ ਦੇ ਕੇ ਉਤਪਾਦਕਤਾ ਵਧਾਉਣਾ ਹੈ, ਖਾਸ ਕਰ ਕੇ ਵਾਧੂ ਲੰਬੇ ਰੇਸ਼ੇ ਵਾਲੀ ਕਪਾਹ ਦੀ। ਗੁਣਵੱਤਾ ਵਾਲੀ ਕਪਾਹ ਦੀ ਲਗਾਤਾਰ ਸਪਲਾਈ ਕਰ ਕੇ, ਇਹ ਮਿਸਨ ਭਾਰਤ ਦੇ ਟੈਕਸਟਾਈਲ ਖੇਤਰ ਨੂੰ ਮਜਬੂਤ ਕਰਦਾ ਹੈ, ਜਿੱਥੇ 80 ਫ਼ੀਸਦੀ ਸਮਰੱਥਾ ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮ. ਐੱਸ. ਐੱਮ. ਈ.) ਵੱਲੋਂ ਸੰਚਾਲਿਤ ਹੈ।

ਰਿਕਾਰਡ ਉਤਪਾਦਨ: ਇਕ ਦਹਾਕੇ ਦੇ ਸੁਧਾਰਾਂ ਦਾ ਨਤੀਜਾ

ਇਨ੍ਹਾਂ ਨੀਤੀਗਤ ਫ਼ੈਸਲਿਆਂ ਦਾ ਅਸਰ ਸਾਲ 2025 ਵਿਚ ਸਾਫ਼ ਤੌਰ 'ਤੇ ਦਿਖਾਈ ਦਿੱਤਾ। ਖੇਤੀਬਾੜੀ ਮੰਤਰਾਲੇ ਵੱਲੋਂ ਨਵੰਬਰ 2025 ਵਿਚ ਜਾਰੀ ਕੀਤੇ ਅੰਕੜਿਆਂ ਮੁਤਾਬਿਕ, ਭਾਰਤ ਨੇ 2024-25 ਵਿਚ 357.73 ਮਿਲੀਅਨ ਟਨ ਅਨਾਜ ਉਤਪਾਦਨ ਦੇ ਨਾਲ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹਾਸਲ ਕੀਤਾ। ਇਹ 2015-16 ਦੇ ਮੁਕਾਬਲੇ 106 ਮਿਲੀਅਨ ਟਨ ਤੋਂ ਵੱਧ ਦਾ ਵਾਧਾ ਦਰਸਾਉਂਦਾ ਹੈ, ਜਦੋਂ ਉਤਪਾਦਨ 251.54 ਮਿਲੀਅਨ ਟਨ ਸੀ, ਜੋ ਪਿਛਲੇ ਦਸ ਸਾਲਾਂ ਵਿਚ ਦਰਜ ਕੀਤਾ ਗਿਆ ਸਭ ਤੋਂ ਵੱਡਾ ਵਾਧਾ ਹੈ।

2025 ਲਈ ਐਲਾਨੀਆਂ ਗਈਆਂ ਮੁੱਖ ਉਪਲਬਧੀਆਂ ਵਿਚ ਸਾਮਲ ਹਨ:

ਚੌਲਾਂ ਦਾ ਉਤਪਾਦਨ ਰਿਕਾਰਡ 1,501.84 ਲੱਖ ਟਨ

ਕਣਕ ਦਾ ਉਤਪਾਦਨ 1,179.45 ਲੱਖ ਟਨ ਰਿਹਾ, ਜੋ ਹਾਲ ਹੀ ਦੇ ਇਤਿਹਾਸ ਵਿਚ ਸਭ ਤੋਂ ਵੱਧ ਸਾਲਾਨਾ ਵਾਧਾ ਹੈ

ਦਾਲਾਂ ਦਾ ਉਤਪਾਦਨ 256.83 ਲੱਖ ਟਨ ਤੱਕ ਪਹੁੰਚਿਆ

ਤੇਲ ਬੀਜਾਂ ਦਾ ਉਤਪਾਦਨ ਰਿਕਾਰਡ 429.89 ਲੱਖ ਟਨ ਤੱਕ ਪਹੁੰਚਿਆ

2025 ਦੀ ਪਹਿਲੀ ਤਿਮਾਹੀ ਵਿਚ ਭਾਰਤ ਦੇ ਖੇਤੀਬਾੜੀ ਖੇਤਰ ਨੇ 3.7 ਫ਼ੀਸਦੀ ਦਾ ਵਾਧਾ ਦਰਜ ਕੀਤਾ, ਜਿਸ ਨਾਲ ਇਹ ਦੁਨੀਆ ਦੀਆਂ ਸਭ ਤੋਂ ਤੇਜੀ ਨਾਲ ਵਧਦੀਆਂ ਖੇਤੀਬਾੜੀ ਅਰਥਵਿਵਸਥਾਵਾਂ ਵਿਚ ਸ਼ਾਮਲ ਹੋ ਗਿਆ।

ਐੱਮ. ਐੱਸ. ਪੀ.: ਨੀਤੀਗਤ ਵਾਅਦੇ ਤੋਂ ਆਮਦਨ ਸੁਰੱਖਿਆ ਤੱਕ

ਇਸ ਬਦਲਾਅ ਦਾ ਇਕ ਜਰੂਰੀ ਥੰਮ੍ਹ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਨੂੰ ਮਜਬੂਤ ਕਰਨਾ ਰਿਹਾ ਹੈ। 2014 ਤੋਂ ਪਹਿਲਾਂ, ਸੀਮਤ ਖ਼ਰੀਦ ਦੇ ਕਾਰਨ ਐੱਮ. ਐੱਸ. ਪੀ. ਅਕਸਰ ਪ੍ਰਤੀਕਾਤਮਕ ਹੀ ਰਹਿੰਦਾ ਸੀ ਪਰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਐੱਮ.ਐੱਸ.ਪੀ. ਨੂੰ ਇਕ ਅਸਲੀ ਆਮਦਨ ਸੁਰੱਖਿਆ ਵਿਵਸਥਾ ਵਜੋਂ ਸੰਸਥਾਗਤ ਰੂਪ ਦਿੱਤਾ ਗਿਆ ਹੈ। 2025 ਵਿਚ ਸਰਕਾਰ ਨੇ 14 ਸਾਉਣੀ ਦੀਆਂ ਫ਼ਸਲਾਂ ਅਤੇ ਸਾਰੀਆਂ ਲਾਜਮੀ ਹਾੜ੍ਹੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਵਿਚ ਵਾਧੇ ਨੂੰ ਮਨਜੂਰੀ ਦਿੱਤੀ, ਜਿਸ ਵਿਚ ਉਤਪਾਦਨ ਲਾਗਤ ਦੇ 1.5 ਗੁਣਾ ਐੱਮ. ਐੱਸ. ਪੀ. ਨਿਰਧਾਰਤ ਕਰਨ ਦੇ ਸਿਧਾਂਤ ਦੀ ਸਖਤੀ ਨਾਲ ਪਾਲਣਾ ਕੀਤੀ ਗਈ।

ਦਹਾਕੇ ਭਰ ਦੀ ਤੁਲਨਾ ਤੋਂ ਸਾਫ਼ ਹੁੰਦਾ ਹੈ :

ਝੋਨੇ ਦੀ ਖ਼ਰੀਦ (2014-15 ਤੋਂ 2024-25) 7,608 ਲੱਖ ਮੀਟ੍ਰਿਕ ਟਨ ਤੱਕ ਪਹੁੰਚ ਗਈ, ਜਦੋਂ ਕਿ ਇਸ ਤੋਂ ਪਿਛਲੇ ਦਹਾਕੇ ਵਿਚ ਇਹ 4,590 ਲੱਖ ਮੀਟ੍ਰਿਕ ਟਨ ਸੀ।

ਝੋਨੇ ਦੇ ਕਿਸਾਨਾਂ ਦਾ ਐੱਮ.ਐੱਸ.ਪੀ. ਭੁਗਤਾਨ ਵਧ ਕੇ 14.16 ਲੱਖ ਕਰੋੜ ਰੁਪਏ ਹੋ ਗਿਆ, ਜੋ 2014 ਤੋਂ ਪਹਿਲਾਂ ਅਦਾ ਕੀਤੀ ਗਈ ਰਕਮ ਨਾਲੋਂ ਤਿੰਨ ਗੁਣਾ ਤੋਂ ਵੱਧ ਹੈ।

ਸਾਉਣੀ ਦੀਆਂ 14 ਫ਼ਸਲਾਂ ਲਈ ਕੁੱਲ ਐੱਮ.ਐੱਸ.ਪੀ. ਭੁਗਤਾਨ 16.35 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ, ਜਦੋਂ ਕਿ ਪਹਿਲਾਂ ਇਹ 4.75 ਲੱਖ ਕਰੋੜ ਰੁਪਏ ਸੀ।

ਰਾਸਟਰੀ ਤਰਜੀਹ ਵਜੋਂ ਖੇਤੀਬਾੜੀ

ਜਨਤਕ ਨਿਵੇਸ ਇਸ ਰਣਨੀਤਕ ਫੋਕਸ ਨੂੰ ਦਰਸਾਉਂਦਾ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਲਈ ਬਜਟ ਵੰਡ ਵਿਚ ਭਾਰੀ ਵਾਧਾ ਹੋਇਆ ਹੈ, ਜੋ 2013-14 ਵਿਚ 21,933.50 ਕਰੋੜ ਰੁਪਏ ਤੋਂ ਵਧ ਕੇ 2025-26 ਵਿਚ 1,27,290.16 ਕਰੋੜ ਰੁਪਏ ਹੋ ਗਿਆ ਹੈ।

# ਮਹਿਲਾ ਸਸ਼ਕਤੀਕਰਨ ਵੱਲ ਵਧਦੇ ਕਦਮ

ਸੋਧੇ ਹੋਏ ਮਹਿਲਾ ਰਾਖਵਾਂਕਰਨ ਬਿੱਲ, ਨਾਰੀ ਸ਼ਕਤੀ ਵੰਦਨ ਐਕਟ, ਬਿੱਲ 2023 ਨੂੰ ਲਾਗੂ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਬਿੱਲ 'ਚ 2029 ਦੀਆਂ ਆਮ ਚੋਣਾਂ 'ਚ ਔਰਤਾਂ ਨੂੰ ਵਿਧਾਨਪਾਲਿਕਾ 'ਚ 33 ਫੀਸਦੀ ਸੀਟਾਂ ਦੇ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ। ਸਰਕਾਰ ਦਾ ਇਰਾਦਾ ਇਸ ਸੋਧੇ ਹੋਏ ਬਿੱਲ ਨੂੰ ਸੰਸਦ ਦੇ ਮੌਜੂਦਾ ਬਜਟ ਸੈਸ਼ਨ ਦੇ ਅਣਮਿੱਥੇ ਸਮੇਂ ਲਈ ਮੁਲਤਵੀ ਹੋਣ ਤੋਂ ਪਹਿਲਾਂ ਲਿਆਉਣ ਦਾ ਹੈ।

ਬਿੱਲ 'ਚ ਸੰਸਦ ਅਤੇ ਵਿਧਾਨ ਮੰਡਲ 'ਚ ਮਹਿਲਾ ਰਾਖਵਾਂਕਰਨ ਨੂੰ ਵਰਤਮਾਨ 'ਚ ਚੱਲ ਰਹੀ ਮਰਦਮਸ਼ੁਮਾਰੀ ਅਤੇ ਹੱਦਬੰਦੀ ਦੀ ਕਵਾਇਦ ਤੋਂ ਵੱਖ ਰੱਖਣਾ ਹੈ ਕਿਉਂਕਿ ਮੌਜੂਦਾ ਕਾਨੂੰਨ ਅਧੀਨ 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਰਦਮਸ਼ੁਮਾਰੀ ਅਤੇ ਹੱਦਬੰਦੀ ਦੀ ਸ਼ਰਤ ਨੂੰ ਪੂਰਾ ਕਰਨਾ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ।

ਸਰਕਾਰ ਦੀ ਯੋਜਨਾ ਹੈ ਕਿ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀ ਮੈਂਬਰ ਗਿਣਤੀ 50 ਫੀਸਦੀ ਤੱਕ ਵਧਾਈ ਜਾਵੇ, ਜਿਸ ਅਧੀਨ ਲੋਕ ਸਭਾ ਦੀਆਂ ਮੌਜੂਦਾ 543 ਸੀਟਾਂ ਵਧ ਕੇ 816 ਸੀਟਾਂ ਹੋ ਜਾਣਗੀਆਂ, ਜਿਸ 'ਚੋਂ 273 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਜੇਕਰ ਇਹ ਬਿੱਲ ਪਾਸ ਹੁੰਦਾ ਹੈ ਤਾਂ ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਗੋਆ ਅਤੇ ਮਣੀਪੁਰ, ਜਿਨ੍ਹਾਂ 'ਚ 2027 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਹ ਵੀ ਵਿਧਾਨ ਸਭਾ 'ਚ ਮਹਿਲਾ ਰਾਖਵਾਂਕਰਨ ਲਾਗੂ ਕਰ ਸਕਦੇ ਹਨ। ਇਸ ਦੇ ਨਾਲ ਹੀ ਵਿਸਥਾਰਿਤ ਸਦਨ 'ਚ ਸੂਬਿਆਂ ਦੀ ਅਨੁਪਾਤਿਕ ਪ੍ਰਤੀਨਿਧਤਾ ਉਸੇ ਤਰ੍ਹਾਂ ਰਹੇਗੀ ਅਤੇ ਔਰਤਾਂ ਲਈ ਸੀਟਾਂ ਰਾਖਵੀਆਂ ਕਰਨ ਲਈ ਲਾਟਰੀ ਪ੍ਰਣਾਲੀ ਅਪਣਾਈ ਜਾਵੇਗੀ।



ਫਿਰ ਵੀ ਇਸ ਦੇ ਲਈ ਹੱਦਬੰਦੀ ਕਮਿਸ਼ਨ ਦੇ ਅਧਿਕਾਰ ਖੇਤਰ ਨੂੰ ਬਦਲਣਾ ਹੋਵੇਗਾ ਜੋ ਚੋਣ ਖੇਤਰਾਂ ਦੀ ਹੱਦਬੰਦੀ ਲਈ 2027 ਦੀ ਮਰਦਮਸ਼ੁਮਾਰੀ ਨਹੀਂ, ਸਗੋਂ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਨੂੰ ਆਧਾਰ ਬਣਾਏਗਾ ਕਿਉਂਕਿ 2027 ਦੀ ਮਰਦਮਸ਼ੁਮਾਰੀ ਦੇ ਅੰਤਿਮ ਅੰਕੜਿਆਂ ਦੇ ਆਉਣ 'ਚ ਦੇਰੀ ਹੋਵੇਗੀ ਜਿਸ ਕਾਰਨ 2029 'ਚ ਹੱਦਬੰਦੀ ਕਰਨ ਲਈ ਬਹੁਤ ਜ਼ਿਆਦਾ ਦੇਰੀ ਹੋ ਜਾਵੇਗੀ।

ਮੌਜੂਦਾ ਸਮੇਂ 'ਚ ਦੱਖਣੀ ਰਾਜ ਇਸ ਗੱਲ ਤੋਂ ਚਿੰਤਤ ਹਨ ਕਿ ਮੌਜੂਦਾ ਆਬਾਦੀ ਦੇ ਆਧਾਰ 'ਤੇ ਹੱਦਬੰਦੀ ਨਾਲ ਲੋਕ ਸਭਾ 'ਚ ਅਨੁਪਾਤਿਕ ਪ੍ਰਤੀਨਿਧਤਾ ਦੇ ਸੰਦਰਭ 'ਚ ਉਨ੍ਹਾਂ ਨੂੰ ਨੁਕਸਾਨ ਹੋਵੇਗਾ ਕਿਉਂਕਿ ਇਨ੍ਹਾਂ ਰਾਜਾਂ 'ਚ ਉੱਤਰੀ ਅਤੇ ਪੂਰਬੀ ਰਾਜਾਂ ਦੀ ਤੁਲਨਾ 'ਚ ਆਬਾਦੀ ਕੰਟਰੋਲ ਦੇ ਉਪਾਅ ਕੁਸ਼ਲਤਾ ਨਾਲ ਲਾਗੂ ਕੀਤੇ ਗਏ ਹਨ। ਦੱਖਣੀ ਰਾਜਾਂ ਦੀ ਚਿੰਤਾ ਨੂੰ ਦੂਰ ਕਰਨ ਲਈ ਹਰੇਕ ਰਾਜ 'ਚ ਸੀਟਾਂ ਦਾ ਹਿੱਸਾ ਮੌਜੂਦਾ ਪੱਧਰ 'ਤੇ ਰੱਖਿਆ ਜਾਵੇਗਾ।

ਦੱਖਣੀ ਰਾਜਾਂ ਤੋਂ ਲੋਕ ਸਭਾ ਲਈ 24 ਫੀਸਦੀ ਮੈਂਬਰ ਚੁਣ ਕੇ ਆਉਂਦੇ ਹਨ ਅਤੇ ਇਸ ਨੂੰ ਲਾਗੂ ਕਰਨ ਲਈ ਸਰਕਾਰ ਨੂੰ 2 ਬਿੱਲ ਲਿਆਉਣੇ ਹੋਣਗੇ। ਪਹਿਲਾ, ਹਰੇਕ ਰਾਜ ਦੇ ਸੀਟਾਂ ਦੇ ਹਿੱਸੇ ਨੂੰ ਅਗਲੇ 25-30 ਸਾਲਾਂ ਲਈ ਮੌਜੂਦਾ ਪੱਧਰ 'ਤੇ ਜਿਉਂ ਦਾ ਤਿਉਂ ਰੱਖਣਾ ਅਤੇ ਦੂਜਾ, ਸੰਵਿਧਾਨ ਦੀ ਧਾਰਾ 82 'ਚ ਸੋਧ ਲਈ ਬਿੱਲ ਲਿਆਉਣਾ, ਜਿਸ 'ਚ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਮਰਦਮਸ਼ੁਮਾਰੀ ਤੋਂ ਬਾਅਦ ਲੋਕ ਸਭਾ ਦੀਆਂ ਸੀਟਾਂ ਦਾ ਸਮਾਯੋਜਨ ਕੀਤਾ ਜਾਵੇਗਾ।

ਇਸ ਸੰਦਰਭ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐੱਨ. ਡੀ. ਏ. (ਰਾਜਗ) ਦੇ ਸਹਿਯੋਗੀ ਦਲਾਂ ਅਤੇ ਵਿਰੋਧੀ ਦਲਾਂ ਤ੍ਰਿਣਮੂਲ ਤੇ ਖੱਬੇਪੱਖੀ ਦਲਾਂ ਨਾਲ ਪਿਛਲੇ ਹਫ਼ਤੇ ਸਲਾਹ-ਮਸ਼ਵਰਾ ਕੀਤਾ, ਜਿਸ 'ਚ ਕਾਂਗਰਸ ਸ਼ਾਮਲ ਨਹੀਂ ਸੀ ਅਤੇ ਪ੍ਰਸਤਾਵ ਦਿੱਤਾ ਕਿ ਵਿਧਾਨ ਮੰਡਲਾਂ 'ਚ ਲਗਭਗ 50 ਫੀਸਦੀ ਸੀਟਾਂ ਨੂੰ ਵਧਾ ਦਿੱਤਾ ਜਾਵੇ ਜਿਸ ਨਾਲ ਮੌਜੂਦਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਆਪਣੀ ਸੀਟ ਬਚਾਈ ਰੱਖਣ ਦਾ ਮੌਕਾ ਮਿਲੇਗਾ, ਜਿਨ੍ਹਾਂ 'ਚੋਂ 85 ਫੀਸਦੀ ਔਰਤਾਂ ਹਨ ਅਤੇ ਨਾਲ ਹੀ ਔਰਤਾਂ ਲਈ ਸੀਟਾਂ ਦਾ ਰਾਖਵਾਂਕਰਨ ਵੀ ਕੀਤਾ ਜਾਵੇਗਾ।

# ਘਰੇਲੂ ਹਿੰਸਾ ਦੀ ਸ਼ਿਕਾਰ ਅੱਧੀ ਆਬਾਦੀ ਚੋਣਾਂ ਦਾ ਮੁੱਦਾ ਨਹੀਂ

ਭਾਰਤ ਨੂੰ ਜਿਨ੍ਹਾਂ ਮੁੱਦਿਆਂ 'ਤੇ ਕੌਮਾਂਤਰੀ ਪੱਧਰ 'ਤੇ ਸ਼ਰਮਸਾਰ ਹੋਣਾ ਪੈਂਦਾ ਹੈ,



ਅਜਿਹੇ ਮੁੱਦੇ ਸਿਆਸੀ ਦਲਾਂ ਅਤੇ ਸਰਕਾਰਾਂ ਲਈ ਚੋਣਾਂ ਦਾ ਮੁੱਦਾ ਨਹੀਂ ਬਣਦੇ। ਇਨ੍ਹਾਂ 'ਚ ਹੀ ਇਕ ਮੁੱਦਾ ਘਰੇਲੂ ਹਿੰਸਾ ਹੈ। ਦਰਅਸਲ ਸਿਆਸੀ ਦਲਾਂ ਨੂੰ ਅੰਦਾਜਾ ਹੈ ਕਿ ਇਸ ਨਾਲ ਉਨ੍ਹਾਂ ਦੇ ਵੋਟ ਬੈਂਕ 'ਤੇ ਅਸਰ ਨਹੀਂ ਪਵੇਗਾ। ਇਸੇ ਕਰ ਕੇ ਆਜਾਦੀ ਦੇ ਬਾਅਦ ਤੋਂ ਇਹ ਮੁੱਦਾ ਮਹੱਤਵਪੂਰਨ ਹੋਣ ਦੇ ਬਾਵਜੂਦ ਹਾਸ਼ੀਏ 'ਤੇ ਰਿਹਾ ਹੈ। ਹਾਲਾਂਕਿ ਦੇਸ਼ 'ਚ ਘਰੇਲੂ ਹਿੰਸਾ 'ਤੇ ਕਾਨੂੰਨ ਬਣੇ ਹਨ ਪਰ ਜ਼ਮੀਨੀ ਹਕੀਕਤ 'ਚ ਔਰਤਾਂ ਦੀ ਸਥਿਤੀ 'ਚ ਬਦਲਾਅ ਨਹੀਂ ਆਇਆ ਹੈ। ਭਾਰਤ 'ਚ ਸਾਲ 2023 'ਚ 15-49 ਸਾਲ ਉਮਰ ਵਰਗ ਦੀਆਂ 5 ਤੋਂ ਜ਼?ਆਦਾ ਭਾਵ ਲੱਗਭਗ 20 ਫੀਸਦੀ ਮਹਿਲਾਵਾਂ ਨੂੰ ਆਪਣੇ ਸਾਥੀ ਵਲੋਂ ਹਿੰਸਾ ਦਾ ਸਾਹਮਣਾ ਕਰਨਾ ਪਿਆ, ਜਦੋਂ ਕਿ ਲੱਗਭਗ 30 ਫੀਸਦੀ ਔਰਤਾਂ ਆਪਣੇ ਜੀਵਨਕਾਲ 'ਚ ਅਜਿਹੀ ਹਿੰਸਾ ਤੋਂ ਪ੍ਰਭਾਵਿਤ ਹੋਈਆਂ ਹਨ।

ਵਿਸ਼ਵ ਸਿਹਤ ਸੰਗਠਨ (ਡਬਲਯੂ. ਐੱਚ. ਓ.) ਦੀ ਨਵੀਂ ਸੰਸਾਰਕ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਡਾ. ਟੇਡ੍ਰੋਸ ਐਡਨਾਮ ਘੇਬਰੇਐਸਸ ਨੇ ਕਿਹਾ ਕਿ ਔਰਤਾਂ ਵਿਰੁੱਧ ਹਿੰਸਾ ਮਨੁੱਖਤਾ ਦੀਆਂ ਸਭ ਤੋਂ ਪੁਰਾਣੀਆਂ ਅਤੇ ਸਭ ਤੋਂ ਵਿਆਪਕ ਜ਼?ਆਦਤੀਆਂ 'ਚੋਂ ਇਕ ਹੈ। ਫਿਰ ਵੀ ਇਸ 'ਤੇ ਸਭ ਤੋਂ ਘੱਟ ਕਾਰਵਾਈ ਕੀਤੀ ਜਾਂਦੀ ਹੈ। ਕੋਈ ਵੀ ਸਮਾਜ ਖੁਦ ਨੂੰ ਨਿਰਪੱਖ, ਸੁਰੱਖਿਅਤ ਜਾਂ ਸਿਹਤਮੰਦ ਨਹੀਂ ਕਹਿ ਸਕਦਾ, ਜਦਕਿ ਉਸ ਦੀ ਅੱਧੀ ਆਬਾਦੀ ਭੈਅ ਦੇ ਮਾਹੌਲ 'ਚ ਜੀਅ ਰਹੀ ਹੋਵੇ।

ਉਨ੍ਹਾਂ ਕਿਹਾ ਕਿ ਤਰੱਕੀ ਬਹੁਤ ਹੌਲੀ ਹੈ ਅਤੇ 2030 ਤੱਕ ਔਰਤਾਂ ਅਤੇ ਲੜਕੀਆਂ ਵਿਰੁੱਧ ਹਰੇਕ ਕਿਸਮ ਦੀ ਹਿੰਸਾ ਨੂੰ ਖਤਮ ਕਰਨ ਦੇ ਠੋਸ ਵਿਕਾਸ ਟੀਚੇ ਨੂੰ ਹਾਸਲ ਕਰਨਾ ਅਜੇ ਵੀ ਦੂਰ ਦੀ ਕੌਡੀ ਹੈ। ਇਹ ਰਿਪੋਰਟ 168 ਦੇਸ਼ਾਂ 'ਤੇ ਆਧਾਰਿਤ ਹੈ ਅਤੇ ਇਹ ਸਾਲ 2000 ਅਤੇ 2023 ਦੇ ਵਿਚਾਲੇ ਕੀਤੇ ਗਏ ਸਰਵੇਖਣਾਂ ਅਤੇ ਅਧਿਐਨ ਤੋਂ ਪ੍ਰਾਪਤ ਅੰਕੜਿਆਂ ਦੀ ਇਕ ਵਿਆਪਕ ਸਮੀਖਿਆ 'ਤੇ ਤਿਆਰ ਕੀਤੀ ਗਈ ਹੈ।

ਇਸ 'ਚ ਕਿਹਾ ਗਿਆ ਹੈ ਕਿ ਮਹਿਲਾਵਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਕੀਤੇ ਜਾਣ ਵਾਲੇ ਯਤਨਾਂ ਲਈ ਅਲਾਟ ਕੀਤੀ ਜਾਣ ਵਾਲੀ ਧਨਰਾਸ਼ੀ 'ਚ ਕਮੀ ਆਈ ਹੈ। ਸਾਲ 2022 'ਚ ਸੰਸਾਰਕ ਵਿਕਾਸ ਸਹਾਇਤਾ ਦਾ ਸਿਰਫ 0.2 ਫੀਸਦੀ ਔਰਤਾਂ ਵਿਰੁੱਧ ਹਿੰਸਾ ਦੀ ਰੋਕਥਾਮ 'ਤੇ ਕੇਂਦਰਿਤ ਪ੍ਰੋਗਰਾਮਾਂ ਲਈ ਅਲਾਟ ਕੀਤਾ ਗਿਆ ਸੀ ਅਤੇ 2025 'ਚ ਵਿੱਤੀ ਪੋਸ਼ਣ 'ਚ ਹੋਰ ਗਿਰਾਵਟ ਆਈ ਹੈ।

ਔਰਤਾਂ ਵਿਰੁੱਧ ਹਿੰਸਾ ਦੇ ਖਾਤਮੇ ਲਈ 1993 ਦੇ ਸੰਯੁਕਤ ਰਾਸ਼ਟਰ ਐਲਾਨ ਪੱਤਰ 'ਚ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਮੌਲਿਕ ਉਲੰਘਣਾ ਦੇ ਰੂਪ 'ਚ ਮਾਨਤਾ ਦਿੱਤੀ ਗਈ ਸੀ ਅਤੇ 1995 ਦੇ ਬੀਜਿੰਗ ਚੌਥੇ ਵਿਸ਼ਵ ਮਹਿਲਾ ਸੰਮੇਲਨ (ਸੰਯੁਕਤ ਰਾਸ਼ਟਰ ਮਹਿਲਾ, 1995) 'ਚ ਇਕ ਪ੍ਰਮੁੱਖ ਵਿਸ਼ਾ ਸੀ। ਯੂ. ਐੱਨ. ਵੂਮੈਨ ਵਲੋਂ ਜਾਰੀ ਇਕ ਰਿਪੋਰਟ 'ਚ ਦੁਨੀਆ ਭਰ 'ਚ ਘਰੇਲੂ ਹਿੰਸਾ ਦੀ ਚਿੰਤਾਜਨਕ ਸਥਿਤੀ 'ਤੇ ਰੌਸ਼ਨੀ ਪਾਈ ਗਈ।

ਰਿਪੋਰਟ ਅਨੁਸਾਰ ਸੰਸਾਰਕ ਪੱਧਰ 'ਤੇ ਸਾਲ 2023 'ਚ 85000 ਔਰਤਾਂ ਅਤੇ ਬੱਚੀਆਂ ਦੀ ਹੱਤਿਆ ਜਾਣਬੁੱਝ ਕੇ ਕੀਤੀ ਗਈ। ਇਨ੍ਹਾਂ 'ਚੋਂ 60 ਫੀਸਦੀ ਹੱਤਿਆਵਾਂ ਕਿਸੇ ਅੰਤਰੰਗ ਸਾਥੀ ਜਾਂ ਪਰਿਵਾਰ ਦੇ ਮੈਂਬਰਾਂ ਵਲੋਂ ਕੀਤੀਆਂ ਗਈਆਂ।

ਰਿਪੋਰਟ ਅਨੁਸਾਰ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਸਥਾਨ ਘਰ ਹੈ ਜਿੱਥੇ ਰੋਜਾਨਾ 140 ਔਰਤਾਂ ਅਤੇ ਬੱਚੀਆਂ ਦੀ ਹੱਤਿਆ ਉਨ੍ਹਾਂ ਦੇ ਅੰਤਰੰਗ ਸਾਥੀ ਜਾਂ ਪਰਿਵਾਰ ਦੇ ਮੈਂਬਰ ਵਲੋਂ ਕਰ ਦਿੱਤੀ ਜਾਂਦੀ ਹੈ। ਕੌਮਾਂਤਰੀ ਪੱਧਰ 'ਤੇ ਸਾਰੇ ਇਲਾਕਿਆਂ 'ਚ ਔਰਤਾਂ ਅਤੇ ਲੜਕੀਆਂ ਲਿੰਗ ਆਧਾਰਿਤ ਹਿੰਸਾ ਦੇ ਇਸ ਸਿਖਰਲੇ ਰੂਪ 'ਚ ਪ੍ਰਭਾਵਿਤ ਹੋ ਰਹੀਆਂ ਹਨ।

ਰੋਗ ਕੰਟਰੋਲ ਕੇਂਦਰ ਅਨੁਸਾਰ ਘਰੇਲੂ ਹਿੰਸਾ 2.5 ਕਰੋੜ ਤੋਂ ਵੱਧ ਭਾਰਤੀ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੀ ਇਕ ਗੰਭੀਰ ਰੋਕਥਾਮ ਯੋਗ ਜਨਤਕ ਸਿਹਤ ਸਮੱਸਿਆ ਹੈ। ਭਾਰਤ 'ਚ ਔਰਤਾਂ ਅਤੇ ਲੜਕੀਆਂ ਵਿਰੁੱਧ ਹਿੰਸਾ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟ ਹੁੰਦੀ ਹੈ ਅਤੇ ਭੂਗੋਲਿਕ ਸਥਿਤੀ ਸਮੇਤ ਕਈ ਕਾਰਕਾਂ ਦੇ ਆਧਾਰ 'ਤੇ ਵਿਆਪਕਤਾ ਅਤੇ ਰੂਪਾਂ 'ਚ ਵੱਖਰੀ ਹੁੰਦੀ ਹੈ। ਕੁਝ ਪ੍ਰਗਟਾਵਿਆਂ 'ਚ ਸ਼ਾਮਲ ਹਨ ਇਸ 'ਚ ਯੌਨ ਹਿੰਸਾ, ਘਰੇਲੂ ਹਿੰਸਾ, ਜਾਤੀ ਆਧਾਰਿਤ ਭੇਦਭਾਵ ਤੇ ਹਿੰਸਾ, ਦਾਜ ਨਾਲ ਸਬੰਧਤ ਮੌਤਾਂ, ਸਨਮਾਨ ਦੇ ਨਾਂ 'ਤੇ ਅਪਰਾਧ, ਡਾਇਨ ਸ਼ਿਕਾਰ, ਸਤੀ ਤੇ ਯੌਨ ਸ਼ੋਸ਼ਣ।

ਭਾਰਤ ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੀ ਇਕ ਤਾਜਾ ਰਿਪੋਰਟ ਅਨੁਸਾਰ ਭਾਰਤ 'ਚ ਹਰ ਤਿੰਨ ਮਿੰਟ 'ਚ ਔਰਤਾਂ ਵਿਰੁੱਧ ਇਕ ਅਪਰਾਧ ਦਰਜ ਕੀਤਾ ਗਿਆ ਹੈ। ਇਸ ਦੇਸ਼ 'ਚ ਹਰ 60 ਮਿੰਟ 'ਚ ਦੋ ਔਰਤਾਂ ਦੇ ਨਾਲ ਜਬਰ-ਜਨਾਹ ਹੁੰਦਾ ਹੈ, ਹਰ 6 ਘੰਟੇ 'ਚ ਇਕ ਨੌਜਵਾਨ ਵਿਆਹੁਤਾ ਔਰਤ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ, ਸਾੜ ਦਿੱਤਾ ਜਾਂਦਾ ਹੈ ਜਾਂ ਆਤਮਹੱਤਿਆ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਦਾਜ, ਘਰੇਲੂ ਹਿੰਸਾ, ਲਿੰਗ ਚੋਣ, ਗਰਭਪਾਤ, ਕੰਨਿਆ ਭਰੂਣ ਹੱਤਿਆ ਵਰਗੀਆਂ ਸਮੱਸਿਆਵਾਂ ਅਜੇ ਵੀ ਪ੍ਰਚੱਲਿਤ ਹਨ।

ਭਾਰਤ ਆਪਣੀ ਸ਼ਾਨਾਮੱਤੀ ਵਿਰਾਸਤ ਦਾ ਦਾਅਵਾ ਕਰਦਾ ਹੈ, ਜਿਥੇ ਔਰਤਾਂ ਨੂੰ ਨਾ ਸਿਰਫ ਬਰਾਬਰ ਦਾ ਦਰਜਾ ਹਾਸਲ ਹੈ, ਸਗੋਂ ਕਈ ਸ਼ਾਸਤਰਾਂ 'ਚ ਬਿਹਤਰ ਅੱਧੇ ਤੋਂ ਵੱਧ ਵਰਣਿਤ ਕੀਤਾ ਗਿਆ ਹੈ।



**ਇੱਕ ਇਨਸਾਫ਼-ਪਸੰਦ, ਲੋਕਤੰਤਰਿਕ ਪ੍ਰਣਾਲੀ ਦੀ ਵਿਸ਼ਵਾਸੀ ਅਤੇ ਭਾਰਤ ਦੀ ਵੰਨ ਸੁਵੰਨਤਾ ਨੂੰ ਪਿਆਰਨ ਵਾਲੀ ਸ਼ਹਿਰੀ ਹੋਣ ਦੇ ਨਾਤੇ, ਜਦੋਂ ਜਦੋਂ ਵੀ ਦੇਸ਼ ਦੇ ਕਿਸੇ ਅੰਗ ਪ੍ਰਤਿ ਵਧੀਕੀ, ਕਾਣ, ਜ਼ਿਆਦਤੀ ਤੇ ਉਲਾਰੂ ਪ੍ਰਵਿਰਤੀ ਦੇਖਦੀ ਤੇ ਮਹਿਸੂਸਦੀ ਹਾਂ, ਮਨ ਬੇਚੈਨੀ ਦੇ ਆਲਮ ਵਿਚ ਵਿਚਰਨ ਲਗਦਾ ਹੈ ਤੇ ਰੂਹ ਜ਼ਖ਼ਮੀ ਹੋ ਜਾਂਦੀ ਹੈ। ਕੁੱਝ ਅਜਿਹੇ ਹੀ ਆਲਮ ਵਿਚ ਵਿਚਰ ਰਹੀ ਹਾਂ ਇਸ ਵੇਲੇ ਜਦੋਂ ਮੇਰੇ ਰੰਗਲੇ ਪੰਜਾਬ 'ਤੇ ਕੁਦਰਤ ਦੀ ਡਾਹਢੀ ਮਾਰ ਪਈ ਹੋਈ ਹੈ। ਕੁਦਰਤ ਦੀ ਕਰੋਪੀ ਤਾਂ ਬੰਦਾ ਔਖਾ ਸੌਖਾ ਝੱਲ ਲੈਂਦਾ ਹੈ ਪਰ ਇਨਸਾਨੀ-ਮਾਰ ਤੁਹਾਡੇ ਜਿਸਮ ਨੂੰ ਵੀ ਤਾਰ ਤਾਰ ਕਰ ਦਿੰਦੀ ਹੈ ਤੇ ਤੁਹਾਨੂੰ ਆਪਣੀ ਹੀ ਜੰਮਣ ਭੋਇੰ 'ਤੇ, ਬੇਗਾਨਗੀ ਦੇ ਆਲਮ ਵਿਚ ਲਿਜਾ ਸੁੱਟਦੀ ਹੈ।**

# ਸਾਡੇ ਲਈ ਇਨਸਾਫ਼ ਹੈ ਕਿੱਥੇ?

ਇਨਸਾਫ਼ ਦੇ ਸਰੋਕਾਰ



ਕੁਲਵੰਤ ਕੌਰ (ਡਾ)

98156-20515

ਇੱਕ ਇਨਸਾਫ਼-ਪਸੰਦ, ਲੋਕਤੰਤਰਿਕ ਪ੍ਰਣਾਲੀ ਦੀ ਵਿਸ਼ਵਾਸੀ ਅਤੇ ਭਾਰਤ ਦੀ ਵੰਨ ਸੁਵੰਨਤਾ ਨੂੰ ਪਿਆਰਨ ਵਾਲੀ ਸ਼ਹਿਰੀ ਹੋਣ ਦੇ ਨਾਤੇ, ਜਦੋਂ ਜਦੋਂ ਵੀ ਦੇਸ਼ ਦੇ ਕਿਸੇ ਅੰਗ ਪ੍ਰਤਿ ਵਧੀਕੀ, ਕਾਣ, ਜ਼ਿਆਦਤੀ ਤੇ ਉਲਾਰੂ ਪ੍ਰਵਿਰਤੀ ਦੇਖਦੀ ਤੇ ਮਹਿਸੂਸਦੀ ਹਾਂ, ਮਨ ਬੇਚੈਨੀ ਦੇ ਆਲਮ ਵਿਚ ਵਿਚਰਨ ਲਗਦਾ ਹੈ ਤੇ ਰੂਹ ਜ਼ਖ਼ਮੀ ਹੋ ਜਾਂਦੀ ਹੈ। ਕੁੱਝ ਅਜਿਹੇ ਹੀ ਆਲਮ ਵਿਚ ਵਿਚਰ ਰਹੀ ਹਾਂ ਇਸ ਵੇਲੇ ਜਦੋਂ ਮੇਰੇ ਰੰਗਲੇ ਪੰਜਾਬ 'ਤੇ ਕੁਦਰਤ ਦੀ ਡਾਹਢੀ ਮਾਰ ਪਈ ਹੋਈ ਹੈ। ਕੁਦਰਤ ਦੀ ਕਰੋਪੀ ਤਾਂ ਬੰਦਾ ਔਖਾ ਸੌਖਾ ਝੱਲ ਲੈਂਦਾ ਹੈ ਪਰ ਇਨਸਾਨੀ-ਮਾਰ ਤੁਹਾਡੇ ਜਿਸਮ ਨੂੰ ਵੀ ਤਾਰ ਤਾਰ ਕਰ ਦਿੰਦੀ ਹੈ ਤੇ ਤੁਹਾਨੂੰ ਆਪਣੀ ਹੀ ਜੰਮਣ ਭੋਇੰ 'ਤੇ, ਬੇਗਾਨਗੀ ਦੇ ਆਲਮ ਵਿਚ ਲਿਜਾ ਸੁੱਟਦੀ ਹੈ।

ਕੇਂਦਰ ਸਰਕਾਰ ਨੇ ਹੜ੍ਹ-ਪ੍ਰਭਾਵਿਤ ਰਾਜਾਂ ਲਈ ਰਾਹਤ ਰਾਸ਼ੀ ਐਲਾਨੀ ਤਾਂ ਮੈਨੂੰ ਪੰਜਾਬ ਦੇ ਅੰਕੜੇ ਦੇਖ ਕੇ ਕਲੇਜਾ ਮੂੰਹ ਨੂੰ ਆ ਗਿਆ - ਕੁੱਲ 218 ਕਰੋੜ, ਹਰਿਆਣਾ ਤੋਂ ਦੋ ਕਰੋੜ ਵੱਧ ਜਿੱਥੇ ਹੜ੍ਹ ਦਾ ਪਾਣੀ ਪੰਜਾਬ ਤੋਂ ਕਿੰਨਾ ਹੀ ਸਮਾਂ ਮਗਰੋਂ ਚੜ੍ਹਿਆ ਤੇ ਚੜ੍ਹਿਆ ਵੀ ਮੁਕਾਬਲਤਨ ਬਹੁਤ ਘੱਟ ਇਲਾਕੇ ਵਿੱਚ। ਉੱਤਰਾਖੰਡ 413, ਉੱਤਰ ਪ੍ਰਦੇਸ਼ 812, ਕਰਨਾਟਕਾ 348, ਮਹਾਂਰਾਸ਼ਟਰ 1420, ਗੁਜਰਾਤ 584, ਬਿਹਾਰ 624 ਤੇ ਉੜੀਸਾ 707 ਕਰੋੜ ਆਦਿ ਦੀ ਸਹਾਇਤਾ - ਰਾਸ਼ੀ ਪੜ੍ਹ ਤੇ ਜਾਣ ਕੇ ਕਈਆਂ ਦੇ ਭਰਵੱਟੇ ਤਣੇ ਹੋਣਗੇ ਕਿਉਂਕਿ ਜਿਹੜੀ ਬਰਬਾਦੀ, ਤਬਾਹੀ, ਦੁਰਦਸ਼ਾ, ਨੁਕਸਾਨ, ਬੇਹਾਲੀ ਅਤੇ ਉਜਾੜਾ ਪੰਜਾਬ ਅਤੇ ਪੰਜਾਬੀਆਂ ਦਾ ਹੋਇਆ ਹੈ, ਉਸ ਦੇ ਮੁਕਾਬਲੇ 'ਤੇ ਰਾਹਤ-ਰਾਸ਼ੀ ਬੇਹੱਦ ਨਿਗੂਣੀ, ਘੱਟ ਅਤੇ ਮਜ਼ਾਕ ਹੈ - ਇਨਸਾਨੀ ਮੌਤਾਂ ਤੋਂ ਇਲਾਵਾ ਮਾਲ-ਡੰਗਰ, ਜਾਇਦਾਦਾਂ ਦਾ, ਘਰਾਂ-ਮਕਾਨਾਂ ਦਾ ਅਤੇ ਫਸਲਾਂ ਦਾ ਜਿੰਨਾ ਨੁਕਸਾਨ ਹੋ ਚੁੱਕਾ ਹੈ ਤੇ ਹੋਣ ਜਾ ਰਿਹਾ ਹੈ, ਉਸ ਦਾ ਅਨੁਮਾਨ ਲਾਉਣਾ ਵੀ ਸੰਭਵ ਨਹੀਂ। ਸਰੀਰਕ, ਮਾਨਸਿਕ, ਆਤਮਿਕ ਅਤੇ ਜਿਹਨੀ ਤੌਰ 'ਤੇ ਜੋ ਸੰਤਾਪ ਪੰਜਾਬੀ ਇਸ ਵੇਲੇ ਹੰਢਾ ਰਹੇ ਹਨ ਤੇ 14 ਜ਼ਿਲਿਆਂ ਦੇ ਹਜ਼ਾਰ ਤੋਂ ਵੱਧ ਪਿੰਡ, ਕਸਬੇ ਤੇ ਨਗਰ ਪਾਣੀ ਵਿਚ ਡੁੱਬੇ ਪਏ ਹਨ, ਇਹ ਸਹਾਇਤਾ - ਰਕਮ ਜਲੇ 'ਤੇ ਲੂਣ ਪਾਉਣ ਵਾਲੀ ਗੱਲ ਹੈ। ਸਾਡੇ ਦੇਸ਼ ਦੇ ਸਾਡੇ ਮੁਖੀਏ ਨੇ ਇਕ ਵਾਰ ਵੀ ਇੱਧਰ ਆਉਣ ਬਾਰੇ ਨਹੀਂ ਸੋਚਿਆ। ਕਿਸੇ ਹੋਰ ਮੰਤਰੀ ਨੂੰ ਵੀ ਇਹ ਭਿਅੰਕਰ ਤਬਾਹੀ ਤੱਕ ਕੇ ਕੋਈ ਮਰਹਮ ਪੱਟੀ ਕਰਨ ਦੀ ਤਾਕੀਦ ਨਹੀਂ ਕੀਤੀ। ਬਜਾਏ ਇਹਦੇ ਦੇਸ਼ ਦੇ ਇਕ ਵੱਡੇ ਹਿੱਸੇ ਦੇ ਪਾਣੀ ਵਿਚ ਡੁੱਬੇ ਹੋਣ ਦੇ ਬਾਵਜੂਦ ਪ੍ਰਸਤਾਵਿਤ ਵਿਦੇਸ਼-ਯਾਤਰਾ 'ਤੇ ਜਾਣਾ ਜ਼ਰੂਰੀ ਸਮਝਿਆ। ਕੀ ਇਹ ਉਹੀ ਦੇਸ਼ ਹੈ ਜਿਸ ਦੀ ਆਨ, ਬਾਨ, ਸ਼ਾਨ, ਏਕਤਾ, ਅਖੰਡਤਾ, ਸਮਾਨਤਾ, ਸਾਂਝੀਵਾਲਤਾ, ਵਿਕਾਸ, ਬੋਲਬਾਲੇ ਤੇ ਵਾਧੇ ਲਈ ਸਾਡੇ ਰਹਿਬਰਾਂ, ਪਰਮ ਪੁਰਖਿਆਂ ਅਤੇ ਮਹਾਂ ਮਾਨਵਾਂ ਨੇ ਸਾਢੇ ਪੰਜ ਸੌ ਸਾਲਾਂ ਤੋਂ ਲਗਾਤਾਰ ਜੱਦੋ ਜਹਿਦ, ਸੰਘਰਸ਼ ਅਤੇ ਜਤਨ ਕੀਤੇ ਸਨ ਅਤੇ ਹਜ਼ਾਰਾਂ ਸਾਲਾਂ ਦੀ ਗੁਲਾਮੀ ਭੋਗ ਰਹੇ ਇਸ ਦੇਸ਼ ਵਿਚ ਇਨਕਲਾਬੀ ਲਹਿਰ ਚਲਾ ਕੇ ਜੀਣ ਥੀਣ ਅਤੇ ਸਹੀ ਜੀਵਨ ਜਾਚ ਦਾ ਝੰਡਾ ਬੁਲੰਦ ਕੀਤਾ ਸੀ? ''ਖਤਰੀ ਬ੍ਰਾਹਮਣ ਸੂਦ ਵੈਸ਼ ਉਪਦੇਸ਼ ਚਹੁੰ ਵਰਨਾ ਕਉ ਸਾਝਾ'' ਦਾ ਸਦ-ਸੁਖਾਵਾ ਉਪਦੇਸ਼ ਦੇਣ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਮੁੱਚੀ ਮਨੁੱਖ ਜਾਤੀ ਦਾ ਸਰਬ ਸਾਂਝਾ ਸਰਮਾਇਆ ਹੈ, ਉਸ ਦੀ ਟੇਕ ਅਤੇ ਆਸਰਾ ਜਿਸਨੇ ਪੰਜਾਬ ਨੂੰ ਸੰਸਾਰ ਦੀ ਅਲੌਕਿਕ, ਅਨੂਠੀ, ਅੱਲੋਕਾਰੀ, ਅਲੱਗ ਅਤੇ ਅਨਾਦੀ ਭੋਇੰ ਬਣਾ ਦਿੱਤਾ- ਵਿਲੱਖਣ ਸਭਿਆਚਾਰ ਵਾਲਾ, ਅਨੋਖੇ ਇਤਿਹਾਸ ਵਾਲਾ, ਦਮਦਾਰ ਮਰਯਾਦਾ ਵਾਲਾ ਅਤੇ ਗ਼ੌਰਵਸ਼ਾਲੀ ਵਿਰਸੇ ਵਾਲਾ, ਇਸੇ ਕਰਕੇ, ਮਹਾਂਕਵੀ ਟੈਗੋਰ ਨੇ ਇਸ ਨੂੰ ਪੂਰੇ ਦੇਸ਼ ਤੋਂ ਪ੍ਰਮੁੱਖਤਾ ਦਿੱਤੀ :

'ਪੰਜਾਬ ਸਿੰਧ ਗੁਜਰਾਤ ਮਰਾਠਾ.. .. ..', ਅਸੀਂ ਕਿਹੜਾ ਟੈਗੋਰ ਜੀ ਨੂੰ ਛੋਲੇ ਦੇ ਕੇ ਇਹ ਤਰਤੀਬ ਲਿਖਵਾਈ ਸੀ? 'ਭਾਰਤ ਹੈ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ' ਲਿਖ ਕੇ ਪ੍ਰੋ. ਮੋਹਨ ਸਿੰਘ ਨੇ ਵੀ ਤਾਂ ਮੁੰਦਰੀ ਦੀ ਅਹਿਮੀਅਤ ਵਧਾਉਣ ਵਾਲੇ ਸੁੱਚੇ 'ਨਗ' ਦਾ ਹੀ ਜ਼ਿਕਰ ਕੀਤਾ ਹੈ। ਖ਼ੈਰ ! ਇਹ ਗਾਥਾ ਬਹੁਤ ਬਹੁਤ ਲੰਮੀ ਹੈ ਕਦੇ ਫਿਰ ਸਹੀ।

ਇਨਸਾਫ ਹੈ ਕਿੱਥੇ? ਮਾਨਵ-ਅਧਿਕਾਰਾਂ ਦੀ ਰਾਖੀ, ਹਿੰਦੁਸਤਾਨ ਦੀ ਪੱਤ ਬਚਾਉਣ ਅਤੇ ਸਨਾਤਨ ਹਿੰਦੂ ਧਰਮ ਦਾ ਖੁਰਾ ਖੋਜ ਮਿਟਾਉਣ 'ਤੇ ਉਤਾਰੂ ਔਰੰਗਜ਼ੇਬ ਨੂੰ ਚੈਲਿੰਜ ਕਰਕੇ ਸੀਸ ਕਟਵਾਉਣ ਵਾਲੇ ਪਾਤਿਸ਼ਾਹ ਦੀ ਦੇਣ ਕੀ ਇਹ ਦੇਸ਼ ਦੇ ਸਕਦਾ ਹੈ ਕਦੇ? ਫਿਰ ਅਪ੍ਰੈਲ ਮਹੀਨੇ ਗੁਜਰੇ, ਨੌਵੇਂ ਨਾਨਕ ਦੇ ਪ੍ਰਕਾਸ਼-ਪੁਰਬ ਤੇ, ਦੇਸ਼ ਦੇ ਸੰਸਦ ਭਵਨ ਦਾ ਉਦਘਾਟਨ ਕਰਨਾ ਉਚਿਤ ਸੀ ਕਿ ਸਾਵਰਕਰ ਦੇ ਜਨਮ ਦਿਨ 'ਤੇ? ਮੈਂ ਇਤਿਹਾਸਕ ਤੱਥਾਂ ਦੇ ਹਵਾਲੇ ਦੇ ਕੇ, ਕਿਸੇ ਦਾ ਅਨਾਦਰ (ਘਟਾ) ਨਹੀਂ ਕਰਨਾ ਚਾਹੁੰਦੀ ਪਰ ਹਿੰਦ ਦੀ ਚਾਦਰ, ਧਰਮ ਦੀ ਚਾਦਰ ਅਤੇ ਪੂਰੀ ਸ੍ਰਿਸ਼ਟੀ ਦੀ ਚਾਦਰ ਵਜੋਂ ਕਾਰਜਸ਼ੀਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ (ਜਿਨ੍ਹਾਂ ਦਾ ਨਾਂ ਸ੍ਰੀ ਤਿਆਗ ਮੱਲ ਤੋਂ ਤੇਗ਼ ਬਹਾਦਰ ਇਸੇ ਕਰਕੇ ਰੱਖਿਆ ਗਿਆ ਸੀ ਕਿਉਂਕਿ ਛੇਵੇਂ ਪਾਤਿਸ਼ਾਹ ਵਲੋਂ ਅਧਰਮ ਤੇ ਮੁਗਲੀਆ ਹਕੂਮਤ ਖ਼ਿਲਾਫ਼ ਕੀਤੇ ਯੁੱਧ ਦੌਰਾਨ ਆਪ ਜੀ ਨੇ ਬਹਾਦਰੀ ਦੇ ਲਾਮਿਸਾਲ ਜੌਹਰ ਦਿਖਾਏ ਸਨ) ਨੇ ਸੀਸ ਗੰਜ

# ਵਿਸ਼ਵ 'ਚ ਵੈਗਨਰ ਸਮੇਤ ਕਈ ਹੋਰ ਪ੍ਰਾਈਵੇਟ ਫ਼ੌਜਾਂ ਦਾ ਹੈ ਪੂਰਾ ਦਬਦਬਾ



-ਬਲਰਾਜ ਸਿੰਘ ਸਿੱਧੂ

ਕੁਝ ਹਫ਼ਤੇ ਪਹਿਲਾਂ ਰੂਸ ਵੱਲੋਂ ਪਾਲੀ ਗਈ ਵੈਗਨਰ ਨਾਮਕ ਪ੍ਰਾਈਵੇਟ ਕੰਪਨੀ ਦੀ ਫ਼ੌਜ ਨੇ ਮਾਸਕੋ 'ਤੇ ਹੀ ਹਮਲਾ ਕਰਨ ਦਾ ਐਲਾਨ ਕਰ ਦਿੱਤਾ ਸੀ। ਇਹ ਮਸਲਾ ਭਾਵੇਂ ਸੁਲਝ ਗਿਆ ਹੈ ਪਰ ਇਸ ਕਾਰਨ ਵਿਸ਼ਵ ਭਰ ਵਿਚ ਰੂਸ ਦੀ ਰੱਜ ਕੇ ਥੂਹ-ਥੂਹ ਹੋਈ ਹੈ। ਸਭ ਨੇ ਇਹ ਮਹਿਸੂਸ ਕੀਤਾ ਹੋਵੇਗਾ ਕਿ ਅਮਰੀਕਾ, ਇੰਗਲੈਂਡ, ਚੀਨ ਅਤੇ ਫਰਾਂਸ ਆਦਿ ਕਿਸੇ ਵੀ ਸੁਪਰ ਪਾਵਰ ਨੇ ਵੈਗਨਰ ਦੀ ਸਥਾਪਨਾ ਦੀ ਨਿਖੇਧੀ ਨਹੀਂ ਕੀਤੀ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਾਰਿਆਂ ਦੇਸ਼ਾਂ ਨੇ ਮਾਲੇ, ਇਰਾਕ, ਨਿਊ ਗਿੰਨੀ ਅਤੇ ਲੀਬੀਆ ਆਦਿ ਵਰਗੇ ਗੜਬੜੀ ਵਾਲੇ ਪਰ ਖਣਿਜ ਪਦਾਰਥਾਂ ਨਾਲ ਭਰਪੂਰ ਅਨੇਕ ਗ਼ਰੀਬ ਦੇਸ਼ਾਂ ਵਿਚ ਆਪਣੇ ਗ਼ੈਰ ਕਾਨੂੰਨੀ ਤੇ ਅਣ-ਮਨੁੱਖੀ ਮਿਸ਼ਨ ਪੂਰੇ ਕਰਨ ਲਈ ਪ੍ਰਾਈਵੇਟ ਫ਼ੌਜਾਂ ਤਿਆਰ ਕੀਤੀਆਂ ਹੋਈਆਂ ਹਨ।

ਇਹ ਫ਼ੌਜਾਂ ਇਨ੍ਹਾਂ ਦੇਸ਼ਾਂ ਵਿਚ ਪੱਛਮੀ ਦੇਸ਼ਾਂ ਦੇ ਹਿੱਤਾਂ ਦੀ ਸਖ਼ਤੀ ਨਾਲ ਰਾਖੀ ਕਰਦੀਆਂ ਹਨ ਤੇ ਸੁਪਰ ਪਾਵਰ 'ਤੇ ਕੋਈ ਇਲਜ਼ਾਮ ਵੀ ਨਹੀਂ ਲੱਗਦਾ। ਵੈਗਨਰ ਤੋਂ ਇਲਾਵਾ ਇਸ ਵੇਲੇ ਦੁਨੀਆ ਵਿਚ ਕੰਮ ਕਰ ਰਹੀਆਂ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਕੁਝ ਬਦਨਾਮ ਪ੍ਰਾਈਵੇਟ ਕੰਪਨੀਆਂ ਇਸ ਪ੍ਰਕਾਰ ਹਨ। ਜੀ 4 ਐੱਸ ਕੰਪਨੀ : ਇਸ ਕੰਪਨੀ ਕੋਲ ਦੁਨੀਆ ਦੀ ਸਭ ਤੋਂ ਵੱਡੀ ਪ੍ਰਾਈਵੇਟ ਫ਼ੌਜ (620000 ਸੈਨਿਕ) ਹੈ ਜੋ ਇੰਗਲੈਂਡ ਦੀ ਫ਼ੌਜ ਤੋਂ ਤਿੰਨ ਗੁਣਾ ਵੱਧ ਹੈ। ਇਹ ਕੰਪਨੀ 110 ਦੇਸ਼ਾਂ ਵਿਚ ਮਿਲਟਰੀ ਸੇਵਾਵਾਂ ਦੇਣ ਦਾ ਦਾਅਵਾ ਕਰਦੀ ਹੈ। ਇਸ ਦਾ ਹੈੱਡਕੁਆਰਟਰ ਲੰਡਨ ਵਿਖੇ ਹੈ ਤੇ ਇਸ ਦੀ ਸਥਾਪਨਾ 2004 ਵਿਚ ਜਾਹਨ ਕਨੌਲੀ ਨਾਮਕ ਸਾਬਕਾ ਫ਼ੌਜੀ ਅਧਿਕਾਰੀ ਨੇ ਕੀਤੀ ਸੀ। ਇਹ ਕੰਪਨੀ ਵੀਆਈਪੀਜ਼ ਅਤੇ ਮਲਟੀਨੈਸ਼ਨਲ ਸੰਸਥਾਨਾਂ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਇੰਗਲੈਂਡ ਦੀਆਂ ਜੇਲ੍ਹਾਂ ਦੀ ਸੁਰੱਖਿਆ ਅਤੇ ਕੈਦੀਆਂ ਦਾ ਅਦਾਨ-ਪ੍ਰਦਾਨ ਤਕ ਵੀ ਇਸ ਦੇ ਜ਼ਿੰਮੇ ਹੈ। ਇਰਾਕ ਵਿਚ ਇਹ 60% ਪੱਛਮੀ ਸੰਸਥਾਨਾਂ ਅਤੇ ਠੇਕੇਦਾਰਾਂ ਨੂੰ ਸਕਿਉਰਿਟੀ ਪ੍ਰਦਾਨ ਕਰਦੀ ਹੈ ਤੇ ਨਾਟੋ ਦੀਆਂ ਤਕਰੀਬਨ ਸਾਰੀਆਂ ਛਾਉਣੀਆਂ ਦੀ ਬਾਹਰਲੀ ਸੁਰੱਖਿਆ ਇਸ ਦੇ ਜ਼ਿੰਮੇ ਹੈ। ਇਹ ਕੰਪਨੀ ਵੀ ਅਨੇਕਾਂ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਜ਼ਿੰਮੇਵਾਰ ਹੈ। ਇਹ ਇਸ ਵੇਲੇ ਮਿਆਂਮਾਰ, ਮੈਕਸੀਕੋ ਅਤੇ ਵੈਨਜ਼ੂਏਲਾ ਸਮੇਤ ਅਨੇਕਾਂ ਅਫ਼ਰੀਕੀ ਅਤੇ ਦੱਖਣੀ ਅਮਰੀਕੀ ਦੇਸ਼ਾਂ ਦੇ ਤਾਨਾਸ਼ਾਹਾਂ ਦੀ ਸੁਰੱਖਿਆ ਵਿਚ ਤਾਇਨਾਤ ਹੈ। ਇਨ੍ਹਾਂ ਤਾਨਾਸ਼ਾਹਾਂ ਦੀ ਰਾਖੀ ਕਰਦੇ ਸਮੇਂ ਇਸ ਦੇ ਸੈਨਿਕਾਂ ਹੱਥੋਂ ਹੁਣ ਤਕ 9 ਦੇ ਕਰੀਬ ਸਥਾਨਕ ਰਾਜਨੀਤਕ ਵਿਰੋਧੀ ਮਾਰੇ ਜਾ ਚੁੱਕੇ ਹਨ ਤੇ 31 ਗੰਭੀਰ ਜ਼ਖ਼ਮੀ ਹੋਏ ਹਨ।

ਆਲੀਵ ਕੰਪਨੀ : ਕੰਪਨੀ ਦੀ ਸਥਾਪਨਾ 2001 ਵਿਚ ਇੰਗਲੈਂਡ ਵਿਖੇ ਸਾਬਕਾ ਕਰਨਲ ਹੈਰੀ ਲੈਗੇ ਬੁਰਕੇ ਨੇ ਕੀਤੀ ਸੀ ਤੇ ਇਸ ਦਾ ਮੁੱਖ ਕੰਮ ਇਰਾਕ ਵਿਚ ਕੰਮ ਰਹੀਆਂ ਤੇਲ ਕੰਪਨੀਆਂ ਦੇ ਮੁਲਾਜ਼ਮਾਂ, ਰਿਹਾਇਸ਼ੀ ਕੰਪਲੈਕਸਾਂ ਅਤੇ ਦਫ਼ਤਰਾਂ ਨੂੰ ਅੱਤਵਾਦੀਆਂ ਅਤੇ ਮਨੁੱਖੀ ਬੰਬਾਂ ਦੇ ਹਮਲਿਆਂ ਤੋਂ ਬਚਾਉਣਾ ਹੈ। ਇਹ 2003 ਵਿਚ ਇਰਾਕ 'ਤੇ ਹੋਏ ਅਮਰੀਕੀ ਹਮਲੇ ਦੇ ਸਮੇਂ ਤੋਂ ਉੱਥੇ ਕੰਮ ਕਰ ਰਹੀ ਹੈ। ਇਸ ਦਾ ਸੰਗਠਨ, ਟਰੇਨਿੰਗ ਅਤੇ ਤਨਖ਼ਾਹਾਂ ਇੰਗਲੈਂਡ ਦੀ ਫ਼ੌਜ ਨਾਲੋਂ ਕਿਤੇ ਵੱਧ ਉੱਚੇ ਪੱਧਰ ਦੀਆਂ ਹਨ। ਇਹ ਕੰਪਨੀ ਇੰਗਲੈਂਡ ਦੀ ਫ਼ੌਜ ਦੇ ਉਨ੍ਹਾਂ ਰਿਟਾਇਰ ਸੈਨਿਕਾਂ ਨੂੰ ਆਪਣੇ ਸੰਗਠਨ ਵਿਚ ਭਰਤੀ ਕਰਦੀ ਹੈ ਜਿਨ੍ਹਾਂ ਨੂੰ ਇਰਾਕ ਤੇ ਅਫ਼ਗਾਨਿਸਤਾਨ ਵਿਚ ਲੜਨ ਦਾ ਤਜਰਬਾ ਹੋਵੇ। ਇਹ ਇਰਾਕ ਸਮੇਤ ਅਨੇਕਾਂ ਗੜਬੜ ਗ੍ਰਸਤ ਦੇਸ਼ਾਂ ਵਿਚ ਵੀਆਈਪੀਜ਼, ਸਪੋਰਟਸ ਟੀਮਾਂ, ਮਲਟੀਨੈਸ਼ਨਲ ਕੰਪਨੀਆਂ ਦੇ ਅਫ਼ਸਰਾਂ ਅਤੇ ਦਫ਼ਤਰਾਂ, ਸਮੁੰਦਰੀ ਜਹਾਜ਼ਾਂ, ਹਵਾਈ ਕੰਪਨੀਆਂ, ਹੀਰੇ, ਸੋਨਾ ਅਤੇ ਕਰੰਸੀ ਦੀ ਸੁਰੱਖਿਅਤ ਟਰਾਂਸਪੋਰਟ, ਕੰਸਟਰਕਸ਼ਨ ਕੰਪਨੀਆਂ ਅਤੇ ਮੀਡੀਆ ਟੀਮਾਂ ਆਦਿ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਇਹ ਕੰਪਨੀ ਕਈ ਵਾਰ ਇੰਗਲੈਂਡ ਦੀ ਕ੍ਰਿਕਟ ਟੀਮ ਨੂੰ ਵੀ ਸੁਰੱਖਿਆ ਦੇ ਚੁੱਕੀ ਹੈ। ਇਸ ਵਿਚ ਇਸ ਵੇਲੇ 500 ਗੋਰਖਿਆਂ ਸਮੇਤ 50000 ਦੇ ਲਗਪਗ ਸਾਬਕਾ ਸੈਨਿਕ ਕੰਮ ਕਰ ਰਹੇ ਹਨ ਤੇ ਇਸ ਦੀ ਸਾਲਾਨਾ ਆਮਦਨ ਕਰੋੜਾਂ ਡਾਲਰਾਂ ਵਿਚ ਹੈ। ਦੋ ਮਹੀਨੇ ਪਹਿਲਾਂ ਇਸ ਨੇ ਆਪਣੇ ਦਸਤਿਆਂ ਨੂੰ ਸਿਖਲਾਈ ਦੇਣ ਲਈ ਅਮਰੀਕਾ ਵਿਚ 1000 ਏਕੜ ਜ਼ਮੀਨ ਖ਼ਰੀਦ ਕੇ ਇਕ ਟਰੇਨਿੰਗ ਸੈਂਟਰ ਬਣਾਇਆ ਹੈ ਜਿਸ 'ਤੇ 75 ਕੁ ਕਰੋੜ ਡਾਲਰ ਖ਼ਰਚ ਹੋਏ ਹਨ। ਸੰਨ 2006 ਵਿਚ ਇਰਾਕ ਵਿਖੇ ਹੋਏ ਇਕ ਆਤਮਘਾਤੀ ਹਮਲੇ ਕਾਰਨ ਇਸ ਦੇ 5 ਸੈਨਿਕ ਮਾਰੇ ਗਏ ਸਨ।

ਅਕੈਡਮੀ ਕੰਪਨੀ ਦਾ ਪਹਿਲਾ ਨਾਮ ਬਲੈਕਵਾਟਰ ਸੀ ਜਿਸ ਦੀ ਸਥਾਪਨਾ 26 ਦਸੰਬਰ 1996 ਨੂੰ ਅਮਰੀਕਾ ਦੀ ਕਮਾਂਡੋ ਹਮਲਿਆਂ ਲਈ ਪ੍ਰਸਿੱਧ ਯੂਨਿਟ ਕਮਾਂਡੋ ਸੀਲ (ਜਿਸ ਨੇ ਓਸਾਮਾ-ਬਿਨ-ਲਾਦੇਨ ਨੂੰ ਮਾਰਿਆ ਸੀ) ਦੇ ਇਕ ਸਾਬਕਾ ਅਫ਼ਸਰ ਐਰਿਕ ਪ੍ਰਿੰਸ ਨੇ ਕੀਤੀ ਸੀ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਾਰਨ ਇਹ ਗਰੁੱਪ ਵੈਗਨਰ ਤੋਂ ਬਾਅਦ ਸਭ ਤੋਂ ਵੱਧ ਬਦਨਾਮ ਹੈ। ਇਸ ਦਾ ਮੁੱਖ ਕੰਮ ਵੀ ਇਰਾਕ ਵਿਚ ਅਮਰੀਕੀ ਕੰਪਨੀਆਂ ਅਤੇ ਠੇਕੇਦਾਰਾਂ ਨੂੰ ਸੁਰੱਖਿਆ ਦੇਣਾ ਹੈ। ਇਸ

> ਅਮਰੀਕਾ, ਇੰਗਲੈਂਡ, ਚੀਨ ਅਤੇ ਫਰਾਂਸ ਆਦਿ ਕਿਸੇ ਵੀ ਸੁਪਰ ਪਾਵਰ ਨੇ ਵੈਗਨਰ ਦੀ ਸਥਾਪਨਾ ਦੀ ਨਿਖੇਧੀ ਨਹੀਂ ਕੀਤੀ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਾਰਿਆਂ ਦੇਸ਼ਾਂ ਨੇ ਮਾਲੇ, ਇਰਾਕ, ਨਿਊ ਗਿੰਨੀ ਅਤੇ ਲੀਬੀਆ ਆਦਿ ਵਰਗੇ ਗੜਬੜੀ ਵਾਲੇ ਪਰ ਖਣਿਜ ਪਦਾਰਥਾਂ ਨਾਲ ਭਰਪੂਰ ਅਨੇਕ ਗ਼ਰੀਬ ਦੇਸ਼ਾਂ ਵਿਚ ਆਪਣੇ ਗ਼ੈਰ ਕਾਨੂੰਨੀ ਤੇ ਅਣ-ਮਨੁੱਖੀ ਮਿਸ਼ਨ ਪੂਰੇ ਕਰਨ ਲਈ ਪ੍ਰਾਈਵੇਟ ਫ਼ੌਜਾਂ ਤਿਆਰ ਕੀਤੀਆਂ ਹੋਈਆਂ ਹਨ।

-ਆਫਤਾਬ ਸਿੰਘ ਆਹਲੂਵਾਲੀਆ




# ਨਸ਼ਿਆਂ ਦੀ ਦਲਦਲ 'ਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਨ ਪੰਜਾਬੀ

ਸੁਪਰੀਮ ਕੋਰਟ ਨੇ ਨਸ਼ੇ ਦੇ ਖ਼ਤਰੇ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ, "ਨੌਜਵਾਨ ਖ਼ਤਮ ਹੋ ਜਾਣਗੇ।'' ਭਾਰਤ ਵਿਸ਼ਵ ਦੇ ਦੋ ਡਰੱਗ ਉਤਪਾਦਕ ਖੇਤਰਾਂ ਦੇ ਵਿਚਕਾਰ ਹੈ-ਪੱਛਮ ਵੱਲ ਗੋਲਡਨ ਕ੍ਰੈਸੈਂਟ (ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ) ਅਤੇ ਪੂਰਬ ਵੱਲ ਗੋਲਡਨ ਟ੍ਰਾਈਐਂਗਲ (ਥਾਈਲੈਂਡ, ਮਿਆਂਮਾਰ, ਵੀਅਤਨਾਮ, ਲਾਓਸ)। ਪੀਜੀਆਈ ਚੰਡੀਗੜ੍ਹ ਦੁਆਰਾ ਕੀਤੇ ਗਏ ਇਕ ਅਧਿਐਨ ਅਨੁਸਾਰ ਪੰਜਾਬ ਵਿਚ ਹਰ ਸੱਤਵਾਂ ਵਿਅਕਤੀ ਸ਼ਰਾਬ ਸਮੇਤ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਿਹਾ ਹੈ। ਵਿਅਕਤੀਗਤ ਪੱਧਰ 'ਤੇ ਇਹ ਵਿੱਤੀ, ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਦਾਹਰਨ ਲਈ ਨੌਕਰੀ ਦਾ ਨੁਕਸਾਨ, ਡਿਪਰੈਸ਼ਨ ਅਤੇ ਐੱਚਆਈਵੀ। ਸਮਾਜ ਦੇ ਪੱਧਰ 'ਤੇ ਨਸ਼ਿਆਂ ਕਾਰਨ ਅਪਰਾਧ ਵਧ ਸਕਦੇ ਹਨ। ਇਸ ਤੋਂ ਇਲਾਵਾ ਫੰਡਾਂ ਦੀ ਅਣਉੱਚਿਤ ਵੰਡ ਹੋ ਸਕਦੀ ਹੈ ਜਿਵੇਂ ਪੂੰਜੀ ਖ਼ਰਚ 'ਤੇ ਪੈਸਾ ਖ਼ਰਚ ਕਰਨ ਵਿਚ ਅਸਮਰੱਥਾ। ਸਰਕਾਰ ਨਸ਼ਿਆਂ ਦੀ ਸਰਹੱਦ ਪਾਰੋਂ ਹੋ ਰਹੀ ਸਪਲਾਈ ਨੂੰ ਰੋਕਣ ਲਈ ਕੋਸ਼ਿਸ਼ਾਂ ਕਰ ਰਹੀ ਹੈ। ਪੀੜਤਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਉਹ ਵਿਅਕਤੀ ਜੋ ਨਸ਼ਾ ਮੁਕਤੀ ਕੇਂਦਰ ਵਿਚ ਹਨ। ਦੂਜਾ, ਨਸ਼ੀਲੇ ਪਦਾਰਥਾਂ ਦੇ ਨਿਯਮਤ ਉਪਭੋਗਤਾ ਜੋ ਨਸ਼ੇ ਨਾਲ ਸੰਘਰਸ਼ ਕਰ ਰਹੇ ਹਨ, ਜੋ ਨਸ਼ਾ ਮੁਕਤੀ ਕੇਂਦਰ ਤਕ ਪਹੁੰਚ ਨਹੀਂ ਕਰ ਰਹੇ ਹਨ। ਤੀਸਰਾ, ਸੰਭਾਵੀ ਪੀੜਤ- ਜਿਨ੍ਹਾਂ ਨੇ ਕਦੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕੀਤਾ ਹੈ ਜਾਂ ਉਹ ਲੋਕ ਜੋ ਸੰਜਮ ਵਿਚ ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਹੇ ਹਨ। ਪੁਨਰਵਾਸ ਪ੍ਰੋਗਰਾਮਾਂ ਦਾ ਪੁਨਰਗਠਨ ਕਰਨਾ ਸਮੇਂ ਦੀ ਲੋੜ ਹੈ। ਇਸ ਨਾਲ ਨਾ ਸਿਰਫ਼ ਸਾਡੇ ਨਸ਼ਾ ਮੁਕਤੀ ਕੇਂਦਰਾਂ ਨੂੰ ਨਸ਼ਾਖੋਰੀ ਦੇ ਪੀੜਤਾਂ ਲਈ ਵਧੇਰੇ ਪਹੁੰਚਯੋਗ ਬਣਾਇਆ ਜਾ ਸਕੇਗਾ, ਨਾਲ ਹੀ ਇਹ ਵੀ ਕਿ ਪੀੜਤਾਂ ਨੂੰ ਸਮਾਜ ਵਿਚ ਯੋਗਦਾਨ ਦੇਣ ਦੇ ਸਮਰੱਥ ਬਣਾਇਆ ਜਾ ਸਕਦਾ ਹੈ। ਮੌਜੂਦਾ ਪੁਨਰਵਾਸ ਪ੍ਰੋਗਰਾਮ ਡੀਟੋਕਸੀਫਿਕੇਸ਼ਨ ਇਲਾਜ 'ਤੇ ਕੇਂਦਰਿਤ ਕਰਦੇ ਹਨ। ਹਾਲਾਂਕਿ, ਕਿਸੇ ਵੀ ਪੀੜਤ ਨੂੰ ਇਕ ਸੰਪੂਰਨ ਲੰਬੇ ਸਮੇਂ ਦੇ ਹੱਲ ਦੀ ਲੋੜ ਹੁੰਦੀ ਹੈ ਜਿਸ ਵਿਚ ਇਹ ਸ਼ਾਮਲ ਹਨ-ਡੀਟੋਕਸੀਫਿਕੇਸ਼ਨ, ਮਾਨਸਿਕ ਸਿਹਤ ਸਹਾਇਤਾ ਅਤੇ ਹੁਨਰ ਵਿਕਾਸ। ਸਾਡੇ ਕੋਲ ਇਨ੍ਹਾਂ ਲਈ ਸਕੀਮਾਂ ਹਨ ਪਰ ਇਹ ਅਕਸਰ ਇਕਾਂਤਵਾਸ ਵਿਚ ਕੰਮ ਕਰਦੀਆਂ ਹਨ, ਇਸ ਕਾਰਨ ਉਨ੍ਹਾਂ ਦੀ ਪਹੁੰਚ ਸੀਮਤ ਹੈ। 'ਸੀਐੱਮ ਦੀ ਯੋਗਸ਼ਾਲਾ' ਜੋ ਮੁਫ਼ਤ ਯੋਗਾ ਕਲਾਸਾਂ ਦੀ ਪੇਸ਼ਕਸ਼ ਕਰਦੀ ਹੈ, ਨੂੰ ਨਸ਼ਾ ਮੁਕਤੀ ਕੇਂਦਰਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਰਾਜ ਪੱਧਰ 'ਤੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਨ ਲਈ 'ਨਸ਼ੇ ਦੀ ਦੁਰਵਰਤੋਂ ਅਤੇ ਰਿਕਵਰੀ ਟਾਸਕ ਫੋਰਸ' ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਟਾਸਕ ਫੋਰਸ ਨੂੰ ਰਾਜ ਵਿਚ ਕੰਮ ਕਰ ਰਹੀਆਂ ਸੀਐੱਸਆਰ ਸੰਸਥਾਵਾਂ ਦਾ ਵੀ ਲਾਭ ਉਠਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਨਸ਼ਾ ਛੁਡਾਊ ਅਤੇ ਨਸ਼ਾ ਮੁਕਤੀ ਕੇਂਦਰਾਂ ਅਤੇ ਓਓਏਟੀ ਕਲੀਨਿਕਾਂ ਦੇ ਕਰਮਚਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਮਝਣ ਲਈ ਨਿਯਮਤ ਤੌਰ 'ਤੇ ਯਤਨ ਕਰਨਾ ਚਾਹੀਦਾ ਹੈ। ਸਰਕਾਰ 'ਕਰਮਚਾਰੀ ਸੰਗਠਨਾਂ' ਨਾਲ ਨਿਯਮਤ ਮੀਟਿੰਗਾਂ ਰਾਹੀਂ ਮੁੱਦਿਆਂ ਨੂੰ ਸਮਝ ਸਕਦੀ ਹੈ। ਹੋਰ ਸਟਾਫ ਦੀ ਲੋੜ, ਸੁਰੱਖਿਆ ਕਰਮਚਾਰੀ, ਸੀਸੀਟੀਵੀ ਕੈਮਰੇ ਆਦਿ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।

ਨਸ਼ਾ ਮੁਕਤੀ ਕੇਂਦਰਾਂ ਤਕ ਪਹੁੰਚਣ ਵਿਚ ਅਸਮਰੱਥ ਪੀੜਤਾਂ ਲਈ ਸਾਨੂੰ ਵਿਧਾਨਕ ਸੁਧਾਰਾਂ ਦੀ ਲੋੜ ਹੈ। ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ, 1985 ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਅਤੇ 'ਥੋੜ੍ਹੀ ਮਾਤਰਾ' 'ਚ ਨਸ਼ੇ ਦੇ ਕਬਜ਼ੇ, ਦੋਵਾਂ ਨੂੰ ਅਪਰਾਧ ਬਣਾਉਂਦਾ ਹੈ। ਨਸ਼ਾਖੋਰੀ ਕਰਨ ਵਾਲਿਆਂ ਨੂੰ ਮਦਦ ਦੀ ਲੋੜ ਵਾਲੇ ਵਿਅਕਤੀਆਂ ਵਜੋਂ ਦੇਖਣ ਦੀ ਬਜਾਏ ਕਾਨੂੰਨ ਉਨ੍ਹਾਂ ਨੂੰ ਅਪਰਾਧੀ ਵਜੋਂ ਦੇਖਦਾ ਹੈ। ਸਾਨੂੰ ਨਸ਼ੇ ਦੇ ਵਪਾਰੀਆਂ ਲਈ ਸਖ਼ਤ ਕਾਨੂੰਨ ਅਤੇ ਪੀੜਤਾਂ ਲਈ ਚੰਗੀ ਸਹਾਇਤਾ ਪ੍ਰਣਾਲੀ ਦੀ ਲੋੜ ਹੈ। ਉਨ੍ਹਾਂ ਕਾਰਨਾਂ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਜੋ ਕਿਸੇ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਦੇ ਸੇਵਨ ਦੀ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕਰਦੇ ਹਨ। ਉਦਾਹਰਨ ਲਈ ਇਹ ਕਾਰਨ ਹੋ ਸਕਦੇ ਹਨ-ਮਨੋਰੰਜਨ ਦੇ ਉਦੇਸ਼ਾਂ ਲਈ ਜਾਂ ਮਨੋਵਿਗਿਆਨਕ ਤਣਾਅ ਨਾਲ ਸਿੱਝਣ ਲਈ। ਮਾਨਸਿਕ ਸਿਹਤ ਬਾਰੇ ਸਮਾਜਿਕ ਕਲੰਕ ਦੂਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਦੀ 'ਕਿਰਨ' ਮਾਨਸਿਕ ਸਿਹਤ ਹੈਲਪਲਾਈਨ ਸਹੀ ਦਿਸ਼ਾ ਵਿਚ ਇਕ ਕਦਮ ਹੈ। ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਤਣਾਅ ਦਾ ਹੱਲ ਨਸ਼ੇ ਨਹੀਂ ਸਗੋਂ ਮਾਨਸਿਕ ਸਿਹਤ ਦੇ ਡਾਕਟਰ ਹਨ। ਆਮ ਤੌਰ 'ਤੇ ਜ਼ਿਆਦਾਤਰ ਨੌਜਵਾਨਾਂ ਲਈ ਸਖ਼ਤ ਨਸ਼ਿਆਂ ਵੱਲ ਪਹਿਲਾ ਕਦਮ ਸਿਗਰਟਾਂ ਰਾਹੀਂ ਹੁੰਦਾ ਹੈ। ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ 2003 ਅਨੁਸਾਰ ਸਿੱਖਿਆ ਸੰਸਥਾਵਾਂ ਦੇ ਸੌ ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਪਾਬੰਦੀ ਹੈ ਪਰ ਇਹ ਵਿਵਸਥਾ ਆਮ ਤੌਰ 'ਤੇ ਕਾਗਜ਼ਾਂ 'ਚ ਹੀ ਹੁੰਦੀ ਹੈ। ਸਰਕਾਰ ਨੂੰ ਵਿੱਦਿਅਕ ਅਦਾਰਿਆਂ, ਕਾਲਜਾਂ ਅਤੇ ਸਕੂਲਾਂ ਦੇ ਨੇੜੇ ਨਜ਼ਰ ਰੱਖਣ ਅਤੇ ਇਨ੍ਹਾਂ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਅਜਿਹੀਆਂ ਦੁਕਾਨਾਂ ਅਕਸਰ ਸਕੂਲਾਂ-ਕਾਲਜਾਂ ਦੇ ਗੇਟਾਂ ਦੇ ਨੇੜੇ ਹੁੰਦੀਆਂ ਹਨ ਜਿੱਥੇ 'ਤੰਬਾਕੂ ਨੂੰ ਨਾ ਕਹੋ' ਸਮਾਗਮ ਕਰਵਾਏ ਜਾਂਦੇ ਹਨ। ਇਸ ਨਾਲ ਅਜਿਹੇ ਸਮਾਗਮਾਂ ਦਾ ਮਕਸਦ ਖ਼ਤਮ ਹੋ ਜਾਂਦਾ ਹੈ। ਨਿਯਮ ਬਣਾਉਣ ਤੋਂ ਬਾਅਦ ਕੰਮ ਖ਼ਤਮ ਨਹੀਂ ਹੁੰਦਾ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀਆਂ ਸਾਡੀਆਂ ਸਮਾਜਿਕ ਮਾਰਕੀਟਿੰਗ ਮੁਹਿੰਮਾਂ ਵਿਚ ਕਮੀ ਨੂੰ ਦੂਰ ਕਰਨ ਲਈ ਅਲਰੀਸ ਅਤੇ ਜੈਕ ਟ੍ਰਾਊਟ ਦੁਆਰਾ ਦਿੱਤਾ ਗਿਆ ਮਾਰਕੀਟਿੰਗ ਦਾ ਇਕ ਅਟੱਲ ਕਾਨੂੰਨ 'ਫੋਕਸ ਦਾ ਕਾਨੂੰਨ' ਦਾ ਲਾਭ ਉਠਾਉਣਾ ਚਾਹੀਦਾ ਹੈ। ਸਾਨੂੰ ਆਪਣੀਆਂ ਮੁਹਿੰਮਾਂ ਦੀ ਵਰਤੋਂ ਸਮਾਜ



# ਐਕਸਨ ਮੋਡ ‘ਚ ਆਸਿਕਾ ਜੈਨ: ਦਸੂਹਾ ਤੇ ਮੁਕੇਰੀਆਂ ‘ਚ ਵਿਕਾਸ ਕਾਰਜਾਂ ਅਤੇ ਕਣਕ ਦੀ ਖਰੀਦ ਦਾ ਲਿਆ

**ਕੌਮੀ ਪਤ੍ਰਿਕਾ**

ਦਸੂਹਾ/ਹੁਸ਼ਿਆਰਪੁਰ 11 ਮਈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦਸੂਹਾ ਅਤੇ ਮੁਕੇਰੀਆਂ ਸਬ-ਡਵੀਜ਼ਨਾਂ ’ਚ ਚੱਲ ਰਹੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਅਤੇ ਭਲਾਈ ਸਕੀਮਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਚੱਲ ਰਹੇ ਵਿਕਾਸ ਕਾਰਜਾਂ ਲਈ ਨਿਰਧਾਰਤ ਸਮੇਂ ’ਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਸਥਾਨਕ ਮਾਰਕੀਟ ਕਮੇਟੀ ਦਫ਼ਤਰ ਵਿਖੇ ਸਬੰਧਤ ਐੱਸ. ਡੀ. ਐੱਮਜ਼ ਅਤੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਬ-ਡਵੀਜ਼ਨਾਂ ’ਚ ਚੱਲ ਰਹੀ ਕਣਕ ਦੀ ਖਰੀਦ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਮਿੱਥੇ ਸਮੇਂ ’ਚ ਖਰੀਦ ਹੋ ਜਾਣ ਤੋਂ ਬਾਅਦ ਅਦਾਇਗੀਆਂ ਵੀ ਨਿਰਧਾਰਤ ਸਮੇਂ ਵਿਚ ਯਕੀਨੀ ਬਣਾਈਆਂ ਜਾਣ। ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਜ਼ਿਲੇ ਵਿਚ ਖਰੀਦ ਪ੍ਰਕਿਰਿਆ ਸੁਚੱਜੇ ਢੰਗ ਨਾਲ ਜਾਰੀ ਹੈ ਅਤੇ ਹੁਣ ਤੱਕ ਸਵਾ ਦੋ ਲੱਖ ਮੀਟ੍ਰਿਕ ਟਨ ਦੇ ਕਰੀਬ ਕਣਕ ਦੀ ਮੰਡੀਆਂ ’ਚ ਆਮਦ ਹੋ ਚੁੱਕੀ ਹੈ, ਜਿਸ ’ਚੋਂ 2.20 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਖਰੀਦ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਨਾਲੋਂ-ਨਾਲ ਅਦਾਇਗੀਆਂ ਕੀਤੀ ਜਾ ਰਹੀਆਂ ਹਨ ਅਤੇ ਕੁੱਲ ਖਰੀਦ ਦੀ 99 ਫੀਸਦੀ ਦੇ ਕਰੀਬ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ’ਚੋਂ ਕਣਕ ਦੀ ਲਿਫਟਿੰਗ ਵੀ ਸੁਚੱਜੇ ਢੰਗ ਨਾਲ ਜਾਰੀ ਹੈ। ਡਿਪਟੀ ਕਮਿਸ਼ਨਰ ਨੇ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਨਾਲ ਸਬੰਧਤ ਕਾਰਜਾਂ ਦੀ ਪ੍ਰਗਤੀ ਬਾਰੇ ਜਾਣਦਿਆਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਬ-ਡਵੀਜ਼ਨ ਹਸਪਤਾਲ ਮੁਕੇਰੀਆਂ ਦੀ ਅਪਗ੍ਰੇਡੇਸ਼ਨ ਅਤੇ ਸਿਵਲ ਹਸਪਤਾਲ ਦਸੂਹਾ ਵਿਖੇ ਬਣ ਰਹੇ ਦਵਾਈਆਂ ਦੇ ਵੇਅਰਹਾਊਸ ਦੀ ਉਸਾਰੀ ਦਾ ਕੰਮ ਜਲਦ ਤੋਂ ਜਲਦ ਨੇਪਰੇ ਚਾੜ੍ਹਿਆ ਜਾਵੇ। ਅਧਿਕਾਰੀਆਂ ਨੇ ਦੱਸਿਆ ਕਿ ਮੁਕੇਰੀਆਂ ਹਸਪਤਾਲ ਦਾ ਕੰਮ 75 ਫੀਸਦੀ ਮੁਕੰਮਲ ਹੋ ਚੁੱਕਾ ਹੈ ਅਤੇ ਦਸੂਹਾ ਵੇਅਰਹਾਊਸ ਆਉਂਦੇ ਦੋ-ਤਿੰਨ ਮਹੀਨਿਆਂ ਤੱਕ ਤਿਆਰ ਹੋ ਜਾਵੇਗਾ। ਆਸ਼ਿਕਾ ਜੈਨ ਨੇ ਸਬ-ਡਵੀਜ਼ਨਾਂ ਵਿਚ ਸਮਾਜਿਕ ਸੁਰੱਖਿਆ ਪੈਨਸ਼ਨਾਂ, ਪਿੰਡਾਂ ਵਿਚ ਬਣ ਰਹੇ ਖੇਡ ਮੈਦਾਨਾਂ, ਸੜਕਾਂ, ਹਰ ਘਰ ਪਾਣੀ/ਜਲ ਜੀਵਨ ਮਿਸ਼ਨ, ਐੱਮ. ਪੀ. ਲੈਡ ਸਕੀਮ ਤਹਿਤ ਚੱਲ ਰਹੇ ਕਾਰਜਾਂ ਤੋਂ ਇਲਾਵਾ ਕੰਢੀ ਖੇਤਰ ਨਾਲ ਸਬੰਧਤ ਅਹਿਮ ਪ੍ਰਾਜੈਕਟਾਂ ਦੀ ਮੌਜੂਦਾ ਸਥਿਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਪਿੰਡਾਂ ਵਿਚ ਇੰਟਰਨੈਟ ਕੁਨੈਕਟੀਵਿਟੀ, ਰੰਗਲਾ ਪੰਜਾਬ ਸਕੀਮ, ਖੇਤੀਬਾੜੀ ਵਿਭਾਗ ਨਾਲ ਸਬੰਧਤ ਸਕੀਮਾਂ, ਮਗਨਰੇਗਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਸਮੇਂ ਸਿਰ ਬਣਦੇ ਲਾਭ ਅਤੇ ਸਕੀਮਾਂ ਦਾ ਫਾਇਦਾ ਪਹੁੰਚਾਉਣ ਦੇ ਨਿਰਦੇਸ਼ ਦਿੱਤੇ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਬ-ਡਵੀਜ਼ਨਾਂ ’ਚ ਬੂਟੇ ਲਾਉਣ ਦਾ ਕੰਮ ਜੰਗੀ ਪੱਧਰ ’ਤੇ ਚੱਲ ਰਿਹਾ ਹੈ ਜੋ ਆਉਂਦੇ ਦਿਨਾਂ ਵਿਚ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਗੁਰਕੰਵਲ ਸਿੰਘ, ਐੱਸ. ਡੀ. ਐੱਮ. ਦਸੂਹਾ ਕੰਵਲਜੀਤ ਸਿੰਘ, ਐੱਸ. ਡੀ. ਐੱਮ. ਮੁਕੇਰੀਆਂ ਜਯੋਤਸਨਾ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।



# ਨਵੀਂ ਖੇਤੀ ਮਸ਼ੀਨਰੀ ਲਈ ਅਰਜ਼ੀਆਂ ਦੀ ਮੰਗ : ਮੁੱਖ ਖੇਤੀਬਾੜੀ ਅਫ਼ਸਰ

ਫ਼ਿਰੋਜ਼ਪੁਰ 11 ਮਈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋ ਫ਼ਸਲੀ ਵਿਭਿੰਨਤਾ ਅਤੇ ਨਵੀਂ ਖੇਤੀ ਮਸ਼ੀਨਰੀ ਨੂੰ ਉਤਸ਼ਾਹਿਤ ਕਰਨ ਲਈ ਸੀ. ਡੀ. ਪੀ. ਅਤੇ ਸਮੈਮ ਸਕੀਮ ਸਾਲ 2026-27 ਦੌਰਾਨ ਖੇਤੀ ਮਸ਼ੀਨਰੀ ਸਬਸਿਡੀ ’ਤੇ ਦੇਣ ਲਈ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬੜੀ ਅਫ਼ਸਰ ਡਾ. ਬਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਕੀਮ ਤਹਿਤ



ਵਿਅਕਤੀਗਤ ਕਿਸਾਨ ਅਤੇ ਕਸਟਮ ਹਾਈਰਿੰਗ ਸੈਂਟਰ ਸੀ.ਡੀ.ਪੀ ਸਕੀਮ ਹੇਠ ਫ਼ਸਲੀ ਵਿਭਿੰਨਤਾ ਲਈ ਮਸ਼ੀਨਾਂ ਨੂਮੈਟਿਕ ਪਲਾਂਟਰ, ਸੂਗਰਕੇਨ ਹਰਵੇਸਟਰ, ਮੇਜ਼ ਸ਼ੈਲਰ, ਹਾਈ ਕਲੀਰੈਂਸ ਬੂਮ ਸਪਰੇਅਰ, ਮੈਨੂਅਲਪਾਵਰ ਸਪਰੇਅਰ, ਸ਼ੂਗਰਕੇਨ ਪਲਾਂਟਰ, ਗਰਾਊਂਡਨਟ ਡਿੱਗਰ, ਕਾਟਨ ਪਲਕਰ ਅਤੇ ਮਲਟੀ ਕਰਾਪ ਥਰੈਸ਼ਰ ਅਤੇ ਪੋਰਟਲ ਦੀ ਸੂਚੀ ’ਚ ਦਰਜ ਮਸ਼ੀਨਾਂ ਲਈ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਆਪਣੀ ਅਰਜ਼ੀ ਪੋਰਟਲ ’ਤੇ ਆਨਲਾਈਨ 111 ਮਈ 2026 ਤੱਕ ਦੇ ਸਕਦੇ ਹਨ। ਜੇਕਰ ਫਾਈਲ ਅਪਲਾਈ ਸਬੰਧੀ ਕੋਈ ਸਮੱਸਿਆਂ ਆਉਦੀ ਹੈ ਤਾਂ ਕਿਸਾਨ ਆਪਣੇ ਸਬੰਧਤ ਬਲਾਕ ਖੇਤੀਬਾੜੀ ਦਫ਼ਤਰ ਅਤੇ ਵਧੇਰੇ ਜਾਣਕਾਰੀ ਲਈ ਦਫ਼ਤਰ ਮੁੱਖ ਖੇਤੀਬਾੜੀ ਅਫ਼ਸਰ ਫਿਰੋਜ਼ਪੁਰ ਵਿਖੇ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਸਮੈਮ ਸਕੀਮ ਅਧੀਨ ਵਿਅਕਤੀਗਤ ਕਿਸਾਨ ਅਤੇ ਕਸਟਮ ਹਾਈਰਿੰਗ ਸੈਂਟਰਾਂ ਲਈ ਡੀ.ਐਸ.ਆਰ, ਪੀ. ਟੀ. ਓ ਆਪਰੇਟਿਡ ਬੰਡ ਫਾਰਮਰ, ਹਾਈ ਕਲੀਰੈਂਸ ਬੂਮ ਸਪਰੇਅਰ, ਪੀ.ਟੀ.ਓ ਉਪਰੇਟਿਡ ਫਰਟੀਲਾਈਜ਼ਰ ਸਪਰੈਡਰ, ਪੈਡੀ ਟਰਾਂਸਪਲਾਂਟਰ, ਟਰੈਕਟਰ ਆਪਰੇਟਿਡ ਬੂਮ ਸਪਰੇਅਰ, ਨਰਸਰੀ ਸੀਡਰ, ਟਰੈਕਟਰ ਆਪਰੇਟਿਡ ਇਲੈਕਟਰੋਸਟੈਟਿਕ ਸਪਰੇਅਰ ਆਦਿ ਮਸ਼ੀਨਾਂ ਲੈਣ ਲਈ ਆਨਲਾਇਨ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋ ਸੀ.ਡੀ.ਪੀ ਸਕੀਮ ਹੇਠ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਖੇਤੀ ਮਸ਼ੀਨਾਂ ਅਤੇ ਸਮੈਮ ਸਕੀਮ ਅਧੀਨ ਆਧੁਨਿਕ ਖੇਤੀ ਮਸ਼ੀਨਾਂ ਸਬਸਿਡੀ ’ਤੇ ਮੁਹੱਈਆ ਕਰਵਾਈਆ ਜਾ ਰਹੀਆਂ ਹਨ।

## ਸਰਮਨਾਕ ! ਅੰਤਿਮ ਸੰਸਕਾਰ ਲਈ ਜਾ ਰਹੇ ਸਵ ਵਾਹਨ ਨੂੰ ਪੈਟਰੋਲ ਪੰਪ ਨੇ ਨਹੀਂ ਦਿੱਤਾ ਤੇਲ

ਮਹਾਰਾਜਗੰਜ 11 ਮਈ। ਮਹਾਰਾਜਗੰਜ ਜਿ਼ਲ੍ਹੇ ਵਿੱਚ ਡੀਜਲ ਦੀ ਭਾਰੀ ਕਿੱਲਤ ਨੇ ਮਨੁੱਖਤਾ ਨੂੰ ਸਰਮਸਾਰ ਕਰਨ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਹਾਲਾਤ ਇਸ ਕਦਰ ਵਿਗੜ ਚੁੱਕੇ ਹਨ ਕਿ ਅੰਤਿਮ ਸੰਸਕਾਰ ਲਈ ਲਿਜਾਏ ਜਾ ਰਹੇ ਸਵ ਵਾਹਨ (ਪਿਕਅੱਪ) ਨੂੰ ਵੀ ਘੰਟਿਆਂ ਬੱਧੀ ਇੰਤਜਾਰ ਦੇ ਬਾਵਜੂਦ ਪੈਟਰੋਲ ਪੰਪ ਤੋਂ ਤੇਲ ਨਹੀਂ ਮਿਲਿਆ। ਅਖੀਰ ਪਰਿਵਾਰਕ ਮੈਂਬਰਾਂ ਨੇ ਦੂਜੀ ਗੱਡੀ ਵਿੱਚੋਂ ਡੀਜਲ ਕੱਢ ਕੇ ਸਵ ਵਾਹਨ ਵਿੱਚ ਭਰਿਆ, ਜਿਸ ਤੋਂ ਬਾਅਦ ਅੰਤਿਮ ਸੰਸਕਾਰ ਲਈ ਰਵਾਨਾ ਹੋ ਸਕੇ। ਘਟਨਾ ਨਿਚਲੌਲ ਥਾਣਾ ਖੇਤਰ ਦੇ ਸਿਧਾਵੇ ਪੈਟਰੋਲ ਪੰਪ ਦੀ ਹੈ। ਜਾਣਕਾਰੀ ਅਨੁਸਾਰ ਸਿਧਾਵੇ ਪਿੰਡ ਦੇ ਨਿਵਾਸੀ ਸਰਵੇਸ ਗੁਪਤਾ ਦੀ ਮੌਤ ਤੋਂ ਬਾਅਦ ਪਰਿਵਾਰਕ ਮੈਂਬਰ ਪਿਕਅੱਪ ਰਾਹੀਂ ਦੇਹ ਨੂੰ ਅੰਤਿਮ ਸੰਸਕਾਰ ਲਈ ਲੈ ਕੇ ਜਾ ਰਹੇ ਸਨ। ਰਸਤੇ ਵਿੱਚ ਡੀਜਲ ਖਤਮ ਹੋਣ ਕਾਰਨ ਗੱਡੀ ਨੂੰ ਨੇੜਲੇ ਪੰਪ ‘ਤੇ ਲਿਜਾਇਆ ਗਿਆ। ਪਰਿਵਾਰ ਦਾ ਦੋਸ ਹੈ ਕਿ ਪੰਪ ਕਰਮਚਾਰੀ ਘੰਟਿਆਂ ਬੱਧੀ ‘ਤੇਲ ਆ ਰਿਹਾ ਹੈ’ ਕਹਿ ਕੇ ਟਾਲ-ਮਟੋਲ ਕਰਦੇ ਰਹੇ। ਇੱਕ ਪਾਸੇ ਪਰਿਵਾਰ ਸੋਗ ਵਿੱਚ ਸੀ ਅਤੇ ਦੂਜੇ ਪਾਸੇ ਅੰਤਿਮ ਸੰਸਕਾਰ ਵਿੱਚ ਹੋ ਰਹੀ ਦੇਰੀ ਉਨ੍ਹਾਂ ਨੂੰ ਮਾਨਸਿਕ ਤੌਰ ‘ਤੇ ਪ੍ਰੇਸਾਨ ਕਰ ਰਹੀ ਸੀ। ਇਸ ਘਟਨਾ ਦਾ ਵੀਡੀਓ ਸੋਸਲ ਮੀਡੀਆ ‘ਤੇ ਤੇਜੀ ਨਾਲ ਵਾਇਰਲ ਹੋ ਰਿਹਾ ਹੈ। ਜਿੱਥੇ ਇੱਕ ਪਾਸੇ ਆਮ ਜਨਤਾ ਤੇਲ ਲਈ ਤਰਸ ਰਹੀ ਹੈ, ਉੱਥੇ ਹੀ ਇੱਕ ਹੋਰ ਵਾਇਰਲ ਵੀਡੀਓ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸੇ ਪੈਟਰੋਲ ਪੰਪ ‘ਤੇ ਅੱਧੀ ਰਾਤ ਨੂੰ ਚੋਰੀ-ਛਿਪੇ ਤੇਲ ਵੰਡਿਆ ਜਾ ਰਿਹਾ ਸੀ। ਸਥਾਨਕ ਲੋਕਾਂ ਨੇ ਪ੍ਰਸਾਸਨ ‘ਤੇ ਤੇਲ ਦੀ ਕਾਲਾਬਾਜਾਰੀ ਅਤੇ ਅਨਿਯਮਿਤਤਾ ਦੇ ਗੰਭੀਰ ਦੋਸ ਲਗਾਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਿ਼ਲ੍ਹਾ ਪ੍ਰਸਾਸਨ ਤੇਲ ਦੀ ਕੋਈ ਵੀ ਕਮੀ ਨਾ ਹੋਣ ਦਾ ਦਾਅਵਾ ਕਰ ਰਿਹਾ ਹੈ। ਜਿ਼ਲ੍ਹਾ ਮੈਜਿਸਟ੍ਰੇਟ ਸੰਤੋਸ ਕੁਮਾਰ ਸਰਮਾ ਨੇ ਕਿਹਾ ਕਿ ਜਿ਼ਲ੍ਹੇ ਵਿੱਚ ਡੀਜਲ-ਪੈਟਰੋਲ ਦੀ ਕੋਈ ਕਿੱਲਤ ਨਹੀਂ ਹੈ ਅਤੇ ਕਾਲਾਬਾਜਾਰੀ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## 1 ਲੀਟਰ ਇਥਾਨੌਲ ਤਿਆਰ ਕਰਨ ਲਈ 10,000 ਲੀਟਰ ਪਾਣੀ ! ਦੇਸ਼ ਲਈ ਖੜ੍ਹਾ ਹੋ ਸਕਦੈ ਵੱਡਾ ਜਲ ਸੰਕਟ

ਨੈਸ਼ਨਲ ਡੈਸਕ 11 ਮਈ। ਭਾਰਤ ਸਰਕਾਰ ਵੱਲੋਂ ਪੈਟਰੋਲ ਵਿੱਚ ਇਥਾਨੌਲ ਮਿਲਾਉਣ ਦੀ ਮੁਹਿੰਮ, ਜਿਸ ਨੂੰ ‘ਗ੍ਰੀਨ ਐਨਰਜੀ’ ਵਜੋਂ ਪੇਸ ਕੀਤਾ ਜਾ ਰਿਹਾ ਹੈ, ਦੇਸ ਲਈ ਇੱਕ ਨਵਾਂ ਜਲ ਸੰਕਟ ਖੜ੍ਹਾ ਕਰ ਸਕਦੀ ਹੈ। ਨੀਤੀ ਆਯੋਗ ਦੇ ‘ਕੰਪੋਜਿ਼ਟ ਵਾਟਰ ਮੈਨੇਜਮੈਂਟ ਇੰਡੈਕਸ’ ਅਤੇ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਥਾਨੌਲ ਉਤਪਾਦਨ ਲਈ ਪਾਣੀ ਦੀ ਬਹੁਤ ਜਿ਼ਆਦਾ ਵਰਤੋਂ ਕੀਤੀ ਜਾ ਰਹੀ ਹੈ, ਜੋ ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਪੈਦਾ ਕਰ ਸਕਦੀ ਹੈ। ਰਿਪੋਰਟ ਅਨੁਸਾਰ, ਚੌਲਾਂ ਤੋਂ ਇੱਕ ਲੀਟਰ ਇਥਾਨੌਲ ਤਿਆਰ ਕਰਨ ਲਈ ਲਗਭਗ 10,790 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਮੱਕੀ ਲਈ 4,670 ਲੀਟਰ ਅਤੇ ਗੰਨੇ ਲਈ 3,630 ਲੀਟਰ ਪਾਣੀ ਵਰਤਿਆ ਜਾਂਦਾ ਹੈ। ਨੀਤੀ ਆਯੋਗ ਅਨੁਸਾਰ ਸਾਲ 2030 ਤੱਕ ਭਾਰਤ ਦੇ 21 ਪ੍ਰਮੁੱਖ ਸਹਿਰਾਂ (ਜਿਵੇਂ ਦਿੱਲੀ, ਬੈਂਗਲੁਰੂ ਅਤੇ ਚੇਨਈ) ਵਿੱਚ ਜਮੀਨੀ ਪਾਣੀ ਦਾ ਪੱਧਰ ‘ਜੀਰੋ’ ਤੱਕ ਪਹੁੰਚ ਸਕਦਾ ਹੈ। ਸਰਕਾਰ ਨੇ ਸਾਲ 2025-26 ਲਈ ਇਥਾਨੌਲ ਉਤਪਾਦਨ ਵਾਸਤੇ 90 ਲੱਖ ਟਨ ਚੌਲਾਂ ਦਾ ਕੋਟਾ ਤੈਅ ਕੀਤਾ ਹੈ। ਗਰੀਬਾਂ ਨੂੰ ਵੰਡੇ ਜਾਣ ਵਾਲੇ ਚੌਲਾਂ ਵਿੱਚ ਕਟੌਤੀ ਕਰ ਕੇ ਉਸ ਨੂੰ ਸਰਾਬ ਬਣਾਉਣ ਵਾਲੀਆਂ ਭੱਠੀਆਂ ਨੂੰ ਦਿੱਤਾ ਜਾ ਰਿਹਾ ਹੈ। ਮਹਾਰਾਸਟਰ ਵਿੱਚ 396 ਕਰੋੜ ਲੀਟਰ ਇਥਾਨੌਲ ਉਤਪਾਦਨ ਦੀ ਸਮਰੱਥਾ ਹੈ, ਜਦਕਿ ਇਸ ਦੇ ਵਿਦਰਭ ਅਤੇ ਮਾਰਾਠਵਾੜਾ ਵਰਗੇ ਇਲਾਕੇ ਪਹਿਲਾਂ ਹੀ ਸੋਕੇ ਦੀ ਮਾਰ ਝੱਲ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਚੌਲਾਂ ਦੀ ਫਸਲ ਲਈ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਜਮੀਨੀ ਪਾਣੀ ਖਤਮ ਕਰਨ ਲਈ ਜਿ਼ੰਮੇਵਾਰ ਠਹਿਰਾਇਆ ਜਾਂਦਾ ਸੀ, ਹੁਣ ਉਸੇ ਫਸਲ ਦੀ ਵਰਤੋਂ ਉਦਯੋਗਿਕ ਪੱਧਰ ‘ਤੇ ਤੇਲ ਬਣਾਉਣ ਲਈ ਕੀਤੀ ਜਾ ਰਹੀ ਹੈ। ਇਥਾਨੌਲ ਮਿੱਲਾਂ ਵਿੱਚੋਂ ਨਿਕਲਣ ਵਾਲਾ ਗੰਦਾ ਪਾਣੀ ਜੇਕਰ ਸਹੀ ਢੰਗ ਨਾਲ ਸਾਫ ਨਾ ਕੀਤਾ ਜਾਵੇ, ਤਾਂ ਇਹ ਜਮੀਨ ਹੇਠਲੇ ਅਤੇ ਸਤਹੀ ਪਾਣੀ ਨੂੰ ਜਹਿਰੀਲਾ ਬਣਾ ਸਕਦਾ ਹੈ। ਰਿਪੋਰਟ ਅਨੁਸਾਰ, ਜਦੋਂ ਕਿਸਾਨ 1 ਕਿਲੋ ਚੌਲ ਉਗਾਉਣ ਲਈ 3000-5000 ਲੀਟਰ ਪਾਣੀ ਵਰਤਦਾ ਹੈ, ਤਾਂ ਉਸ ਦੀ ਆਲੋਚਨਾ ਹੁੰਦੀ ਹੈ। ਪਰ ਜਦੋਂ ਉਦਯੋਗ 1 ਲੀਟਰ ਬਾਲਣ ਲਈ 10,000 ਲੀਟਰ ਪਾਣੀ ਫੂਕਦੇ ਹਨ, ਤਾਂ ਉਸ ਨੂੰ ‘ਸਾਫ ਊਰਜਾ’ ਕਿਹਾ ਜਾਂਦਾ ਹੈ।

# ਗੁਰਦਾਸਪੁਰ ’ਚ ਸਰਾਫ਼ ਦੇ ਘਰੋਂ 8 ਕਰੋੜ ਦੀ ਲੁੱਟ ਕਰਨ ਵਾਲਾ ਮੁੱਖ ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਗੁਰਦਾਸਪੁਰ 11 ਮਈ। ਗੁਰਦਾਸਪੁਰ ਜ਼ਿਲ੍ਹਾ ਪੁਲਸ ਵੱਲੋਂ 5 ਮਾਰਚ 2026 ਨੂੰ ਸਰਾਫ ਦੇ ਘਰ ਹੋਈ ਲਗਭਗ 8 ਕਰੋੜ ਰੁਪਏ ਦੀ ਲੁੱਟ ਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮਾਮਲੇ ’ਚ ਚਾਰ ਹੋਰ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਿਆ ਨੇ ਪੱਤਰਕਾਰਾਂ ਨੂੰ ਦੱਸਿਆ ਕਿ 5 ਮਾਰਚ 2026 ਨੂੰ ਜੇਲ੍ਹ ਰੋਡ ਸਥਿਤ ਪੁੱਡਾ ਕਲੋਨੀ ਦੇ ਵਸਨੀਕ ਵਰੁਣ ਸਰਾਫ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਪੰਜ ਤੋਂ ਛੇ ਹਥਿਆਰਬੰਦ ਵਿਅਕਤੀ ਸਵੇਰੇ ਉਸ ਦੇ ਘਰ ਵਿੱਚ ਦਾਖਲ ਹੋਏ ਅਤੇ ਪੂਰੇ ਪਰਿਵਾਰ ਨੂੰ ਬੰਦੀ ਬਣਾ ਲਿਆ। ਮੁਲਜ਼ਮਾਂ ਨੇ ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਕੇ ਬੰਦੂਕ ਦੀ ਨੋਕ ’ਤੇ ਤਿਜੋਰੀਆਂ ਵਿੱਚੋਂ ਨਕਦੀ ਅਤੇ ਗਹਿਣੇ ਲੁੱਟ ਲਏ। ਪਰਿਵਾਰ ਮੁਤਾਬਕ ਲੁਟੇਰੇ ਲਗਭਗ 8 ਕਰੋੜ ਰੁਪਏ ਦੀ ਨਕਦੀ, ਗਹਿਣੇ, ਮੋਬਾਈਲ ਫੋਨ ਅਤੇ ਕਾਰ ਵੀ ਲੈ ਗਏ ਸਨ। ਐੱਸ.ਐੱਸ.ਪੀ. ਨੇ ਦੱਸਿਆ ਕਿ ਇਸ ਡਕੈਤੀ ਮਾਮਲੇ ’ਚ ਚਾਰ ਮੁਲਜ਼ਮਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਕੋਲੋਂ ਲਗਭਗ 2 ਕਰੋੜ 50 ਲੱਖ ਰੁਪਏ ਦੀ ਬਰਾਮਦੀ ਕੀਤੀ ਗਈ, ਜਿਨ੍ਹਾਂ ਵਿੱਚੋਂ 32 ਲੱਖ ਰੁਪਏ ਨਕਦ ਸਨ। ਹਾਲਾਂਕਿ ਮੁੱਖ ਦੋਸ਼ੀ ਪੁਲਸ ਦੇ ਹੱਥ ਨਹੀਂ ਲੱਗ ਰਿਹਾ ਸੀ, ਪਰ ਹੁਣ ਉਸ ਨੂੰ ਵੀ ਕਾਬੂ ਕਰ ਲਿਆ ਗਿਆ ਹੈ। ਗ੍ਰਿਫ਼ਤਾਰ ਮੁਲਜ਼ਮ ਦੀ ਪਹਿਚਾਣ ਗੁਰਪ੍ਰੀਤ ਸਿੰਘ ਉਰਫ਼ ਗੋਲੀ ਪੁੱਤਰ ਕਸ਼ਮੀਰ ਸਿੰਘ, ਵਾਸੀ ਕੋਟਲੀ ਸੂਰਤ ਮੱਲੀ ਵਜੋਂ ਹੋਈ ਹੈ। ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁਲਜ਼ਮ ਦੇ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਪਹਿਲਾਂ ਹੀ 17 ਮਾਮਲੇ ਦਰਜ ਹਨ, ਜਿਨ੍ਹਾਂ ’ਚ ਕਤਲ, ਕਤਲ ਦੀ ਕੋਸ਼ਿਸ਼, ਡਕੈਤੀ, ਜਬਰੀ ਵਸੂਲੀ ਅਤੇ ਐੱਨ.ਡੀ.ਪੀ.ਐੱਸ ਐਕਟ ਨਾਲ ਸੰਬੰਧਿਤ ਮਾਮਲੇ ਸ਼ਾਮਲ ਹਨ। ਪੁਲਸ ਮੁਤਾਬਕ ਮੁਲਜ਼ਮ ਇੱਕ ਆਦਤਨ ਅਪਰਾਧੀ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਨੂੰ ਮਹੱਤਵਪੂਰਨ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਗੁਰਪ੍ਰੀਤ ਸਿੰਘ




ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ ਅਤੇ ਲੁੱਟੀ ਗਈ ਰਕਮ ਬਾਰੇ ਗਲਤ ਜਾਣਕਾਰੀ ਦੇ ਰਿਹਾ ਹੈ। ਪੁਲਸ ਦਾ ਕਹਿਣਾ ਹੈ ਕਿ ਜ਼ਿਆਦਾਤਰ ਨਕਦੀ ਅਤੇ ਗਹਿਣੇ ਬਰਾਮਦ ਕਰ ਲਏ ਗਏ ਹਨ, ਜਦਕਿ ਪੀੜਤ ਪਰਿਵਾਰ ਵੱਲੋਂ ਦੱਸੀਆਂ ਗਈਆਂ ਕੁਝ ਰਕਮਾਂ ਦੀ ਪੁਸ਼ਟੀ ਹਜੇ ਜਾਂਚ ਹੇਠ ਹੈ। ਮਾਮਲਾ ਇਸ ਵੇਲੇ ਜਾਂਚ ਅਧੀਨ ਹੈ ਅਤੇ ਸੱਚਾਈ ਜਲਦੀ ਸਾਹਮਣੇ ਆਉਣ ਦੀ ਉਮੀਦ ਹੈ।

# ਬੰਗਲੌਰ ਤੋਂ ਸਿਕਲੀਗਰ ਤੇ ਵਣਜਾਰੇ ਸਿੱਖਾਂ ਦਾ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜਾ

**ਕੌਮੀ ਪਤ੍ਰਿਕਾ**

ਜੈਤੋ, 11 ਮਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖਾਂ ਲਈ ਕਈ ਤਰ੍ਹਾਂ ਦੇ ਉਪਰਾਲੇ ਆਰੰਭੇ ਹੋਏ ਹਨ, ਜਿਸ ਤਹਿਤ ਜਿਥੇ ਇਨ੍ਹਾਂ ਦੇ ਬੱਚਿਆਂ ਦੀ ਫੀਸਾਂ ਦਾ ਪ੍ਰਬੰਧ ਕੀਤਾ ਗਿਆ ਹੈ, ਉਥੇ ਹੀ ਸਿਕਲੀਗਰ ਤੇ ਵਣਜਾਰੇ ਸਿੱਖਾਂ ਨੂੰ ਸਿੱਖ ਧਰਮ ਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸਮੇਂ-ਸਮੇਂ ਜਥਿਆਂ ਦੇ ਰੂਪ ਵਿਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਸੇ ਤਹਿਤ ਅੱਜ ਗੁਰਦੁਆਰਾ ਸਿੰਘ ਸਭਾ ਬੰਗਲੌਰ ਤੇ ਕਰਨਾਟਕਾ ਸਿੱਖ ਵੈਲਫੇਅਰ ਸੁਸਾਇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਕ ਜਥਾ ਸ. ਜਰਨੈਲ ਸਿੰਘ ਦੀ ਅਗਵਾਈ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪੁੱਜਾ ਹੈ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੀ-ਆਇਆਂ ਕਿਹਾ। ਇਹ ਜਥਾ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਾ ਹੈ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿਕਲੀਗਰ ਅਤੇ ਵਣਜਾਰੇ ਸਿੱਖ ਕੌਮ ਦਾ ਅਹਿਮ ਅੰਗ ਹਨ, ਜਿਨ੍ਹਾਂ ਦੀ ਭਲਾਈ ਲਈ ਸ਼੍ਰੋਮਣੀ ਕਮੇਟੀ ਲਗਾਤਾਰ ਯਤਨਸ਼ੀਲ ਹੈ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਉਨ੍ਹਾਂ ਦੀਆਂ ਸਕੂਲ ਫੀਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਪਿਛਲੇ ਸਮੇਂ ਦੌਰਾਨ ਇਨ੍ਹਾਂ ਸਿੱਖ ਪਰਿਵਾਰਾਂ ਨੂੰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਉਣ ਦਾ ਵੀ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸੇ ਤਹਿਤ 100 ਸ਼ਰਧਾਲੂਆਂ ਦਾ ਜਥਾ ਪੰਜਾਬ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਪੁੱਜਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿਕਲੀਗਰ ਸਿੱਖਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਹਰ ਸੰਭਵ ਸਹਾਇਤਾ ਦੇਣ ਲਈ ਵਚਨਬਧ ਹੈ ਅਤੇ ਇਸ ਦਿਸ਼ਾ ਵਿਚ ਨਿਰੰਤਰ ਕਾਰਜ ਕੀਤੇ ਜਾਣਗੇ। ਜਥੇ ਦੇ ਆਗੂ ਸ. ਜਰਨੈਲ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਮਾਣ-ਸਨਮਾਨ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਲਈ ਕੀਤੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਗੁਰਮੀਤ ਸਿੰਘ ਬੂਹ, ਸ. ਅਵਤਾਰ ਸਿੰਘ ਵਣਵਾਲਾ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਕਰਨਾਟਕਾ ਤੋਂ ਪੁੱਜੇ ਪ੍ਰਧਾਨ ਸ. ਜਰਨੈਲ ਸਿੰਘ, ਮੀਤ ਪ੍ਰਧਾਨ ਸ. ਜੋਗਿੰਦਰ ਸਿੰਘ, ਜਰਨਲ ਸਕੱਤਰ ਸ. ਜਸਪਾਲ ਸਿੰਘ, ਸਕੱਤਰ ਸ. ਤੇਜਿੰਦਰਪਾਲ ਸਿੰਘ ਤੇ ਹੋਰ ਮੌਜੂਦ ਸਨ।

# ਨਕੋਦਰ ‘ਚ ਕਾਲਜ ਬੱਸ ਘੇਰ ਕੇ ਵਿਦਿਆਰਥੀ ‘ਤੇ ਕਾਤਲਾਨਾ ਹਮਲਾ

ਨਕੋਦਰ 11 ਮਈ। ਥਾਣਾ ਸਦਰ ਪੁਲਸ ਨੇ ਨਕੋਦਰ-ਜਲੰਧਰ ਹਾਈਵੇ ’ਤੇ ਇਕ ਕਾਲਜ ਦੀ ਬੱਸ ਨੂੰ ਘੇਰ ਕੇ ਵਿਦਿਆਰਥੀ ਦੀ ਕੁੱਟਮਾਰ ਕਰਨ ਅਤੇ ਇਲਾਕੇ ’ਚ ਦਹਿਸਤ ਫੈਲਾਉਣ ਦੇ ਮਾਮਲੇ ’ਚ 13 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ 6 ਮੁਲਜਮਾਂ ਨੂੰ ਮਾਰੂ ਹਥਿਆਰਾਂ ਅਤੇ 2 ਗੱਡੀਆਂ ਸਮੇਤ ਗ੍ਰਿਫਤਾਰ ਕਰਨ ’ਚ ਸਫਲਤਾ ਹਾਸਲ ਕੀਤੀ ਹੈ। ਡੀ. ਐੱਸ. ਪੀ. ਨਕੋਦਰ ਉਂਕਾਰ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 28 ਅਪ੍ਰੈਲ ਨੂੰ ਸੀ. ਟੀ. ਕਾਲਜ ਜਲੰਧਰ ਦੀ ਬੱਸ ਵਿਦਿਆਰਥੀਆਂ ਨੂੰ ਛੱਡਣ ਲਈ ਜਲੰਧਰ ਤੋਂ ਨਕੋਦਰ ਵੱਲ ਆ ਰਹੀ ਸੀ। ਜਦੋਂ ਬੱਸ ਨਕੋਦਰ-ਜਲੰਧਰ ਹਾਈਵੇ ’ਤੇ ਪਿੰਡ ਮੁੱਧ ਪੈਟਰੋਲ ਪੰਪ ਨੇੜੇ ਸਾਮ ਲਗਭਗ 5 ਵਜੇ ਪਹੁੰਚੀ ਤਾਂ 3 ਗੱਡੀਆਂ ਅਤੇ ਮੋਟਰਸਾਈਕਲਾਂ ’ਤੇ ਸਵਾਰ ਹਮਲਾਵਰਾਂ ਵੱਲੋਂ ਬੱਸ ਨੂੰ ਘੇਰ ਲਿਆ ਗਿਆ। ਉਕਤ ਵਿਅਕਤੀਆਂ ਨੇ ਤੇਜਧਾਰ ਤੇ ਮਾਰੂ ਹਥਿਆਰਾਂ ਨਾਲ ਬੱਸ ’ਚ ਦਾਖਲ ਹੋ ਕੇ ਵਿਦਿਆਰਥੀ ਹਰਸਾਹਿਲ ਸਿੰਘ ਉਰਫ ਸਾਹਿਲ ਪੁੱਤਰ ਬਲਵਿੰਦਰ ਸਿੰਘ ਵਾਸੀ ਇਸਮਾਈਲਪੁਰ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਇਸ ਘਟਨਾ ਕਾਰਨ ਬੱਸ ’ਚ ਸਵਾਰ ਵਿਦਿਆਰਥੀਆਂ ਅਤੇ ਰਾਹਗੀਰਾਂ ’ਚ ਭਾਰੀ ਦਹਿਸਤ ਦਾ ਮਾਹੌਲ ਬਣ ਗਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਐੱਸ. ਐੱਸ. ਪੀ. ਜਲੰਧਰ ਦਿਹਾਤੀ ਦੇ ਦਿਸਾ-ਹੁਕਮਾਂ ਹੇਠ ਡੀ. ਐੱਸ. ਪੀ. ਉਂਕਾਰ ਸਿੰਘ ਬਰਾੜ ਦੀ ਅਗਵਾਈ ’ਚ ਸਦਰ ਥਾਣਾ ਮੁਖੀ ਇੰਸਪੈਕਟਰ ਪਲਵਿੰਦਰ ਸਿੰਘ ਅਤੇ ਸੀ. ਆਈ. ਏ. ਸਟਾਫ ਦੇ ਇੰਚਾਰਜ ਪੁਸਪ ਬਾਲੀ ਦੀਆਂ ਟੀਮਾਂ ਗਠਿਤ ਕੀਤੀਆਂ ਗਈਆਂ। ਪੁਲਸ ਟੀਮਾਂ ਨੇ ਤਕਨੀਕੀ ਢੰਗ ਨਾਲ ਤਫਤੀਸ ਕਰਦਿਆਂ 13 ਵਿਅਕਤੀਆਂ ਨੂੰ ਨਾਮਜਦ ਕਰ ਕੇ 6 ਮੁਲਜਮਾਂ ਨੂੰ ਕਾਬੂ ਕਰ ਲਿਆ। ਫੜੇ ਗਏ ਮੁਲਜਮਾਂ ਦੀ ਪਛਾਣ ਦਲਵੀਰ ਸਿੰਘ ਉਰਫ ਬਾਵਾ ਵਾਸੀ ਇਸਮਾਈਲਪੁਰ, ਤਲਵਿੰਦਰ ਸਿੰਘ ਉਰਫ ਤੇਜੀ ਵਾਸੀ ਖਾਨਪੁਰ ਢੱਡਾ, ਅਸਨ ਕੁਮਾਰ ਵਾਸੀ ਤਲਵੰਡੀ ਸਲੇਮ, ਪਰਵਿੰਦਰ ਸਿੰਘ ਉਰਫ ਪਰਮ ਵਾਸੀ ਨਸੀਰੇਵਾਲ (ਜਿ਼ਲ੍ਹਾ ਕਪੂਰਥਲਾ), ਹਰਦੀਪ ਸਿੰਘ ਦੀਪਾ ਅਤੇ ਸਾਗਰ ਵਾਸੀ ਤਲਵੰਡੀ ਸਲੇਮ ਵਜੋਂ ਹੋਈ ਹੈ। ਡੀ. ਐੱਸ. ਪੀ. ਬਰਾੜ ਨੇ ਦੱਸਿਆ ਕਿ ਮੁਲਜਮਾਂ ਨੂੰ ਅਦਾਲਤ ’ਚ ਪੇਸ ਕਰ ਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਤਾਂ ਜੋ ਮਾਮਲੇ ਦੀ ਹੋਰ ਡੂੰਘਾਈ ਨਾਲ ਸਮੀਖਿਆ ਅਤੇ ਪੁੱਛਗਿੱਛ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਬਾਕੀ ਫਰਾਰ 7 ਮੁਲਜਮਾਂ ਦੀ ਗ੍ਰਿਫਤਾਰੀ ਲਈ ਵਿਸੇਸ ਟੀਮਾਂ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਆਰ. ਐੱਸ. ਐੱਸ. ਦੇ 100 ਸਾਲਾ ਸਫ਼ਰ ਨੂੰ ਲੈ ਕੇ ਜੀਰਕਪੁਰ ’ਚ ਜਨ-ਗੋਸ਼ਠੀ

**ਏਜੰਸੀਆਂ**

ਜੀਰਕਪੁਰ 11 ਮਈ। ਰਾਸ਼ਟਰੀ ਸਵੈਮ ਸੇਵਕ ਸੰਘ ਦੇ 100 ਸਾਲਾਂ ਦੇ ਗੌਰਵਸ਼ਾਲੀ ਇਤਿਹਾਸ ਦੇ ਸਬੰਧ ਵਿੱਚ ਸੰਘ ਦੀ ਜੀਰਕਪੁਰ ਇਕਾਈ ਵੱਲੋਂ ਕਿਸ਼ਨਪੁਰਾ ਦੀ ਗ੍ਰੀਨਵੈਲੀ ਟਾਵਰ ਸੁਸਾਇਟੀ ਦੇ ਕਲੱਬ ਹਾਊਸ ਵਿੱਚ ਇੱਕ ਵਿਸ਼ੇਸ਼ ਜਨ-ਗੋਸ਼ਠੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ




ਮੁੱਖ ਬੁਲਾਰੇ ਵਜੋਂ ਸੰਘ ਦੇ ਉੱਤਰੀ ਖੇਤਰ ਦੇ ਪ੍ਰਚਾਰਕ ਪ੍ਰਮੁੱਖ ਬਨਵੀਰ ਸਿੰਘ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਸੰਘ ਦੀ 100 ਸਾਲਾਂ ਦੀ ਯਾਤਰਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਬਨਵੀਰ ਸਿੰਘ ਨੇ ਦੱਸਿਆ ਕਿ ਸੰਘ ਨੂੰ 1948, 1975 (ਐਮਰਜੈਂਸੀ ਸਮੇਂ) ਅਤੇ 1992 ਵਿੱਚ ਕਈ ਝੂਠੇ ਦੋਸ਼ਾਂ ਤਹਿਤ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ, ਪਰ ਵਿਕਟ ਹਾਲਾਤਾਂ ਦੇ ਬਾਵਜੂਦ ਅੱਜ ਸੰਘ ਪੂਰੇ ਦੇਸ਼ ਵਿੱਚ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਫੈਲ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਰੋਜ਼ਾਨਾ 80 ਹਜ਼ਾਰ ਸ਼ਾਖਾਵਾਂ ਅਤੇ 30 ਹਜ਼ਾਰ ਹਫ਼ਤਾਵਾਰੀ ਮਿਲਣ ਸ਼ਾਖਾਵਾਂ ਚਲਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਵੈਮ ਸੇਵਕਾਂ ਵੱਲੋਂ ਕਰੀਬ 72 ਸੰਸਥਾਵਾਂ ਰਾਹੀਂ ਰਾਸ਼ਟਰੀ ਪੱਧਰ ’ਤੇ ਸਮਾਜ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਸੰਘ ਦੇ ਸੰਸਥਾਪਕ ਡਾ. ਕੇਸ਼ਵ ਰਾਓ ਬਲੀਰਾਮ ਹੇਗੜੇਵਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ 1925 ਵਿੱਚ ਹਿੰਦੂ ਸਮਾਜ ਨੂੰ ਇੱਕ ਮੰਚ ’ਤੇ ਸੰਗਠਿਤ ਕਰਨ ਦੇ ਉਦੇਸ਼ ਨਾਲ ਸੰਘ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਧਰਮ ਪਰਿਵਰਤਨ ਨੂੰ ਰੋਕਣ ਲਈ ਸੰਘ ਵੱਲੋਂ 2000 ਤੋਂ ਵੱਧ ਹੋਸਟਲ ਚਲਾਏ ਜਾ ਰਹੇ ਹਨ, ਜਿੱਥੇ ਆਦਿਵਾਸੀ ਖੇਤਰਾਂ ਦੇ ਬੱਚਿਆਂ ਨੂੰ ਸਿੱਖਿਅਤ ਕੀਤਾ ਜਾ ਰਿਹਾ ਹੈ। ਉਨ੍ਹਾਂ ਵਧਦੇ ਨਸ਼ਿਆਂ ਨੂੰ ਸਮਾਜ ਲਈ ਵੱਡਾ ਖ਼ਤਰਾ ਦੱਸਿਆ। ਸੰਘ ਦੇ ਅਗਲੇ 30 ਸਾਲਾਂ ਦੇ ਟੀਚਿਆਂ ਬਾਰੇ ਗੱਲ ਕਰਦਿਆਂ ਬਨਵੀਰ ਸਿੰਘ ਨੇ ’ਪੰਚ ਪਰਿਵਰਤਨ’ ’ਤੇ ਜ਼ੋਰ ਦਿੱਤਾ, ਜਿਸ ਵਿੱਚ ਕੁਟੰਬ ਪ੍ਰਬੋਧਨ (ਪਰਿਵਾਰਕ ਜਾਗਰੂਕਤਾ), ਵਾਤਾਵਰਣ, ਸਮਾਜਿਕ ਸਦਭਾਵਨਾ, ਸਵੈ ਦਾ ਬੋਧ (ਸਵਦੇਸ਼ੀ) ਅਤੇ ਨਾਗਰਿਕ ਕਰਤੱਵ ਸ਼ਾਮਲ ਹਨ। ਇਸ ਮੌਕੇ ਸਮਾਜ ਸੇਵੀ ਸੰਸਥਾ ’ਸ਼ਿਆਮ ਸਹਾਰਾ ਕਨਿਕਾ ਫਾਊਂਡੇਸ਼ਨ’ ਦੇ ਚੇਅਰਮੈਨ ਸੰਜੇ ਸਿੰਗਲਾ ਨੇ ਵੀ ਹਾਜ਼ਰੀਨ ਨੂੰ ਇੱਕਜੁੱਟ ਹੋਣ ਦਾ ਸੰਦੇਸ਼ ਦਿੱਤਾ।

# ਭਾਜਪਾ ਦੀ “ਜਨਤਾ ਦੀ ਵਿਧਾਨ ਸਭਾ” ‘ਚ ਮਾਨ ਸਰਕਾਰ ਖਿਲਾਫ ਬੇਭਰੋਸਗੀ ਦਾ ਮਤਾ ਪਾਸ

**ਕੌਮੀ ਪਤ੍ਰਿਕਾ**

ਚੰਡੀਗੜ੍ਹ 11 ਮਈ। ਭਾਰਤੀ ਜਨਤਾ ਪਾਰਟੀ ਦੀ “ਜਨਤਾ ਦੀ ਵਿਧਾਨ ਸਭਾ” ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਦੇ ਖਿ਼ਲਾਫ ਬੇਭਰੋਸਗੀ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਦੌਰਾਨ ਸਦਨ ਵਿੱਚ ਨਾਰਾ ਗੂੰਜਿਆ: “ਪੰਜਾਬੀ ਕਰੇ ਪੁਕਾਰ, ਸੱਤਾ ਛੱਡੋ ਮਾਨ ਸਰਕਾਰ।” ਸਦਨ ਨੇ ਮੁੱਖ ਮੰਤਰੀ ਦੇ ਕਥਿਤ ਤੌਰ ‘ਤੇ ਨਸੇ ਦੀ ਹਾਲਤ ਵਿੱਚ ਵਿਧਾਨ ਸਭਾ ਵਿੱਚ ਆਉਣ ਦੀ ਨਿੰਦਾ ਕਰਦਿਆਂ ਉਨ੍ਹਾਂ ਦੇ ਬੇਭਰੋਸਗੀ ਦੀ ਵੀ ਮੰਗ ਕੀਤੀ। ਪ੍ਰਸਤਾਵ ਪੇਸ ਕਰਦਿਆਂ ਭਾਜਪਾ ਪੰਜਾਬ ਦੇ ਵਰਕਿੰਗ ਪ੍ਰਧਾਨ ਅਤੇ ਪਠਾਨਕੋਟ ਤੋਂ ਵਿਧਾਇਕ ਅਸਵਨੀ ਸਰਮਾ ਨੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ, “ਸਰਕਾਰ ਨੂੰ ਹਾਈਕੋਰਟ ਦੇ ਹੁਕਮਾਂ ਦੀ ਕੋਈ ਪਰਵਾਹ ਨਹੀਂ ਰਹੀ ਅਤੇ ਇਹ ਕਰਮਚਾਰੀ ਵਿਰੋਧੀ ਬਣ ਚੁੱਕੀ ਹੈ।” ਉਨ੍ਹਾਂ ਦੋਸ ਲਗਾਇਆ ਕਿ ਗੈਂਗਸਟਰਵਾਦ, ਡਰੱਗਸ ਕਾਰਨ ਮੌਤਾਂ ਅਤੇ ਕਾਨੂੰਨ-ਵਿਵਸਥਾ ਵਰਗੇ ਗੰਭੀਰ ਮਸਲਿਆਂ ‘ਤੇ ਕੋਈ ਚਰਚਾ ਨਹੀਂ ਹੋ ਰਹੀ। ਉਨ੍ਹਾਂ ਕਿਹਾ, “ਆਪ ਦੀ ਰਾਜਨੀਤੀ ਝੂਠ ‘ਤੇ ਆਧਾਰਿਤ ਹੈ ਅਤੇ ਪੰਜਾਬ ਨੂੰ ਨਸਾ-ਮੁਕਤ ਬਣਾਉਣ ਦਾ ਵਾਅਦਾ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ ਹੈ।” ਅਰਵਿੰਦ ਕੇਜਰੀਵਾਲ ‘ਤੇ ਨਿਸਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਨੇਤ੍ਰਿਤਵ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ ਅਤੇ ਅਸਲੀ ਸਾਸਨ ਦੀਆਂ ਨਾਕਾਮੀਆਂ ਤੋਂ ਧਿਆਨ ਹਟਾ ਰਿਹਾ ਹੈ। ਘੰਟਿਆਂ ਚੱਲੀ ਚਰਚਾ ਦੇ ਸਮਾਪਨ ‘ਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦਾ ਵਿਧਾਨ ਸਭਾ ਵਿੱਚ ਨਸੇ ਦੀ ਹਾਲਤ ਵਿੱਚ ਆਉਣਾ “ਲੋਕਤੰਤਰ ਦਾ ਸਭ ਤੋਂ ਕਾਲਾ ਦਿਨ” ਹੈ। ਉਨ੍ਹਾਂ ਕਿਹਾ, “ਮੁੱਖ ਮੰਤਰੀ ਦੇ ਇਸ ਵਰਤਾਅ ਨੇ ਸੰਵਿਧਾਨਕ ਅਹੁਦੇ ਦੀ ਮਰਯਾਦਾ ਨੂੰ ਠੇਸ ਪਹੁੰਚਾਈ ਹੈ,” ਅਤੇ ਜੋੜਿਆ, “ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਲਈ ਯੋਗ ਨਹੀਂ ਹਨ।” ਅਰਵਿੰਦ ਕੇਜਰੀਵਾਲ ਤੋਂ ਕਾਰਵਾਈ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ, “ਪੰਜਾਬ ਨੂੰ ਬਚਾਓਤੁਹਾਡੀ ਅਗਵਾਈ ਹੇਠ ਇਹ ਰਾਜ ਏਟੀਐਮ ਬਣ ਕੇ ਰਹਿ ਗਿਆ ਹੈ।” ਭਾਜਪਾ



ਦੇ ਕੌਮੀ ਜਨਰਕ ਸਕੱਤਰ ਤਰੁਣ ਚੁੱਘ ਨੇ ਕੜੀ ਜਵਾਬਦੇਹੀ ਦੀ ਮੰਗ ਕਰਦਿਆਂ ਕਿਹਾ, “ਜੇ ਛੁਪਾਉਣ ਲਈ ਕੁਝ ਨਹੀਂ, ਤਾਂ ਨਾਰਕੋ ਟੈਸਟ ਤੋਂ ਡਰ ਕਿਉਂ?” ਉਨ੍ਹਾਂ ਦੋਸ ਲਗਾਇਆ ਕਿ ਮਜਦੂਰਾਂ ਦੀ ਅਣਦੇਖੀ ਹੋ ਰਹੀ ਹੈ ਅਤੇ ਕਿਹਾ, “ਕਾਮਗਾਰਾਂ ਨੂੰ ਵਾਅਦੇ ਅਨੁਸਾਰ ਰੋਜਗਾਰ ਦਾ ਸਿਰਫ ਥੋੜ੍ਹਾ ਹਿੱਸਾ ਹੀ ਮਿਲ ਰਿਹਾ ਹੈ, ਜਦਕਿ ਸਰਕਾਰ ਕੇਂਦਰ ਦੀਆਂ ਯੋਜਨਾਵਾਂ ਦਾ ਸਹੀ ਤਰੀਕੇ ਨਾਲ ਲਾਭ ਲੈਣ ਵਿੱਚ ਨਾਕਾਮ ਰਹੀ ਹੈ।” ਉਨ੍ਹਾਂ ਅੱਗੇ ਕਿਹਾ, “ਵਿੱਤੀ ਕੁਪ੍ਰਬੰਧਨ, ਅਦਾਲਤੀ ਹੁਕਮਾਂ ਦੀ ਅਣਦੇਖੀ ਅਤੇ ਮੀਡੀਆ ਦੀ ਆਵਾਜ ਨੂੰ ਦਬਾਉਣਾ ਇਸ ਸਰਕਾਰ ਦੀ ਪਛਾਣ ਬਣ ਚੁੱਕੀ ਹੈ।” ਐਨ.ਸੀ.ਐਸ.ਸੀ. ਦੇ ਸਾਬਕਾ ਚੇਅਰਮੈਨ ਵਿਜੈ ਸਾਂਪਲਾ ਨੇ ਕਿਹਾ, “ਅਨੁਸੂਚਿਤ ਜਾਤੀਆਂ ਨਾਲ ਕੀਤਾ ਗਿਆ ਇੱਕ ਵੀ ਵੱਡਾ ਵਾਅਦਾ ਪੂਰਾ ਨਹੀਂ ਹੋਇਆ।” ਭਾਜਪਾ ਦੇ ਰਾਸਟਰੀ ਸੰਸਦੀ ਬੋਰਡ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਜੋਰ ਦੇ ਕੇ ਕਿਹਾ, “ਸਿੱਖ ਭਾਵਨਾਵਾਂ ਦਾ ਸਤਿਕਾਰ ਸਿਰਫ ਪ੍ਰਤੀਕਾਤਮਕਤਾ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ।” ਰਾਜਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਆਰਥਿਕ ਮਸਲਿਆਂ ‘ਤੇ ਚਿੰਤਾ ਜਤਾਈ ਅਤੇ ਕਿਹਾ, “ਅਸੀਂ ਇੱਕ ਵਿਰੋਧਾਭਾਸ ਦਾ ਸਾਹਮਣਾ ਕਰ ਰਹੇ ਹਾਂਇੱਕ ਪਾਸੇ ਬੇਰੋਜਗਾਰੀ ਹੈ ਅਤੇ ਦੂਜੇ ਪਾਸੇ ਪ੍ਰਸਿ਼ਖਿਤ ਮਨੁੱਖੀ ਸੰਸਾਧਨਾਂ ਦੀ ਘਾਟ,” ਅਤੇ ਲੰਬੇ ਸਮੇਂ ਵਾਲੀਆਂ ਵਿਕਾਸ ਨੀਤੀਆਂ ਦੀ ਲੋੜ ‘ਤੇ ਜੋਰ ਦਿੱਤਾ।